ੴ ਵਾਹਿਗੁਰੂ ਜੀ ਕੀ ਫਤਹਿ ॥


44

ਜੀਵਨ ਗਾਥਾ ਤੇ ਸਿਧਾਂਤ

# ਸ੍ਰੀ ਗੁਰੂ ਨਾਨਕ ਦੇਵ ਜੀ

Life sketch & teachings of

## SRI GURU NANAK DEV JI



ਸਿੱਖ ਮਿਸ਼ਨਰੀ ਕਾਲਜ (ਰਜਿ.)

ਲੁਧਿਆਣਾ

15 ਰੁਪਏ

# ਤਤਕਰਾ


1. ਆਦਿ ਕਥਨ 3

2. ਗੁਰੂ ਨਾਨਕ ਆਗਮਨ ਸਮੇਂ ਦੀ ਧਾਰਮਕ ਦਸ਼ਾ 7

3. ਗੁਰੂ ਨਾਨਕ ਆਗਮਨ ਸਮੇਂ ਦੀ ਸਮਾਜਕ ਦਸ਼ਾ 15

4. ਗੁਰੂ ਨਾਨਕ ਆਗਮਨ ਸਮੇਂ ਦੀ ਰਾਜਸੀ ਦਸ਼ਾ 23

5. ਤਲਵੰਡੀ ਵਿਚ (ਪ੍ਰਕਾਸ਼, ਵਿਦਿਆ ਪ੍ਰਾਪਤੀ, ਜਨੇਊ ਦੀ ਰਸਮ, ਵਿਆਹ ਅਤੇ ਸੰਤਾਨ, ਕਾਰ ਵਿਹਾਰ, ਕੀਰਤਨ ਨਾਲ ਪਿਆਰ) 29

6. ਸੁਲਤਾਨਪੁਰ ਵਿਚ (ਨਿੱਤ ਦੀ ਕਿਰਿਆ, ਬ੍ਰਾਹਮਣ ਦੀ ਧੀ ਦਾ ਵਿਆਹ, ਬਾਬਾ ਦੇਖੈ ਧਿਆਨ ਧਰ, ਚੜਿਆ ਸੋਧਣ ਧਰਤ ਲੁਕਾਈ) 31

7. ਪਹਿਲੀ ਉਦਾਸੀ (ਤਲਵੰਡੀ, ਐਮਨਾਬਾਦ, ਹਰਿਦੁਆਰ, ਗੋਰਖ ਮਤਾ, ਅਜੁਧਿਆ, ਪ੍ਰਯਾਗ, ਬਨਾਰਸ, ਗਇਆ, ਗੋਹਾਟੀ, ਢਾਕਾ, ਜਗੰਨਨਾਥਪੁਰੀ, ਕੌਡਾ ਭੀਲ, ਪਾਲੀਪੁਰ, ਰਾਮੇਸ਼੍ਰਮ, ਸਿੰਗਲਾਦੀਪ, ਬੰਬਈ, ਰਾਜਸਥਾਨ, ਮਥਰਾ, ਦਿੱਲੀ, ਕੁਰੂਖੇਤਰ, ਤਲਵੰਡੀ, ਪਰਿਵਾਰ ਨਾਲ ਮਿਲਾਪ, ਕਰਤਾਰਪੁਰ ਵਸਾਇਆ) 39

8. ਦੂਜੀ ਉਦਾਸੀ (ਸੁਮੇਰ ਪਰਬਤ, ਸਿੱਕਮ ਤੇ ਤਿਬੱਤ, ਕਸ਼ਮੀਰ, ਸ਼੍ਰੀਨਗਰ, ਮਟਨ ਸਾਹਿਬ, ਅਮਰਨਾਥ, ਵੈਸ਼ਨੋਦੇਵੀ, ਜੰਮੂ, ਸਿਆਲਕੋਟ, ਪਸਰੂਰ) 58

9. ਤੀਜੀ ਉਦਾਸੀ (ਪਾਕਪਟਨ, ਤੁਲੰਭਾ, ਮੱਕੇ ਵਲ, ਮਦੀਨਾ, ਬਗਦਾਦ, ਹਸਨ ਅਬਦਾਲ, ਪੰਜਾ ਸਾਹਿਬ, ਸੈਦਪੁਰ, ਕਰਤਾਰਪੁਰ) 64

10. ਉਦਾਸੀਆਂ ਦੇ ਮਗਰੋਂ (ਅਚਲ ਵਟਾਲਾ, ਮੁਲਤਾਨ ਤੇ ਸਿਆਲਕੋਟ, ਬਾਬਾ ਬੁਢਾ ਜੀ ਨਾਲ ਮਿਲਾਪ, ਮਾਤਾ ਪਿਤਾ ਦੇ ਦੇਹਾਂਤ, ਭਾਈ ਮਰਦਾਨਾ ਜੀ ਦਾ ਦੇਹਾਂਤ, ਭਾਈ ਲਹਿਣਾ ਜੀ ਨੂੰ ਗੁਰਿਆਈ) 73

11. ਗੁਰੂ ਨਾਨਕ ਦੇਵ ਜੀ ਦੀ ਬਾਣੀ (ਬਾਣੀ ਦਾ ਵੇਰਵਾ) 80

12. ਗੁਰੂ ਨਾਨਕ ਸਾਹਿਬ ਦੇ ਧਰਮ ਸਿਧਾਂਤ 83

(ੳ) ਅਧਿਆਤਮਕ ਵਿਚਾਰਧਾਰਾ 84

*(i)* ਮਨੁੱਖਾ ਜੀਵਨ ਦਾ ਮਕਸਦ

*(ii)* ਪ੍ਰਭੂ ਦੀ ਪਛਾਣ-ਸਰੂਪ

*(iii)* ਪ੍ਰਭੂ ਦਾ ਨਿਰਗੁਣ ਤੇ ਸਰਗੁਣ ਸਰੂਪ

*(iv)* ਪ੍ਰਭੂ ਤੋਂ ਵਿੱਥ ਕਿਉਂ ?

*(v)* ਮਾਇਆ ਦੇ ਹਥਿਆਰ ਪੰਜ ਵਿਕਾਰ

*(vi)* ਪ੍ਰਭੂ ਤੋਂ ਮਿਹਰ ਦੀ ਯਾਚਨਾ

*(vii)* ਗੁਰੂ ਨਾਨਕ ਦਾ ਭਗਤੀ ਮਾਰਗ

*(viii)* ਪੁਰਾਤਨ ਧਾਰਮਕ ਵਿਸ਼ਵਾਸਾਂ ਬਾਰੇ ਸਤਿਗੁਰਾਂ ਦਾ ਰਾਇ

(ਅ) ਸਮਾਜਕ ਵੀਚਾਰਧਾਰਾ 100

*(i)*ਸਭ ਮਨੁੱਖ ਬਰਾਬਰ ਹਨ

*(ii)* ਨਿਰਭਉ ਤੇ ਨਿਰਵੈਰਤਾ ਦਾ ਵਿਸ਼ਵਾਸ

*(iii)* ਰਿਸ਼ਵਤ ਵਢੀਖੋਰ ਦਾ ਵਿਰੋਧ

*(iv)* ਇਸਤਰੀ ਪੁਰਖ ਦੇ ਸਬੰਧ

*(v)* ਇਸਤਰੀ ਦੀ ਸਮਾਜ ਵਿਚ ਸਨਮਾਨਯੋਗ ਥਾਂ

*(vi)* ਰੁਪਏ ਪੈਸੇ ਦੀ ਸਾਵੀਂ ਵੰਡ

*(vii)* ਸਾਧ ਸੰਗਤ ਤੇ ਸੇਵਾ

(ੲ) ਰਾਜਨੀਤਕ ਵੀਚਾਰਧਾਰਾ 104

13. ਨਾਨਕ ਨਿਰਮਲ ਪੰਥ ਚਲਾਇਆ (ਵੱਖ ਵੱਖ ਵਿਦਵਾਨਾਂ ਦੇ ਗੁਰੂ ਜੀ ਬਾਰੇ ਵੀਚਾਰ) 107

# ਆਦਿ ਕਥਨ

ਗੁਰੂ ਨਾਨਕ ਸਾਹਿਬ ਸਿੱਖ ਧਰਮ ਦੇ ਬਾਨੀ (ਜਨਮ ਦਾਤਾ) ਸਨ। ਉਨ੍ਹਾਂ ਨੇ ਜੋ ਆਦਰਸ਼ਕ ਜੀਵਨ-ਫਲਸਫ਼ਾ ਮਨੁੱਖਤਾ ਨੂੰ ਦਿਤਾ, ਉਸਨੂੰ ਅੱਜ ਅਸੀਂ 'ਸਿੱਖ ਧਰਮ' ਕਹਿੰਦੇ ਹਾਂ। ਇਹ ਧਰਮ ਸਭ ਤੋਂ ਵਧ ਜ਼ੋਰ ਇਕ ਅਕਾਲ ਪੁਰਖ ਦੀ ਭਗਤੀ (ਨਾਮ ਸਿਮਰਨ) ਕਰਨ ਉਤੇ ਦਿੰਦਾ ਹੈ ਅਤੇ ਮਨੁੱਖ ਨੂੰ ਨਿਰਾਰਥਕ ਵਿਸ਼ਵਾਸਾਂ ਅਤੇ ਕਰਮ-ਕਾਂਡਾਂ ਨੂੰ ਤਿਆਗ ਕੇ ਉਚੇ ਸੁੱਚੇ ਧਾਰਮਿਕ ਅਤੇ ਸਦਾਚਾਰਕ ਗੁਣ ਧਾਰਨ ਕਰਕੇ ਆਚਰਨ ਨੂੰ ਪਾਕ-ਪਵਿਤਰ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਇਸਦਾ ਕਾਰਜ-ਖੇਤਰ ਕੇਵਲ ਪਾਠ-ਪੂਜਾ ਤੱਕ ਹੀ ਸੀਮਿਤ ਨਹੀਂ ਹੈ; ਸਗੋਂ ਇਸਦਾ ਮਨੋਰਥ ਤਾਂ ਮਨੁੱਖ ਨੂੰ ਉਸਦੇ ਸਭ ਜੀਵਨ-ਖੇਤਰਾਂ—ਧਾਰਮਕ, ਸਮਾਜਕ, ਆਰਥਕ ਤੇ ਰਾਜਨੀਤਕ ਆਦਿ ਵਿਚ ਠੀਕ ਸੇਧ ਦੇਣਾ ਹੈ। ਆਪਣੇ ਇਸ ਮੌਲਿਕ ਤੇ ਸੁਤੰਤਰ ਧਰਮ ਨੂੰ ਪ੍ਰਚਾਰਨ ਲਈ ਗੁਰੂ ਨਾਨਕ ਸਾਹਿਬ ਨੂੰ ਉਸ ਸਮੇਂ ਦੇ ਪਰਚਲਤ ਧਰਮਾਂ ਦੇ ਆਗੂਆਂ—ਬ੍ਰਾਹਮਣਾ, ਕਾਜ਼ੀਆਂ, ਯੋਗੀਆਂ ਅਤੇ ਰਾਜਨੀਤਕ ਨੇਤਾਵਾਂ ਦਾ ਵਿਰੋਧ ਵੀ ਸਹਿਨ ਕਰਨਾ ਪਿਆ ਕਿਉਂਕਿ ਗੁਰੂ ਜੀ ਨੇ ਉਨ੍ਹਾਂ ਦੇ ਗਲਤ ਵਿਸ਼ਵਾਸਾਂ ਅਤੇ ਗਲਤ ਕੰਮਾਂ ਦਾ ਬੜੀ ਦਲੇਰੀ ਅਤੇ ਨਿਡਰਤਾ ਨਾਲ ਖੰਡਨ ਕੀਤਾ ਸੀ।

ਗੁਰੂ ਸਾਹਿਬ ਨੇ ਸੰਸਾਰ ਨੂੰ ਕੇਵਲ ਇਕ ਨਵੀਂ ਵਿਚਾਰਧਾਰਾ ਹੀ ਨਹੀਂ ਦਿਤੀ, ਸਗੋਂ ਇਸ ਵਿਚਾਰਧਾਰਾ ਦੇ ਪਰਚਾਰ ਅਤੇ ਪ੍ਰਸਾਰ ਦਾ ਪ੍ਰਬੰਧ ਵੀ ਕੀਤਾ। ਉਹ ਆਪਣੀ ਵਿਚਾਰਧਾਰਾ ਨੂੰ ਪਰਚਾਰਨ ਹਿੱਤ ਉਮਰ ਭਰ ਜਤਨਸ਼ੀਲ ਰਹੇ। ਉਨ੍ਹਾਂ ਨੇ ਸਾਰੇ ਹਿੰਦੋਸਤਾਨ, ਇਸਦੇ ਨਾਲ ਲਗਦੇ ਇਲਾਕਿਆਂ ਅਤੇ ਅਰਬ ਤੀਕ ਜਾ ਕੇ ਗੁਰਮਤਿ ਦਾ ਪਰਚਾਰ ਕੀਤਾ। ਇਸੇ ਵਿਚਾਰਧਾਰਾ ਨੂੰ ਜੀਉਂਦਾ ਰੱਖਣ ਅਤੇ ਇਸਦੇ ਵਧਣ ਫੁਲਣ ਲਈ ਉਨ੍ਹਾਂ ਨੇ 'ਸੰਗਤਾਂ' ਥਾਪੀਆਂ ਅਤੇ ਪਰਚਾਰਕ ਨੀਯਤ ਕੀਤੇ। ਇਸੇ ਲਈ ਹੀ ਗੁਰਗੱਦੀ-ਪ੍ਰਥਾ ਨੂੰ ਜਾਰੀ ਕੀਤਾ, ਉਨ੍ਹਾਂ ਤੋਂ ਮਗਰਲੇ ਨੌਂ ਗੁਰੂ ਸਾਹਿਬ ਵੀ ਇਸੇ ਮੱਤ ਦਾ ਪਰਚਾਰ ਅਤੇ ਪਰਸਾਰ ਕਰਦੇ ਰਹੇ। ਦਸਮ ਪਾਤਸ਼ਾਹ ਦੇ ਸਮੇਂ 'ਸੰਗਤਾਂ' ਨੂੰ ਹੀ 'ਸਿੱਖ-ਪੰਥ' ਦਾ ਰੂਪ ਦਿਤਾ ਗਿਆ ਅਤੇ ਦਸਮੇਸ਼ ਜੀ ਨੇ ਸਿਖ-ਪੰਥ ਨੂੰ ਹੁਕਮ ਕੀਤਾ ਕਿ ਉਹ ਉਨ੍ਹਾਂ ਦੇ ਮਗਰੋਂ 'ਗੁਰੂ ਨਾਨਕ ਵਿਚਾਰਧਾਰਾ' ਉਤੇ ਪਹਿਰਾ ਦੇਵੇ। ਸਿੱਖਾਂ ਨੇ ਇਸ ਫ਼ਰਜ਼ ਨੂੰ ਬੜੀ ਖ਼ੂਬੀ ਨਾਲ ਨਿਭਾਇਆ—ਭਾਵੇਂ ਇਸ ਕੰਮ ਦੀ ਖ਼ਾਤਰ ਅਨੇਕਾਂ ਕੁਰਬਾਨੀਆਂ ਵੀ ਦੇਣੀਆਂ ਪਈਆਂ। ਕੁਝ ਅਰਸੇ ਤੋਂ ਭਾਵੇਂ ਸਿਖਾਂ ਨੇ ਆਪਣਾ ਇਹ ਫ਼ਰਜ਼ ਵਿਸਾਰ ਦਿਤਾ ਹੈ, ਪਰ ਫਿਰ ਵੀ ਇਸ ਸਮੇਂ ਕੁਝ ਸਰਗਰਮ ਧਰਮ-ਪਰਚਾਰਕ ਸੰਸਥਾਵਾਂ ਦਾ ਮੈਦਾਨ ਵਿਚ ਨਿਤਰਨਾ, ਇਸ ਗੱਲ ਦਾ ਸਬੂਤ ਹੈ ਕਿ ਸਿਖਾਂ ਅੰਦਰ ਧਰਮ

ਦੇ ਪਰਚਾਰ ਅਤੇ ਪਰਸਾਰ ਦਾ ਅਹਿਸਾਸ ਮੁੜ ਤੋਂ ਜਾਗ ਰਿਹਾ ਹੈ। ਪਰ ਅੱਜ ਸਿੱਖ ਧਰਮ ਦਾ ਪਰਚਾਰ ਕਰਨ ਸਮੇਂ ਇੱਕ ਵੱਡੀ ਔਕੜ ਉਠ ਖੜ੍ਹੋਂਦੀ ਹੈ। ਉਹ ਹੈ ਸਿੱਖ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਬਾਰੇ ਪੰਥ-ਪ੍ਰਵਾਣਿਤ ਪੁਸਤਕਾਂ ਦੀ ਘਾਟ। ਸਿੱਖ ਵਿਚਾਰਧਾਰਾ ਦੇ ਵੱਖ ਵੱਖ ਪੱਖਾਂ ਉਤੇ ਵੱਖ ਵੱਖ ਵਿਦਵਾਨਾਂ ਦੀ ਅਡਰੀ ਅਡਰੀ ਰਾਇ ਹੈ। ਇਨ੍ਹਾਂ ਵਿਦਵਾਨਾਂ ਨੇ ਗੁਰਮਤਿ ਵਿਚਾਰਧਾਰਾ ਨੂੰ ਸਪੱਸ਼ਟ ਕਰਕੇ ਪੇਸ਼ ਕਰਨ ਦੀ ਥਾਂ ਉਤੇ ਗੁਰਮਤਿ-ਸਿਧਾਂਤਾਂ ਨੂੰ ਧੁੰਧਲਾ ਜਿਹਾ ਬਣਾ ਦਿਤਾ ਹੈ। ਗੁਰਮਤਿ ਨੂੰ ਇਕ ਸੁਤੰਤਰ ਧਰਮ ਦੇ ਰੂਪ ਵਿਚ ਪੇਸ਼ ਕਰਨ ਦੀ ਥਾਂ ਉਤੇ, ਇਸਨੂੰ ਅਨ ਧਰਮਾਂ—ਵੇਦਾਂਤ ਤੇ ਇਸਲਾਮ ਆਦਿ ਦੇ ਝਰੋਖੇ ਵਿਚੋਂ ਵੇਖ ਕੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਵੱਖ ਵੱਖ ਢੰਗਾਂ ਨਾਲ ਕੀਤੀ ਜਾਂਦੀ ਰਹੀ ਹੈ। ਇਸਦਾ ਕਾਰਨ ਲੇਖਕਾਂ ਵਿਚ ਗੁਰਬਾਣੀ-ਅਰਥਾਂ ਦੀ ਸਹੀ ਸੂਝ ਦੀ ਕਮੀ ਹੈ। ਅਰਥ ਕਰਨ ਵਾਲੇ ਵੀ ਵੇਦਾਂਤ, ਬ੍ਰਾਹਮਣੀ, ਇਸਲਾਮੀ ਅਤੇ ਕਮਿਊਨਿਸਟ ਵਿਚਾਰਾਂ ਦੇ ਪ੍ਰਭਾਵ ਹੇਠ ਮਨਮਰਜ਼ੀ ਦੇ ਅਰਥ ਕਰੀ ਜਾਂਦੇ ਹਨ। ਇੰਝ ਕੁਝ ਕੁ ਸਾਧਾਂ, ਉਦਾਸੀਆਂ, ਨਿਰਮਲਿਆਂ ਅਤੇ ਪ੍ਰੋਫੈਸਰਾਂ ਨੇ ਕਈ ਤਰ੍ਹਾਂ ਦੀ "ਗੁਰਮਤਿ" ਪੇਸ਼ ਕਰ ਦਿਤੀ ਹੈ।

ਅਜਿਹਾ ਹੀ ਹਾਲ ਸਿੱਖ ਇਤਿਹਾਸ ਦਾ ਹੈ। ਅਸੀਂ ਆਪਣੇ 500 ਸਾਲ ਪੁਰਾਣੇ ਇਤਿਹਾਸ ਨੂੰ ਸਾਂਭਣ ਵਿਚ ਵੀ ਅਸਮਰਥ ਰਹੇ ਹਾਂ। ਲੇਖਕਾਂ ਵਿਚ ਇਤਿਹਾਸਕ ਤੱਥਾਂ ਬਾਰੇ ਬਹੁਤ ਮਤਭੇਦ ਪਾਏ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦੀ ਜਨਮ-ਤਰੀਕ ਤੋਂ ਲੈ ਕੇ ਦਸਮ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਬਾਰੇ ਲੇਖਕਾਂ ਦੀ ਭਿੰਨ ਭਿੰਨ ਰਾਏ ਹੈ। ਪੁਰਾਣੇ ਲਿਖਾਰੀਆਂ ਨੇ ਇਤਿਹਾਸ ਨੂੰ ਪੌਰਾਣਕ ਰੰਗਣ ਦੇ ਕੇ 'ਮਿਥਿਹਾਸ ਜਿਹਾ' ਬਣਾ ਦਿਤਾ ਹੈ। ਗੁਰੂ ਸਾਹਿਬਾਨ ਦੀ ਸ਼ਖਸੀਅਤ ਨੂੰ ਉਘਾੜਨ ਦੀ ਥਾਂ ਉਤੇ ਉਨ੍ਹਾਂ ਨੂੰ ਬ੍ਰਾਹਮਣੀ ਦੇਵਤਿਆਂ ਦੀ ਸ਼ਕਲ ਵਿਚ ਪੇਸ਼ ਕੀਤਾ ਗਿਆ ਹੈ। ਇੰਝ ਗੁਰੂ ਸਾਹਿਬਾਨ ਦੀ ਉਹ ਸ਼ਖਸੀਅਤ ਜਿਹੜੀ ਪੁਰਾਣੇ ਇਤਿਹਾਸ ਵਿਚੋਂ ਪ੍ਰਗਟ ਹੁੰਦੀ ਹੈ, ਅਤੇ ਜਿਹੜੀ ਗੁਰਬਾਣੀ ਵਿਚੋਂ ਪ੍ਰਗਟ ਹੁੰਦੀ ਹੈ, ਉਸ ਵਿਚ ਬਹੁਤ ਅੰਤਰ ਹੈ। ਮੁਸਲਮਾਨ ਲਿਖਾਰੀਆਂ ਨੇ ਜਾਣ-ਬੁੱਝ ਕੇ, ਈਰਖਾ-ਵੱਸ, ਸਿੱਖ ਇਤਿਹਾਸ ਨੂੰ ਵਿਗਾੜ ਕੇ ਲਿਖਿਆ ਹੈ। ਵਿਦੇਸ਼ੀ ਇਤਿਹਾਸਕਾਰਾਂ ਨੇ ਸਾਡੇ ਪੁਰਾਣੇ ਗ੍ਰੰਥਾਂ ਅਤੇ ਮੁਸਲਮਾਨ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਅਨੁਸਾਰ ਹੀ ਸਿੱਖ ਇਤਿਹਾਸ ਨੂੰ ਕਲਮਬੰਦ ਕੀਤਾ ਹੈ।

ਗੁਰੂ ਨਾਨਕ ਸਾਹਿਬ ਦੇ ਜੀਵਨ ਉਤੇ ਵਿਚਾਰ ਕਰਨ ਲਗਿਆਂ ਵੀ ਪ੍ਰਮਾਣਿਕ ਇਤਿਹਾਸ ਦੀ ਘਾਟ ਬਹੁਤ ਮਹਿਸੂਸ ਹੁੰਦੀ ਹੈ। ਜਨਮ ਸਾਖੀਆਂ, ਸੂਰਜ ਪ੍ਰਕਾਸ਼, ਮਹਿਮਾ ਪ੍ਰਕਾਸ਼ ਇਤਿਆਦਕ ਪ੍ਰਾਚੀਨ ਗਰੰਥਾਂ ਵਿਚ ਗੁਰੂ ਜੀ ਦੇ ਜੀਵਨ ਨੂੰ ਬਹੁਤ ਹੀ ਜ਼ਿਆਦਾ ਪੌਰਾਣਕ ਰੰਗਣ ਦਿਤੀ ਗਈ ਹੈ, ਗੁਰੂ ਸਾਹਿਬ ਨੂੰ ਇਕ ਇਤਿਹਾਸਕ ਲੋਕ ਆਗੂ ਪ੍ਰਗਟ ਕਰਨ ਦੀ ਥਾਂ ਇਕ ਪੌਰਾਣਿਕ ਦੇਵਤੇ

ਦੇ ਤੌਰ ਤੇ ਜਾਂ ਇਸਲਾਮਿਕ ਪੀਰ ਦੇ ਤੌਰ ਤੇ ਪੇਸ਼ ਕੀਤਾ ਹੈ। ਕੁਝ ਜਨਮ ਸਾਖੀਆਂ (ਮਿਹਰਬਾਨ ਵਾਲੀ ਜਨਮ ਸਾਖੀ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਆਦਿ) ਤਾਂ ਗੁਰੂ-ਘਰ ਦੇ ਵਿਰੋਧੀਆਂ ਵਲੋਂ ਲਿਖੀਆਂ ਲਿਖਾਈਆਂ ਗਈਆਂ ਸਨ, ਜਿਨ੍ਹਾਂ ਵਿਚ ਗੁਰੂ ਜੀ ਦੀ ਸ਼ਖਸੀਅਤ ਨੂੰ ਜਾਣ ਬੁੱਝ ਕੇ ਗਲਤ ਰੰਗਣ ਵਿਚ ਪੇਸ਼ ਕੀਤਾ ਗਿਆ ਹੈ। (ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ ਅਜਿਹੀਆਂ ਕੁਝ ਸਾਖੀਆਂ ਸਿੱਖਾਂ ਦੇ ਡਰ ਕਾਰਨ ਪ੍ਰਕਾਸ਼ਕਾਂ ਨੇ ਕੱਢ ਦਿਤੀਆਂ ਹਨ)। ਗੁਰੂ ਸਾਹਿਬ ਦੇ ਜੀਵਨ ਅਤੇ ਫਲਸਫ਼ੇ ਬਾਰੇ ਜੋ ਸਾਹਿਤ ਅਜੇ ਤੀਕ ਛਪਿਆ ਹੈ, ਉਸ ਵਿਚ ਵਿਰੋਧਾ-ਭਾਵ ਬਹੁਤ ਹੈ। ਅਜੇ ਤੀਕ ਸਾਰੇ ਸਿੱਖ, ਗੁਰੂ ਪਾਤਸ਼ਾਹ ਦੀ ਜਨਮ-ਤਰੀਕ ਬਾਰੇ ਇੱਕ-ਮੱਤ ਨਹੀਂ ਹੋ ਸਕੇ। ਉਨ੍ਹਾਂ ਨੇ ਧਰਮ ਪਰਚਾਰ ਲਈ ਕੁਲ ਕਿੰਨੀਆਂ ਜਗਤ-ਫੇਰੀਆਂ (ਉਦਾਸੀਆਂ) ਲਾਈਆਂ ਅਤੇ ਕਿਹੜੀ ਜਗਤ-ਫੇਰੀ ਵਿਚ ਕਿਹੜੇ ਕਿਹੜੇ ਇਲਾਕੇ ਵਿਚ ਗਏ—ਇਸ ਬਾਰੇ ਵੀ ਮਤਭੇਦ ਮੌਜੂਦ ਹਨ। ਉਨ੍ਹਾਂ ਦੇ ਜੋਤੀ ਜੋਤ ਸਮਾਉਣ ਬਾਰੇ ਕਈ ਵਿਦਵਾਨਾਂ ਦੀ ਰਾਏ ਇਹ ਹੈ ਕਿ ਉਨ੍ਹਾਂ ਦਾ ਦੇਹਾਂਤ ਸਾਧਾਰਨ ਮਨੁੱਖਾਂ ਵਾਂਗ ਹੀ ਹੋਇਆ ਸੀ; ਪਰ ਕਈ ਪੁਰਾਤਨ-ਪੰਥੀ ਕਹਿ ਰਹੇ ਹਨ ਕਿ ਗੁਰੂ ਜੀ ਸਣਦੇਹੇ ਹੀ 'ਅਕਾਲ ਪੁਰਖ ਦੇ ਦੇਸ' ਨੂੰ ਗਏ ਸਨ।

ਇਤਿਹਾਸਕ ਘਟਨਾਵਾਂ ਦੀ ਗੱਲ ਤਾਂ ਛੱਡੋ, ਗੁਰੂ ਸਾਹਿਬ ਦੀ ਸ਼ਖਸੀਅਤ ਅਤੇ ਵਿਚਾਰਧਾਰਾ ਸੰਬੰਧੀ 'ਵਿਦਵਾਨਾਂ' ਨੇ ਸਖਤ ਮਤਭੇਦ ਖੜ੍ਹੇ ਕੀਤੇ ਹੋਏ ਹਨ। ਕੁਝ ਵਿਦਵਾਨ ਤਾਂ ਗੁਰੂ ਜੀ ਨੂੰ ਇਸਲਾਮ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ ਦਸਦੇ ਹਨ, ਕੁਝ ਵੇਦਾਂਤ ਤੋਂ ਅਤੇ ਕਈ ਉਨ੍ਹਾਂ ਨੂੰ ਸੂਫੀ ਸੰਤਾਂ ਤੋਂ ਪ੍ਰਭਾਵਿਤ ਦਸਦੇ ਹਨ, ਕਈ ਉਨ੍ਹਾਂ ਨੂੰ ਭਗਤੀ ਲਹਿਰ ਤੋਂ ਪ੍ਰਭਾਵਿਤ ਹੋਇਆ ਕੇਵਲ ਇਕ ਭਗਤ ਹੀ ਮੰਨਦੇ ਹਨ।

ਭਾਵੇਂ ਸਤਿਗੁਰਾਂ ਨੇ ਆਪਣੀ ਬਾਣੀ ਵਿਚ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਗੁਰੂ ਤਾਂ ਕੇਵਲ ਇਕ ਅਕਾਲਪੁਰਖ ਹੈ, ਤਾਂ ਵੀ ਸਿੱਖ ਅਤੇ ਗੈਰ ਸਿੱਖ ਅਖੌਤੀ ਵਿਦਵਾਨਾਂ ਨੇ ਗੁਰੂ ਸਾਹਿਬ ਦੇ ਕਈ ਹੋਰ 'ਗੁਰੂਆਂ' ਦੀ 'ਖੋਜ' ਕੱਢ ਮਾਰੀ ਹੈ। ਸੰਤ ਰੇਣ, ਵਰਣ ਦੇਵਤਾ, ਭਗਤ ਕਬੀਰ ਜੀ, ਬਗਦਾਦ-ਵਾਸੀ ਮੁਰਾਦ ਆਦਿਕਾਂ ਨੂੰ ਵੱਖ-ਵੱਖ ਵਿਦਵਾਨ ਗੁਰੂ ਸਾਹਿਬ ਦਾ 'ਗੁਰੂ' ਦਸਦੇ ਰਹੇ ਹਨ।

ਇਥੇ ਹੀ ਬੱਸ ਨਹੀਂ ਗੁਰੂ ਜੀ ਦੇ ਨਾਮ ਉਤੇ ਕਈ ਅਜਿਹੀਆਂ ਰਚਨਾਵਾਂ ਵੀ ਪ੍ਰਚਲਿਤ ਰਹੀਆਂ ਹਨ, ਜੋ ਗੁਰੂ ਜੀ ਨੇ ਆਪ ਨਹੀਂ ਸਨ ਰਚੀਆਂ ਅਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਸ਼ਾਮਿਲ ਨਹੀਂ ਹਨ। ਇਨ੍ਹਾਂ ਵਿਚੋਂ ਕੁਝ ਕੁ ਰਚਨਾਵਾਂ ਹਨ—ਰਤਨਮਾਲਾ, ਨਸੀਹਤਨਾਮਾ, ਪੈਂਤੀਸ ਅਖਰੀ, ਪ੍ਰਾਨਸੰਗਲੀ ਅਤੇ 'ਜਿਤ ਦਰ ਲਖ ਮੁਹੰਮਦਾ' ਵਾਲਾ ਸ਼ਬਦ ਆਦਿ।

ਪਿਛਲੇ ਸਮੇਂ ਦੇ ਅਤੇ ਅੱਜ ਦੇ ਕੁਝ ਅਖੌਤੀ ਵਿਚਾਰਵਾਨ ਗੁਰੂ ਜੀ ਨੂੰ

ਨਿਰਾ ਸੁਧਾਰਕ ਹੀ ਮੰਨਦੇ ਹਨ; ਜਿਸ ਤੋਂ ਉਨ੍ਹਾਂ ਦੀ ਮੁਰਾਦ ਹੈ ਕਿ ਗੁਰੂ ਸਾਹਿਬ ਨੇ ਪਹਿਲਾਂ ਦੇ ਪ੍ਰਚਲਤ ਹਿੰਦੂ ਵਿਸ਼ਵਾਸਾਂ ਵਿਚ ਤੇ ਹਿੰਦੂ ਸਮਾਜ ਵਿਚ ਹੀ ਸੁਧਾਰ ਕੀਤਾ ਹੈ, ਤੇ ਉਨ੍ਹਾਂ ਨੇ ਸੰਸਾਰ ਨੂੰ ਕੋਈ ਨਵਾਂ ਮੱਤ (ਧਰਮ) ਨਹੀਂ ਦਿਤਾ। ਕੁਝ ਆਖਦੇ ਹਨ ਕਿ ਗੁਰੂ ਜੀ ਸਖਤ ਗਰਮ ਖਿਆਲਾਂ ਵਾਲੇ ਸੁਧਾਰਕ ਸਨ; ਕ੍ਰਾਂਤੀਕਾਰੀ ਨਹੀਂ ਸਨ। ਪਰ ਪ੍ਰਿੰਸੀਪਲ ਸਤਬੀਰ ਸਿੰਘ ਦੇ ਲਫ਼ਜ਼ਾਂ ਵਿਚ ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ — 'ਕੋਸੇ ਪਾਣੀ ਨਾਲ ਕਦੇ ਗੱਡੀਆਂ ਨਹੀਂ ਚਲਦੀਆਂ। ਗੱਡੀਆਂ ਤਾਂ ਭਾਫ (Steam) ਨਾਲ ਹੀ ਚਲਦੀਆਂ ਹਨ। ਨਵੇਂ-ਨਰੋਏ ਵਿਚਾਰ ਕੇਵਲ ਕੋਈ ਕ੍ਰਾਂਤੀਕਾਰੀ ਹੀ ਦੇ ਸਕਦਾ ਹੈ, ਵਿਚਕਾਰਲਾ ਰਸਤਾ ਫੜਨ ਵਾਲਾ ਸੁਧਾਰਕ ਨਹੀਂ।'

ਭਾ: ਕਾਨ੍ਹ ਸਿੰਘ ਜੀ ਨਾਭਾ, ਸ: ਖਜ਼ਾਨ ਸਿੰਘ, ਮੈਕਾਲਿਫ, ਭਾਈ ਵੀਰ ਸਿੰਘ ਅਤੇ ਅੱਜ ਦੇ ਕਈ ਭਾਰਤੀ ਅਤੇ ਪੱਛਮੀ ਵਿਦਵਾਨ ਗੁਰੂ ਨਾਨਕ ਪਾਤਿਸ਼ਾਹ ਨੂੰ ਕ੍ਰਾਂਤੀਕਾਰੀ (ਇਨਕਲਾਬੀ) ਗਿਣਦੇ ਹਨ। ਉਨ੍ਹਾਂ ਦੇ ਖਿਆਲਾਂ ਅਨੁਸਾਰ ਗੁਰੂ ਜੀ ਜਿਸ (ਹਿੰਦੂ) ਸਮਾਜ ਵਿਚ ਪੈਦਾ ਹੋਏ, ਉਸਦੇ ਧਾਰਮਕ ਵਿਸ਼ਵਾਸਾਂ ਨੂੰ ਤਿਆਗ ਕੇ, ਉਨ੍ਹਾਂ ਨੇ ਇਕ ਨਵੀਂ-ਨਰੋਈ ਵਿਚਾਰਧਾਰਾ ਸੰਸਾਰ ਨੂੰ ਦਿਤੀ ਅਤੇ ਇਕ ਨਵੇਂ ਸਮਾਜ ਦੀ ਨੀਂਹ ਰੱਖੀ। ਬ੍ਰਾਹਮਣੀ ਧਰਮ ਦੇ ਮੁੱਢਲੇ ਅਸੂਲਾਂ ਉਤੇ ਗੁਰੂ ਜੀ ਨੇ ਕਰੜੀ ਸੱਟ ਮਾਰੀ। ਇਹ ਵਿਚਾਰ ਹੀ ਅਸਲ ਵਿਚ ਸਹੀ ਵਿਚਾਰ ਹੈ। ਅਸੀਂ ਗੁਰੂ ਜੀ ਦੀ ਬਾਣੀ, ਉਨ੍ਹਾਂ ਦੇ (ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸਿੱਖ ਗੁਰੂਆਂ ਦੇ) ਜੀਵਨ-ਇਤਿਹਾਸ ਨੂੰ ਜਿਵੇਂ ਜਿਵੇਂ ਪੜ੍ਹਾਂਗੇ, ਤਿਵੇਂ ਤਿਵੇਂ ਸਾਡੇ ਵਿਚਾਰ ਵੀ ਇਹੋ ਜਿਹੇ ਹੀ ਬਣਦੇ ਜਾਣਗੇ ਕਿ ਗੁਰੂ ਜੀ ਨੇ ਆਪਣੀ ਵੱਖਰੀ ਵਿਚਾਰਧਾਰਾ (ਸਿੱਖ ਧਰਮ) ਸੰਸਾਰ ਨੂੰ ਦਿਤੀ ਅਤੇ ਇਕ ਨਵੀਂ ਕੌਮ ਦੀ ਨੀਂਹ ਰੱਖੀ।

ਗੁਰੂ ਨਾਨਕ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਸਮਝਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਦੇਸ਼ ਦੀ ਤਤਕਾਲੀਨ ਧਾਰਮਕ, ਸਮਾਜਕ ਅਤੇ ਰਾਜਨੀਤਕ ਦਸ਼ਾ ਉਤੇ ਇਕ ਝਾਤ ਮਾਰ ਲਈ ਜਾਵੇ। ਇਸ ਲਈ ਗੁਰੂ ਜੀ ਦਾ ਜੀਵਨ ਆਰੰਭ ਕਰਨ ਤੋਂ ਪਹਿਲਾਂ ਅਗਲੇ ਪੰਨਿਆਂ ਉਤੇ ਉਸ ਸਮੇਂ ਦੇ ਇਨ੍ਹਾਂ ਹਾਲਾਤਾਂ ਉਤੇ ਵਿਚਾਰ ਕੀਤੀ ਗਈ ਹੈ।

# ਗੁਰੂ ਨਾਨਕ ਆਗਮਨ ਸਮੇਂ ਦੀ ਧਾਰਮਕ ਦਸ਼ਾ

ਜਿਸ ਸਮੇਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ ਉਸ ਸਮੇਂ ਭਾਰਤ ਵਿਚ ਧਰਮਾਂ ਅਤੇ ਅਖੌਤੀ ਧਰਮੀ ਬੰਦਿਆਂ ਦੀ ਬਹੁਤ ਭਰਮਾਰ ਸੀ। ਤਿੰਨ ਕਿਸਮ ਦੇ ਧਾਰਮਕ ਆਗੂ ਵਧੇਰੇ ਪ੍ਰਸਿਧ ਸਨ—ਬ੍ਰਾਹਮਣ, ਕਾਜ਼ੀ ਅਤੇ ਯੋਗੀ। ਇਨ੍ਹਾਂ ਦੇ ਜੀਵਨ ਨੂੰ ਚੰਗੀ ਤਰ੍ਹਾਂ ਘੋਖਣ ਮਗਰੋਂ ਗੁਰੂ ਨਾਨਕ ਪਾਤਸ਼ਾਹ ਨੇ ਆਖਿਆ ਕਿ ਇਹ ਲੋਕੀਂ ਜੋ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਸਮਝਦੇ ਹਨ, ਇਹ ਅਸਲੋਂ ਧਰਮੀ ਨਹੀਂ ਹਨ, ਸਗੋਂ ਇਨ੍ਹਾਂ ਨੇ ਆਪਣੇ ਹਿੱਤਾਂ ਦੀ ਖਾਤਰ ਧਾਰਮਕ ਭੇਖ ਅਪਣਾ ਰੱਖੇ ਹਨ। ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਗੁਰਦੇਵ ਨੇ ਇਨ੍ਹਾਂ ਧਾਰਮਕ ਆਗੂਆਂ ਬਾਰੇ ਆਪਣਾ ਨਿਰਣਾ ਦਿਤਾ :

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ *(ਧਨਾਸਰੀ, ਮ: ੧, ਪੰਨਾ ੬੬੨)*

ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ,
ਅਗਦੁ ਪੜੈ ਸੈਤਾਨੁ ਵੇ ਲਾਲੋ॥ *(ਤਿਲੰਗ, ਮ: ੧, ਪੰਨਾ ੭੨੨)*

ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥
*(ਆਸਾ ਕੀ ਵਾਰ, ਮ: ੧, ਪੰਨਾ ੪੭੧)*

ਪੰਡਤਾਂ ਬਾਰੇ ਗੁਰੂ ਸਾਹਿਬ ਨੇ ਆਖਿਆ ਕਿ ਉਹ ਧਾਰਮਕ ਪੁਸਤਕਾਂ ਤਾਂ ਜ਼ਰੂਰ ਪੜ੍ਹਦੇ ਹਨ, ਪਰ ਉਨ੍ਹਾਂ ਵਿਚ ਕੀ ਲਿਖਿਆ ਹੋਇਆ ਹੈ, ਉਸ ਬਾਰੇ ਨਹੀਂ ਸੋਚਦੇ। ਲੋਕਾਂ ਕੋਲੋਂ ਪੈਸੇ ਝਾੜ੍ਹਨ ਲਈ ਹੀ ਉਹ ਧਾਰਮਕ ਪੁਸਤਕਾਂ ਦਾ ਪਾਠ ਕਰਦੇ ਹਨ :

ਪੰਡਿਤ ਵਾਚਹਿ ਪੋਥੀਆ, ਨਾ ਬੂਝਹਿ ਵੀਚਾਰੁ॥
ਅਨ ਕਉ ਮਤੀ ਦੇ ਚਲਹਿ, ਮਾਇਆ ਕਾ ਵਾਪਾਰੁ॥
*(ਸਿਰੀਰਾਗੁ, ਮ: ੧, ਪੰਨਾ ੫੬)*

ਪੰਡਤ ਸਵੇਰੇ-ਸ਼ਾਮ ਪੁਸਤਕਾਂ ਦਾ ਪਾਠ ਕਰਦੇ ਸਨ, ਮੂਰਤੀ ਪੂਜਾ ਕਰਦੇ ਸਨ, ਗਾਇਤ੍ਰੀ ਦਾ ਪਾਠ ਕਰਦੇ ਸਨ; ਗਲ ਵਿਚ ਮਾਲਾ, ਦੋ ਧੋਤੀਆਂ, ਮੱਥੇ ਉਤੇ ਤਿਲਕ ਧਾਰਨ ਕਰ ਕੇ ਧਰਮੀ ਹੋਣ ਦਾ ਵਿਖਾਵਾ ਕਰ ਰਹੇ ਸਨ। ਸਤਿਗੁਰਾਂ ਨੇ ਪੰਡਤਾਂ ਦੀਆਂ ਇਨ੍ਹਾਂ ਗੱਲਾਂ ਨੂੰ ਫੋਕਟ-ਕਰਮ (ਨਿਕੰਮੇ-ਕੰਮ) ਹੀ ਆਖਿਆ, ਜਿਨ੍ਹਾਂ ਦਾ ਪ੍ਰਭੂ ਦੀ ਪ੍ਰਾਪਤੀ ਨਾਲ ਕੋਈ ਸਬੰਧ ਨਹੀਂ ਸੀ :

ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਵਿਭੂਖਣ ਸਾਰੰ। ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥

*(ਆਸਾ ਕੀ ਵਾਰ, ਮ: ੧, ਪੰਨਾ ੪੭੦)*

ਅਜਿਹੇ ਪੰਡਿਤਾਂ ਅਤੇ ਵੇਦਾਂ ਤੇ ਪੁਰਾਣਾਂ ਦੀਆਂ ਸਿਖਿਆਵਾਂ ਦੇ ਅਸਰ ਕਰਕੇ ਲੋਕ ਇੱਕ ਰੱਬ ਦਾ ਲੜ ਛੱਡ ਕੇ ਅਣਗਿਣਤ ਦੇਵੀ-ਦੇਵਤਿਆਂ ਦੀ ਪੂਜਾ ਵਿਚ ਉਲਝ ਗਏ ਸਨ ਅਤੇ ਮੂਰਤੀ ਪੂਜਕ ਬਣ ਗਏ ਸਨ। ਕੁਦਰਤੀ ਸ਼ਕਤੀਆਂ ਦੇ ਭੇਦਾਂ ਨੂੰ ਨਾ ਸਮਝ ਸਕਣ ਕਰਕੇ ਅਤੇ ਉਨ੍ਹਾਂ ਦੇ ਡਰ ਕਰਕੇ ਲੋਕਾਂ ਨੇ ਉਨ੍ਹਾਂ ਨੂੰ ਦੇਵਤਿਆਂ ਦਾ ਰੂਪ ਦੇ ਕੇ ਪੂਜਣਾ ਆਰੰਭ ਕਰ ਦਿਤਾ ਸੀ। ਸੂਰਜ, ਵਰਣ (ਪਾਣੀ), ਹਵਾ/ਹਨੇਰੀ, ਇੰਦਰ (ਬੱਦਲ), ਅਗਨੀ, ਆਦਿਕ ਅਜਿਹੇ ਹੀ ਦੇਵਤੇ ਸਨ। ਨਦੀਆਂ, ਪਹਾੜਾਂ ਅਤੇ ਆਸਮਾਨੀ ਬਿਜਲੀ ਦੀ ਪੂਜਾ ਕੀਤੀ ਜਾਂਦੀ ਸੀ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਤਿੰਨ ਵੱਡੇ ਦੇਵਤੇ ਮੰਨੇ ਗਏ ਸਨ, ਜਿਨ੍ਹਾਂ ਦਾ ਕੰਮ ਸੰਸਾਰ ਦੀ ਉਤਪਤੀ ਕਰਨਾ, ਪਾਲਣਾ ਕਰਨਾ ਅਤੇ ਸੰਘਾਰ ਕਰਨਾ (ਮਾਰਨਾ) ਮੰਨਿਆਂ ਜਾਂਦਾ ਸੀ। ਹੋ ਚੁਕੇ ਪ੍ਰਸਿਧ ਰਾਜਿਆਂ ਸ੍ਰੀ ਰਾਮ ਚੰਦਰ ਅਤੇ ਕ੍ਰਿਸ਼ਨ ਜੀ ਆਦਿਕਾਂ ਨੂੰ 'ਭਗਵਾਨ' ਕਰਕੇ ਪੂਜਿਆ ਜਾਂਦਾ ਸੀ। ਗਊਆਂ, ਸੱਪਾਂ (ਸ਼ੇਸ਼ ਨਾਗ, ਕਾਲੀ ਨਾਗ, ਗੁੱਗਾ), ਸਾਨ੍ਹਾਂ, ਮਗਰਮੱਛਾਂ ਆਦਿਕ ਜਾਨਵਰਾਂ ਅਤੇ ਪਿੱਪਲ, ਤੁਲਸੀ, ਨਿੰਮ, ਕਿਕਰ, ਨਾਰੀਅਲ ਆਦਿਕ ਦਰੱਖਤਾਂ ਦੀ ਪੂਜਾ ਕੀਤੀ ਜਾਂਦੀ ਸੀ। ਸਵੱਰਗ-ਨਰਕ, ਜਿੰਨਾਂ ਭੂਤਾਂ ਆਦਿ ਵਿਚ ਵਿਸ਼ਵਾਸ ਕੀਤਾ ਜਾਂਦਾ ਸੀ। ਜਾਦੂ-ਮੰਤਰ, ਟੂਣੇ, ਪਿੱਤਰ-ਪੂਜਾ, ਮੜ੍ਹੀਆਂ ਜਾਂ ਕਬਰਾਂ ਦੀ ਪੂਜਾ, ਸ਼ਗਨ-ਅਪਸ਼ਗਨ ਦੀ ਵਿਚਾਰ, ਮਹੂਰਤ ਕੱਢਣੇ, ਤੀਰਥ-ਇਸ਼ਨਾਨ, ਵਰਤ ਕਈ ਤਰ੍ਹਾਂ ਦੇ ਦਾਨ (ਜਿਵੇਂ ਰੁਪਿਆ-ਪੈਸਾ, ਸੋਨਾ-ਚਾਂਦੀ, ਹਾਥੀ-ਘੋੜੇ, ਭੂਮੀ, ਸੇਜ ਸਮੇਤ ਇਸਤ੍ਰੀ ਦਾ ਦਾਨ ਆਦਿਕ), ਅਨੇਕ ਪ੍ਰਕਾਰ ਦੇ ਯੱਗ, ਦੇਵਤਿਆਂ ਦੀ ਕ੍ਰੋਪੀ ਤੋਂ ਬਚਣ ਲਈ ਮਨੁੱਖਾਂ ਅਤੇ ਪਸ਼ੂਆਂ ਦੀਆਂ ਬਲੀਆਂ, ਮੁਕਤੀ ਪ੍ਰਾਪਤੀ ਲਈ ਗਯਾ ਅਤੇ ਬਨਾਰਸ ਆਦਿਕ ਧਾਰਮਕ ਅਸਥਾਨਾਂ ਉਤੇ ਧਨ-ਮਾਲ ਪੰਡਤਾਂ ਨੂੰ ਦਾਨ ਕਰਨ ਮਗਰੋਂ ਆਤਮ-ਹੱਤਿਆ ਕਰਨਾ ਅਤੇ ਹੋਰ ਅਨੇਕਾਂ ਹੀ ਅੰਧ-ਵਿਸ਼ਵਾਸ ਉਦੋਂ ਦੇ ਧਰਮ ਦਾ ਅਨਿਖੜਵਾਂ ਅੰਗ ਬਣ ਚੁਕੇ ਸਨ।

ਉਸ ਸਮੇਂ ਦੇ ਹਿੰਦੂ-ਸਮਾਜ ਬਾਰੇ ਲਾਲਾ ਦੌਲਤ ਰਾਏ ਆਰੀਆ ਆਪਣੀ ਪੁਸਤਕ 'ਸ੍ਵਾਨਿ ਉਮਰੀ ਗੁਰੂ ਗੋਬਿੰਦ ਸਿੰਘ' ਵਿਚ ਲਿਖਦੇ ਹਨ :– "ਏਕ (ਹਿੰਦੂ) ਗਨੇਸ਼ ਕਾ ਪੁਜਾਰੀ ਥਾ, ਦੂਸਰਾ ਸੂਰਜ ਕਾ, ਤੀਸਰਾ ਸ਼ਿਵ ਕਾ, ਚੌਥਾ ਵਿਸ਼ਨੂ ਕਾ, ਪਾਂਚਵਾਂ ਰਾਮ ਕਾ, ਛਟਾ ਕ੍ਰਿਸ਼ਨ ਕਾ, ਸਾਤਵਾਂ ਹਨੂੰਮਾਨ ਕਾ, ਆਠਵਾਂ ਬ੍ਰਹਮਾ ਕਾ, ਨਾਵਾਂ ਲਛਮਨ ਕਾ, ਦਸਵਾਂ ਸ਼ੰਕਰ ਆਚਾਰਯ ਕਾ, ਗਿਆਰਵਾਂ ਵੇਦਾਂਤੀ, ਬਾਹਰਵਾਂ ਕਰਮ ਕਾਂਡੀ, ਔਰ ਉਸ ਪਰ ਆਪਸ ਮੇਂ ਵਿਰੋਧ ਔਰ ਕੀਨਾ। ਮੁਲਕ ਕੀ ਜ਼ੁਬਾਨ ਏਕ ਨਾ ਥੀ, ਧਰਮ ਪੁਸਤਕੇਂ ਏਕ ਨਾ ਥੀ, ਜੋ ਤਮਾਮ ਹਿੰਦੂਓਂ ਪਰ ਹਾਵੀ ਹੋਂ; ਧਰਮ ਕਾ ਕੋਈ ਐਸਾ ਮਾਮਲਾ ਨਾ ਥਾ, ਜਿਸ ਮੇਂ ਤਮਾਮ ਹਿੰਦੂ ਸ਼ਾਮਿਲ ਹੋਂ।"

ਪ੍ਰਸਿਧ ਹਿੰਦੂ ਵਿਦਵਾਨ ਡਾ: ਗੋਕਲ ਚੰਦ ਨਾਰੰਗ ਆਪਣੀ ਪੁਸਤਕ 'Glorious History of Sikhism' ਦੇ ਪੰਨਾ 13 ਉਤੇ ਲਿਖਦੇ ਹਨ :

"ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਪ੍ਰਚਲਿਤ ਬ੍ਰਾਹਮਣੀ ਧਰਮ ਖਾਸ ਤਰੀਕਿਆਂ ਨਾਲ ਇਸ਼ਨਾਨ ਕਰਨ, ਖਾਸ ਢੰਗਾਂ ਦੇ ਤਿਲਕ ਮੱਥੇ ਉਤੇ ਲਾਉਣ, ਖਾਸ ਤਰ੍ਹਾਂ ਦੇ ਖਾਣ-ਪੀਣ ਦੇ ਢੰਗਾਂ, ਅਤੇ ਇਸ ਤਰ੍ਹਾਂ ਦੇ ਹੋਰ ਬਾਹਰੀ ਭੇਖਾਂ ਤਕ ਹੀ ਸੀਮਿਤ ਸੀ। ਹਰ ਥਾਂ ਉਤੇ ਮੂਰਤੀ ਪੂਜਾ ਪ੍ਰਚਲਿਤ ਸੀ, ਲੋਕੀਂ ਗੰਗਾ ਅਤੇ ਹੋਰ ਕਹੇ ਜਾਂਦੇ ਪਵਿਤਰ ਤੀਰਥਾਂ ਦੀ ਯਾਤਰਾ ਕਰਦੇ ਸਨ। ਲੋਕ ਬ੍ਰਾਹਮਣ ਦੇ ਕਹਿਣ ਅਨੁਸਾਰ ਕੁਝ ਖਾਸ ਰਸਮਾਂ, ਗੀਤਾਂ ਅਤੇ ਸੰਸਕਾਰ ਕਰਦੇ ਸਨ ਅਤੇ ਉਸ ਸਮੇਂ ਪੰਡਿਤਾਂ ਨੂੰ ਦਾਨ ਦਿਤਾ ਜਾਂਦਾ ਸੀ। ਬੱਸ, ਇਹ ਹੀ ਹਿੰਦੂ ਧਰਮ ਸੀ।"

ਅਗਿਆਨਤਾ ਵਿਚ ਡੁੱਬੇ ਹੋਏ ਹਿੰਦੂਆਂ ਬਾਰੇ ਸਤਿਗੁਰਾਂ ਨੇ ਆਪ ਆਖਿਆ ਸੀ :–

"ਹਿੰਦੂ ਮੂਲੇ ਭੂਲੇ, ਅਖੁਟੀ ਜਾਂਹੀ॥
ਨਾਰਦਿ ਕਹਿਆ, ਸਿ ਪੂਜ ਕਰਾਂਹੀ॥
ਅੰਧੇ ਗੁੰਗੇ, ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ, ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ, ਤੁਮ ਕਹਾ ਤਰਣਹਾਰੁ॥

*(ਬਿਹਾਗੜੇ ਕੀ ਵਾਰ, ਸਲੋਕ ਮ: ੧, ਪੰਨਾ ੫੫੬)*

ਭਾਈ ਗੁਰਦਾਸ ਜੀ ਨੇ ਇਨ੍ਹਾਂ ਲੋਕਾਂ ਦੀ ਧਾਰਮਕ ਦਸ਼ਾ ਨੂੰ ਇੰਝ ਚਿਤਰਿਆ ਹੈ :

ਭਈ ਗਿਲਾਨਿ ਜਗਤਿ ਵਿਚਿ, ਚਾਰਿ ਵਰਨਿ ਆਸ੍ਰਮ ਉਪਾਏ॥
ਦਸਿ ਨਾਮਿ ਸੰਨਿਆਸੀਆ, ਜੋਗੀ ਬਾਰਹ ਪੰਥਿ ਚਲਾਏ॥
ਜੰਗਮ ਅਤੇ ਸਰੇਵੜੇ, ਦਗੇ ਦਿਗੰਬਰਿ ਵਾਦਿ ਕਰਾਏ॥

ਬ੍ਰਹਮਣਿ ਬਹੁ ਪਰਕਾਰਿ ਕਰਿ, ਸਾਸਤ੍ਰਿ ਵੇਦ ਪੁਰਾਣਿ ਲੜਾਏ॥
ਖਟੁ ਦਰਸਨ ਬਹੁ ਵੈਰਿ ਕਰਿ, ਨਾਲਿ ਛਤੀਸਿ ਪਖੰਡ ਰਲਾਏ॥
ਤੰਤ ਮੰਤ ਰਸਾਇਣਾ, ਕਰਾਮਾਤਿ ਕਾਲਖਿ ਲਪਟਾਏ॥
ਇਕਸਿ ਤੇ ਬਹੁ ਰੂਪਿ ਕਰਿ, ਰੂਪਿ ਕਰੂਪੀ ਘਣੇ ਦਿਖਾਏ॥
ਕਲਿਜੁਗਿ ਅੰਦਰਿ ਭਰਮਿ ਭੁਲਾਏ॥ *(ਵਾਰ ੧, ਪਉੜੀ ੧੯)*

ਧਰਮ ਦਾ ਦੂਜਾ ਆਗੂ ਸੀ ਯੋਗੀ। ਯੋਗੀ, ਗੋਰਖ ਨਾਥ ਦੇ ਦੱਸੇ ਰਾਹ ਉਤੇ ਚੱਲਣ ਵਾਲਿਆਂ ਨੂੰ ਕਿਹਾ ਜਾਂਦਾ ਸੀ। ਇਨ੍ਹਾਂ ਦੇ ਮੁਤਾਬਿਕ ਪ੍ਰਭੂ ਨਾਲ ਜੁੜਨ (ਯੋਗ ਪ੍ਰਾਪਤ ਕਰਨ) ਲਈ ਮਨ ਨੂੰ ਸਾਧਣਾ (ਵੱਸ ਵਿਚ ਕਰਨਾ) ਬਹੁਤ ਜ਼ਰੂਰੀ ਸੀ, ਜੋ ਕਿ ਉਹਨਾਂ ਮੁਤਾਬਿਕ ਇਸ ਸੰਸਾਰ ਵਿਚ ਰਹਿਕੇ ਵੱਸ ਵਿਚ ਨਹੀਂ ਸੀ ਕੀਤਾ ਜਾ ਸਕਦਾ। ਇਸ ਦੀ ਖਾਤਰ ਜੰਗਲਾਂ ਵਿਚ ਰਹਿਣਾ ਪੈਂਦਾ ਸੀ, ਕਈ ਤਰ੍ਹਾਂ ਦੀਆਂ ਯੋਗਿਕ-ਕਿਰਿਆਵਾਂ (ਆਸਨ ਆਦਿਕ) ਕਰਨੀਆਂ ਪੈਂਦੀਆਂ ਸਨ। ਪਰ ਘਰ-ਬਾਰ ਤਿਆਗ ਕੇ, ਅੰਨ-ਵਸਤ੍ਰਾਂ ਆਦਿਕ ਦੀ ਪੂਰਤੀ ਲਈ ਇਹ ਲੋਕ ਫਿਰ ਸੰਸਾਰੀ ਲੋਕਾਂ ਦੇ ਘਰ ਮੰਗਣ ਆਂਦੇ ਸਨ। ਜਟਾਂ ਵਧਾਉਣੀਆਂ, ਪਿੰਡੇ ਉਤੇ ਸੁਆਹ ਮਲਣੀ, ਕੰਨਾਂ ਵਿਚ ਮੁੰਦਰਾਂ ਪਵਾਣੀਆਂ, ਹੱਥ ਵਿਚ ਡੰਡਾ ਅਤੇ ਸੰਖ ਰੱਖਣਾ ਆਦਿਕ ਇਨ੍ਹਾਂ ਲੋਕਾਂ ਦੇ ਧਾਰਮਕ ਭੇਖ ਦਾ ਅੰਗ ਸਨ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਨ੍ਹਾਂ ਢੰਗਾਂ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ :

ਜੋਗੀ ਗਿਰਹੀ ਜਟਾ ਬਿਭੂਤ॥
ਆਗੈ ਪਾਛੈ ਰੋਵਹਿ ਪੂਤ॥
ਜੋਗੁ ਨ ਪਾਇਆ, ਜੁਗਤਿ ਗਵਾਈ॥
ਕਿਤੁ ਕਾਰਣਿ ਸਿਰਿ ਛਾਈ ਪਾਈ॥
*(ਰਾਮਕਲੀ ਕੀ ਵਾਰ, ਸਲੋਕ ਮ: ੧, ਪੰਨਾ ੯੫੧)*

ਜੋਗੁ ਨ ਖਿੰਥਾ, ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ, ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ, ਜੋਗੀ ਕਹੀਐ ਸੋਈ॥
*(ਸੂਹੀ, ਮ: ੧, ਪੰਨਾ ੭੩੦)*

ਯੋਗੀਆਂ ਦੀ ਤਰ੍ਹਾਂ ਜੈਨੀ ਸਾਧੂ ਹੁੰਦੇ ਸਨ ਜਿਨ੍ਹਾਂ ਦਾ ਮੁਖ ਧਰਮ ਅਹਿੰਸਾ (ਜੀਵਾਂ ਨੂੰ ਨਾ ਮਾਰਨਾ) ਹੁੰਦਾ ਸੀ। ਇਹ ਅਹਿੰਸਾ ਦੇ ਪੁਜਾਰੀ ਨਹਾਉਣ ਤੋਂ ਵੀ ਡਰਦੇ ਸਨ, ਤਾਂ ਕਿ ਪਾਣੀ ਵਿਚਲੇ ਜੀਵਾਂ ਦੀ 'ਹੱਤਿਆ' ਨਾ ਹੋ ਜਾਵੇ। ਇਹ

ਲੋਕ ਹਰ ਸਮੇਂ ਮੂੰਹ ਅੱਗੇ ਕੱਪੜਾ ਰਖਦੇ ਸਨ, ਸੂਤ ਦਾ ਝਾੜੂ ਨਾਲ ਰਖਦੇ ਸਨ ਜਿਸ ਨਾਲ ਬੈਠਣ ਸਮੇਂ ਜ਼ਮੀਨ ਸਾਫ਼ ਕਰ ਲੈਂਦੇ ਸਨ ਤਾਂ ਕਿ ਕੋਈ ਜੀਵ ਹੇਠਾਂ ਆ ਕੇ ਨਾ ਮਰ ਜਾਵੇ। ਤੁਰਨ ਸਮੇਂ ਇਕੋ ਕਤਾਰ ਵਿਚ ਤੁਰਦੇ ਸਨ, ਪਹਿਲਾ ਸਾਧੂ ਇਹ ਧਿਆਨ ਰਖਦਾ ਸੀ ਕਿ ਰਸਤੇ ਵਿਚ ਕੋਈ ਕੀੜਾ ਆਦਿਕ ਨਾ ਹੋਵੇ। ਇੱਥੇ ਹੀ ਬੱਸ ਨਹੀਂ, ਜੰਗਲ-ਪਾਣੀ ਜਾਣ ਮਗਰੋਂ ਇਹ ਪਖਾਨੇ (ਟੱਟੀ) ਨੂੰ ਲਕੜੀ ਨਾਲ ਫੋਲ ਦਿੰਦੇ ਸਨ, ਤਾਂ ਕਿ ਉਸ ਵਿਚ ਕੋਈ ਜੀਵ ਨਾ ਪੈਦਾ ਹੋਵੇ। ਜੀਵ-ਹਿੰਸਾ ਦੇ ਡਰ ਨੇ ਇਨ੍ਹਾਂ ਦੇ ਜੀਵਨ ਨੂੰ ਬਹੁਤ ਗੰਦਾ, ਘਿਨਾਉਣਾ ਅਤੇ ਕੁਚੀਲ ਬਣਾ ਦਿਤਾ ਸੀ। ਸਤਿਗੁਰੂ ਜੀ ਨੇ ਇਨ੍ਹਾਂ ਦੇ ਅਜਿਹੇ ਕਰਮਾਂ ਦਾ ਵਿਰੋਧ ਕੀਤਾ ਅਤੇ ਆਖਿਆ ਕਿ ਇਹ ਆਪ ਤਾਂ ਜੰਗਲਾਂ ਵਿਚ ਵਸਦੇ ਹਨ; ਪਰ ਇਨ੍ਹਾਂ ਦੇ ਬਾਲ ਬੱਚੇ ਘਰ (ਭੁਖ, ਗਰੀਬੀ ਨਾਲ) ਰੋਂਦੇ ਕੁਰਲਾਉਂਦੇ ਹਨ, ਇਨ੍ਹਾਂ ਨੂੰ ਸੱਚੇ ਗੁਰੂ ਦੇ ਗਿਆਨ ਦੀ ਲੋੜ ਹੈ, ਜਿਸ ਤੋਂ ਬਿਨਾਂ ਇਹ ਆਪਣਾ ਜੀਵਨ ਵਿਅਰਥ ਗੁਆ ਰਹੇ ਹਨ। ਗੁਰੂ ਜੀ ਇਨ੍ਹਾਂ ਦੀ ਦਸ਼ਾ ਨੂੰ ਇੰਝ ਬਿਆਨ ਕਰਦੇ ਹਨ :—

ਸਿਰੁ ਖੋਹਾਇ ਪੀਅਹਿ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ, ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ, ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ, ਟਬਰ ਰੋਵਨਿ ਧਾਹੀ॥
... ... ... ... ...
... ... ... ... ...
ਸਦਾ ਕੁਚੀਲ ਰਹਹਿ ਦਿਨੁ ਰਾਤੀ, ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ, ਦੜਿ ਦੀਬਾਣਿ ਨ ਜਾਹੀ॥
... ... ... ... ...
... ... ... ... ...
ਗੁਰੂ ਸਮੁੰਦੁ, ਨਦੀ ਸਭਿ ਸਿਖੀ, ਨਾਤੈ ਜਿਤੁ ਵਡਿਆਈ॥
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ, ਤਾ ਸਤ ਚਟੇ ਸਿਰਿ ਛਾਈ॥

*(ਸਲੋਕ ਮ: ੧, ਮਾਝ ਕੀ ਵਾਰ, ਪੰਨਾ ੧੪੯)*

ਭਾਰਤ ਦੇ ਕੁਝ ਹਿਸਿਆਂ ਵਿਚ ਉਸ ਸਮੇਂ ਇਕ ਹੋਰ 'ਧਰਮ' ਵੀ ਪ੍ਰਚਲਤ ਸੀ, ਜਿਸਨੂੰ 'ਵਾਮ ਮਾਰਗ' ਕਰਕੇ ਆਖਿਆ ਜਾਂਦਾ ਸੀ। ਇਹ ਮਤ ਤੰਤ੍ਰ ਸ਼ਾਸਤਰ ਦੀ ਰੀਤ ਅਨੁਸਾਰ ਸ਼ਿਵ ਦੇ ਉਪਾਸ਼ਕਾਂ ਦੁਆਰਾ ਚਲਾਇਆ ਹੋਇਆ ਸੀ। ਇਸ ਵਿਚ ਮਦਿਰਾ (ਸ਼ਰਾਬ, ਮਾਸ, ਮੈਥੁਨ (Sexual Intercourse) ਅਤੇ ਮਦੁਰਾ (ਭੁਜੇ ਹੋਏ ਚਿੜਵੇ, ਛੋਲਿਆਂ ਅਤੇ ਕਣਕ ਦਾ ਬੇਰੜਾ) ਦਾ ਵਰਤਣਾ

ਧਰਮ ਦਾ ਜ਼ਰੂਰੀ ਅੰਗ ਸੀ। ਇਨ੍ਹਾਂ ਦੀ ਧਾਰਮਕ ਸ਼ਬਦਾਵਲੀ ਵੀ ਆਪਣੀ ਹੀ ਸੀ, ਜਿਵੇਂ – ਮਾਸ ਨੂੰ ਸੁਧ, ਸ਼ਰਾਬ ਨੂੰ ਤੀਰਥ, ਸ਼ਰਾਬ ਦੇ ਪਿਆਲੇ ਨੂੰ ਪਦਮ, ਵੇਸਵਾ-ਗਾਮੀ ਨੂੰ ਪ੍ਰਯਾਗਸੇਵੀ ਅਤੇ ਵਿਭਚਾਰੀ ਨੂੰ ਯੋਗੀ ਆਖਦੇ ਸਨ। ਮੁਕਤੀ (ਨਿਰਵਾਣ) ਦੀ ਪ੍ਰਾਪਤੀ ਲਈ ਇਨ੍ਹਾਂ ਨੇ ਸ਼ਰਾਬ, ਮਾਸ, ਮੱਛੀ, ਮੁਦਰਾ ਅਤੇ ਮੈਥੁਨ ਇਹੀ ਪੰਜ ਸਾਧਨ ਮੰਨੇ ਹਨ; ਜਿਵੇਂ ਕਿ ਤੰਤ੍ਰ-ਸ਼ਾਸਤਰ ਦੇ ਇਸ ਸਲੋਕ ਵਿਚ ਦਰਜ ਹੈ :

ਮਦਯੰ ਮਾਸੰ ਤਥਾ ਮਤਸਯੋ, ਮੁਦ੍ਰਾ ਮੈਥੁਨ ਮੇਵਚ।
ਪੰਚ ਤੱਤ੍ਵ ਮਿਦੰ ਪ੍ਰੋਕੰਤ, ਦੇਵਿ ਨਿਰਵਾਣ ਹੇਤਵੇ।

ਆਪਣੇ ਇਕੱਠਾਂ ਨੂੰ ਇਹ 'ਭੈਰਵੀ ਚੱਕਰ' ਆਖਦੇ ਸਨ। ਉਸ ਵਿਚ 'ਪੂਜਾ' ਸਮੇਂ ਸਭ ਦਾ ਵਰਣ-ਭੇਦ ਮਿਟ ਜਾਂਦਾ ਸੀ। ਸਾਰੇ ਇਕੋ ਭਾਂਡੇ ਵਿਚ ਮਾਸ ਖਾਂਦੇ ਅਤੇ ਸ਼ਰਾਬ ਪੀਂਦੇ ਸਨ। ਇਹ ਵੀ ਮੰਨਿਆ ਜਾਂਦਾ ਸੀ ਕਿ 'ਭੈਰਵੀ ਚੱਕ੍ਰ' ਵਿਚ ਸਭ ਰਿਸ਼ਤੇ ਖਤਮ ਹੋ ਜਾਂਦੇ ਹਨ। ਭੈਣ-ਭਰਾ, ਮਾਂ-ਪੁਤਰ, ਪਿਉ-ਧੀ ਆਦਿਕ ਦੇ ਰਿਸ਼ਤੇ ਨਹੀਂ ਰਹਿੰਦੇ। ਇਸ ਸਮੇਂ ਸਭ ਨਾਲ ਵਿਭਚਾਰ ਕਰਨ ਦੀ ਖੁੱਲ੍ਹ ਹੁੰਦੀ ਸੀ।

ਗੁਰੂ ਨਾਨਕ ਦੇਵ ਜੀ ਇਨ੍ਹਾਂ ਲੋਕਾਂ ਦੇ ਟਿਕਾਣਿਆਂ ਉਤੇ ਗਏ ਅਤੇ ਇਨ੍ਹਾਂ ਨੂੰ ਵਿਭਚਾਰ ਅਤੇ ਆਚਰਣ ਤੋਂ ਗਿਰੇ ਹੋਰ ਹੋਰ ਕੰਮ ਕਰਨ ਤੋਂ ਵਰਜਿਆ।

ਜਿਵੇਂ ਹਿੰਦੂ ਸਮਾਜ ਦੇ ਆਗੂ ਬ੍ਰਾਹਮਣ ਅਤੇ ਯੋਗੀ ਸਨ ਇਵੇਂ ਹੀ ਮੁਸਲਮਾਨ ਸਮਾਜ ਦੇ ਧਾਰਮਕ ਆਗੂ ਕਾਜ਼ੀ ਹੁੰਦੇ ਸਨ। ਕਾਜ਼ੀ ਹਾਕਮ-ਸ਼੍ਰੇਣੀ ਨਾਲ ਸੰਬੰਧ ਰੱਖਣ ਕਰਕੇ ਮੁਸਲਮਾਨ ਰਾਜਿਆਂ ਦੇ ਸਲਾਹਕਾਰ ਹੁੰਦੇ ਸਨ। ਆਮ ਲੋਕਾਂ ਵਿਚ ਆਪਣੇ ਧਰਮ ਦਾ ਪ੍ਰਚਾਰ ਕਰਨ ਦੀ ਥਾਂ ਇਹ ਰਾਜਿਆਂ ਦੀ ਖੁਸ਼ੀ ਹਾਸਿਲ ਕਰਨ ਵਿਚ ਹੀ ਸਮਾਂ ਗੁਆ ਦਿੰਦੇ ਸਨ। ਹਿੰਦੂਆਂ ਉਤੇ ਜ਼ੁਲਮ ਢਾਹੁਣ ਲਈ ਮੁਸਲਮਾਨ ਰਾਜੇ ਕਾਜ਼ੀਆਂ ਤੋਂ ਮਨ-ਪਸੰਦ 'ਫ਼ਤਵੇ' ਲੈ ਲੈਂਦੇ ਸਨ। ਦੂਜੀ ਤਰਫ ਇਹ ਕਾਜ਼ੀ ਹੀ ਸਨ ਜੋ ਮੁਸਲਮਾਨ ਰਾਜਿਆਂ ਨੂੰ (ਜੋ ਕਿ ਜ਼ਾਲਮ ਹੁੰਦੇ ਸਨ, ਹਿੰਦੂ ਜਨਤਾ ਉਤੇ ਜ਼ੁਲਮ ਢਾਹੁੰਦੇ ਸਨ) ਮੁਸਲਮਾਨਾਂ ਵਿਚ ਇਕ ਚੰਗੇ ਅਤੇ ਪੱਕੇ ਮੁਸਲਮਾਨ ਦੇ ਤੌਰ ਤੇ ਪੇਸ਼ ਕਰਦੇ ਸਨ। ਨਿਆਂ (Justice) ਦਾ ਕੰਮ ਵੀ ਕਾਜ਼ੀਆਂ ਦੇ ਕੋਲ ਹੁੰਦਾ ਸੀ। ਨਿਆਂ ਕਰਨ ਦੀ ਥਾਂ ਇਹ ਲੋਕੀਂ ਰਿਸ਼ਵਤ ਲੈ ਕੇ ਬੇਗੁਨਾਹ ਲੋਕਾਂ ਨੂੰ ਕਸੂਰਵਾਰ ਸਾਬਤ ਕਰ ਦਿੰਦੇ ਸਨ :

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੇ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਇ॥

*(ਰਾਮਕਲੀ ਕੀ ਵਾਰ, ਸਲੋਕ ਮ: ੧, ਪੰਨਾ ੯੫੧)*

ਭਾਵੇਂ ਕੁਰਾਨ ਵਿਚ ਮਨੁੱਖੀ ਬਰਾਬਰੀ ਉਤੇ ਕਾਫ਼ੀ ਜ਼ੋਰ ਦਿਤਾ ਗਿਆ ਹੈ, ਪਰ ਕਾਜ਼ੀਆਂ ਦੇ ਪਰਚਾਰ ਸਦਕਾ ਮੁਸਲਮਾਨ ਜਨਤਾ ਹੀ ਕਈ ਫਿਰਕਿਆਂ ਵਿਚ ਵੰਡੀ ਪਈ ਸੀ। ਚਾਰ ਮੁੱਖ ਦੋ ਫਿਰਕੇ ਸਨ—ਸ਼ੀਆ ਅਤੇ ਸੁੰਨੀ। ਇਹ ਫਿਰਕੇ ਆਪੋ ਵਿਚ ਲੜਦੇ ਰਹਿੰਦੇ ਸਨ। ਸ਼ੀਆ ਅਤੇ ਸੁੰਨੀ ਤਾਂ ਅੱਜ ਤੱਕ ਵੀ ਇਕ ਦੂਜੇ ਦੀ ਜਾਨ ਦੇ ਵੈਰੀ ਬਣੇ ਹੋਏ ਹਨ।

ਅਜਿਹੇ ਕਾਜ਼ੀਆਂ ਦੀ ਸਿਖਿਆ ਸਦਕਾ ਆਮ ਮੁਸਲਮਾਨ ਜਨਤਾ, ਖਿਮਾਂ, ਧੀਰਜ, ਸੰਤੋਖ, ਮਨੁੱਖੀ ਪਿਆਰ, ਪ੍ਰਭੂ-ਪਿਆਰ, ਖਲਕਤ ਦੀ ਸੇਵਾ ਆਦਿਕ ਧਾਰਮਕ-ਸਦਾਚਾਰਕ ਗੁਣਾਂ ਨੂੰ ਤਿਆਗ ਕੇ ਕੇਵਲ ਬਾਹਰੀ ਸਰੂਪ ਹੀ ਮੁਸਲਮਾਨਾਂ ਵਾਲਾ ਬਣਾਈ ਬੈਠੀ ਸੀ। ਮੱਕੇ ਦੀ ਯਾਤਰਾ, ਰੋਜ਼ੇ ਰੱਖਣਾ, ਵਿਖਾਵੇ ਦੇ ਤੌਰ ਤੇ ਪੰਜ-ਨਿਮਾਜ਼ਾਂ ਅਦਾ ਕਰਨੀਆਂ, ਬਾਹਰੋਂ ਭੇਖ (ਸਰੂਪ) ਮੁਸਲਮਾਨਾਂ ਵਾਲਾ ਬਣਾਈ ਰਖਣਾ—ਇਹਨਾਂ ਰੀਤਾਂ-ਰਸਮਾਂ ਨੂੰ ਹੀ ਮੁਸਲਮਾਨਾਂ ਨੇ ਧਰਮ ਸਮਝ ਰਖਿਆ ਹੋਇਆ ਸੀ। ਕਾਫ਼ਰਾਂ (ਗ਼ੈਰ-ਮੁਸਲਮਾਨਾਂ) ਨੂੰ ਆਪਣੇ ਧਰਮ ਵਿਚ ਲਿਆਉਣ ਦਾ 'ਨੇਕ ਕੰਮ' ਕਰਨ ਲਈ ਸਭ ਮੁਸਲਮਾਨ ਤਤਪਰ ਰਹਿੰਦੇ ਸਨ ਕਿਉਂਕਿ ਉਨ੍ਹਾਂ ਵਿਚ ਪਰਚਾਰਿਆ ਗਿਆ ਸੀ ਕਿ ਇੰਝ ਕਰਨ ਨਾਲ ਖ਼ੁਦਾ ਪ੍ਰਸੰਨ ਹੁੰਦਾ ਹੈ ਅਤੇ ਇਸ ਕੰਮ ਵਿਚ ਜੇ ਜਾਨ ਵੀ ਚਲੀ ਜਾਵੇ, ਤਾਂ ਮਨੁੱਖ ਬਹਿਸ਼ਤ (ਸਵੱਰਗ) ਵਿਚ ਜਾਂਦਾ ਹੈ। ਇਸ ਸਿਖਿਆ ਦੇ ਕਾਰਨ ਮੁਸਲਮਾਨਾਂ ਅਤੇ ਗ਼ੈਰ ਮੁਸਲਮਾਨਾਂ ਵਿਚ ਝਗੜੇ ਹੁੰਦੇ ਰਹਿੰਦੇ ਸਨ।

ਬ੍ਰਾਹਮਣਾਂ ਅਤੇ ਕਾਜ਼ੀਆਂ ਦੀ ਸਿਖਿਆ ਦੇ ਅਸਰ ਥੱਲੇ ਹਿੰਦੂਆਂ ਅਤੇ ਮੁਸਲਮਾਨਾਂ ਦੀ ਧਾਰਮਕ-ਦਸ਼ਾ ਦਾ ਬਿਆਨ ਭਾਈ ਗੁਰਦਾਸ ਜੀ ਨੇ ਇੰਝ ਕੀਤਾ ਹੈ :

ਚਾਰਿ ਵਰਨਿ, ਚਾਰਿ ਮਜਹਬਾਂ, ਜਗਿ ਵਿਚਿ ਹਿੰਦੂ ਮੁਸਲਮਾਣੇ॥
ਖੁਦੀ ਬਖੀਲਿ ਤਕਬਰੀ, ਖਿਚੋਤਾਣਿ ਕਰੇਨਿ ਧਿਙਾਣੇ॥
ਗੰਗ ਬਨਾਰਸਿ ਹਿੰਦੂਆਂ, ਮਕਾ ਕਾਬਾ ਮੁਸਲਮਾਣੇ॥
ਸੁੰਨਤਿ ਮੁਸਲਮਾਣ ਦੀ, ਤਿਲਕ ਜੰਞੂ ਹਿੰਦੂ ਲੋਭਾਣੇ॥
ਰਾਮ ਰਹੀਮ ਕਹਾਇਦੇ, ਇਕੁ ਨਾਮੁ ਦੁਇ ਰਾਹ ਭੁਲਾਣੇ॥
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ॥
ਸਚੁ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਮ੍ਹਣਿ ਮਉਲਾਣੇ॥
ਸਿਰੋ ਨ ਮਿਟੇ ਆਵਣਿ ਜਾਣੇ॥ *(ਵਾਰ ੧, ਪਉੜੀ ੨੧)*

ਸੋ, ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ, ਉਸ ਸਮੇਂ ਭਾਰਤ ਵਿਚ ਮੁੱਖ ਤੌਰ ਤੇ ਹਿੰਦੂ ਤੇ ਇਸਲਾਮ ਦੋ ਧਰਮ ਅਤੇ ਹੋਰ ਅਨੇਕਾਂ ਮੱਤ-ਮਤਾਂਤਰ ਪ੍ਰਚਲਿਤ ਸਨ। ਭਾਰਤ ਦੇ ਹਰ ਕੋਨੇ

ਵਿਚ ਹਜ਼ਾਰਾਂ ਸਾਧ, ਯੋਗੀ, ਤਪੀ ਆਦਿਕ ਵੇਖੇ ਜਾ ਸਕਦੇ ਸਨ, ਪਰ ਇਹ ਲੋਕੀਂ ਖੁਦ ਅਗਿਆਨਤਾ ਦੇ ਹਨੇਰੇ ਵਿਚ ਠੇਡੇ ਖਾ ਰਹੇ ਸਨ। ਇਨ੍ਹਾਂ ਨੂੰ ਨਾ ਤਾਂ ਅਕਾਲ ਪੁਰਖ ਦੀ ਹੀ ਸੋਝੀ ਸੀ, ਤੇ ਨਾ ਹੀ ਇਹ ਲੋਕ ਕਿਸੇ ਸੁਚੱਜੀ ਜੀਵਨ-ਜਾਚ ਦੇ ਧਾਰਨੀ ਸਨ, ਸਗੋਂ ਇਹ ਤਾਂ ਕੁਝ ਭੇਖਾਂ, ਕਰਮ-ਕਾਂਡਾਂ, ਰਸਮਾਂ ਅਤੇ ਰੀਤਾਂ ਨੂੰ ਹੀ ਧਰਮ ਸਮਝ ਰਹੇ ਸਨ। ਇਨ੍ਹਾਂ ਦੇ ਪਿਛੇ ਲੱਗੇ ਹੋਏ ਲੋਕ ਆਪਣਾ ਜੀਵਨ ਅਜਾਈਂ ਹੀ ਗੁਆ ਰਹੇ ਸਨ; ਜਾਂ ਆਪਸ ਵਿਚ ਹੀ ਲੜ ਲੜ ਕੇ ਖੁਆਰ ਹੋ ਰਹੇ ਸਨ।

# ਗੁਰੂ ਨਾਨਕ ਆਗਮਨ ਸਮੇਂ ਦੀ ਸਮਾਜਕ ਦਸ਼ਾ

ਜਦੋਂ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਹੋਇਆ, ਉਸ ਸਮੇਂ ਭਾਰਤ ਵਿਚ ਦੋ ਵੱਡੀਆਂ ਕੌਮਾਂ ਸਨ—ਹਿਂਦੂ ਅਤੇ ਮੁਸਲਮਾਨ। ਇਨ੍ਹਾਂ ਦੋਹਾਂ ਕੌਮਾਂ ਦੇ ਧਾਰਮਕ ਅਸੂਲਾਂ ਤੇ ਰਸਮਾਂ-ਰਿਵਾਜਾਂ ਵਿਚ ਬਹੁਤ ਵਿੱਥ ਸੀ। ਇਨ੍ਹਾਂ ਕੌਮਾਂ ਦੇ ਲੋਕ ਆਪਸ ਵਿਚ ਹੀ ਲੜਦੇ ਝਗੜਦੇ ਰਹਿੰਦੇ ਸਨ।

ਹਿਂਦੂ ਸਮਾਜ ਚਾਰ ਵਰਣਾਂ—ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵਿਚ ਵੰਡਿਆ ਪਿਆ ਸੀ। ਬ੍ਰਾਹਮਣਾਂ ਨੇ ਬਾਕੀ ਤਿੰਨ ਵਰਣਾਂ ਦੇ ਲੋਕਾਂ ਉਤੇ ਆਪਣੀ ਉੱਚਤਾ ਦਾ ਸਿੱਕਾ ਬਿਠਾਇਆ ਹੋਇਆ ਸੀ। ਉਨ੍ਹਾਂ ਦਾ ਕੰਮ ਧਾਰਮਕ ਪੁਸਤਕਾਂ ਨੂੰ ਪੜ੍ਹਨਾ ਅਤੇ ਲੋਕਾਂ ਅੰਦਰ ਧਰਮ ਦਾ ਪ੍ਰਚਾਰ ਕਰਨਾ ਸੀ। ਖੱਤਰੀਆਂ ਦਾ ਕੰਮ ਜੰਗਾਂ ਜੁੱਧਾਂ ਵਿਚ ਲੜਨਾ ਹੁੰਦਾ ਸੀ ਤੇ ਵਿਦੇਸ਼ੀ ਹਮਲਾਵਰਾਂ ਦੇ ਜ਼ੁਲਮਾਂ ਤੋਂ ਲੋਕਾਂ ਨੂੰ ਬਚਾਉਣਾ ਸੀ; ਇਸ ਕੰਮ ਲਈ ਜੁੱਧ-ਭੂਮੀ ਵਿਚ ਸ਼ਹੀਦ ਹੋ ਜਾਣਾ ਉਨ੍ਹਾਂ ਲਈ ਪਰਮ ਧਰਮ ਮਿਥਿਆ ਗਿਆ ਸੀ। ਵੈਸ਼ਾਂ ਦਾ ਕੰਮ ਖੇਤੀ-ਬਾੜੀ ਅਤੇ ਵਪਾਰ ਕਰਨਾ ਸੀ। ਸ਼ੂਦਰਾਂ ਦਾ ਕੰਮ ਬਾਕੀ ਦੇ ਤਿੰਨ ਵਰਣਾਂ ਦੇ ਲੋਕਾਂ ਦੀ ਨਿਸੁਆਰਥ ਸੇਵਾ ਕਰਨਾ ਸੀ। ਸਭ ਦੇ ਸੇਵਕ ਹੋਣ ਦੇ ਬਾਵਜੂਦ ਵੀ ਸ਼ੂਦਰਾਂ ਦੀ ਹਾਲਤ ਬਹੁਤ ਤਰਸਯੋਗ ਸੀ। ਉਨ੍ਹਾਂ ਨੂੰ ਸਭ ਤੋਂ ਨੀਚ ਮਨੁੱਖ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਐਸੇ ਹਾਲਾਤ ਪੈਦਾ ਕਰ ਦਿਤੇ ਗਏ ਸਨ ਕਿ ਸ਼ੂਦਰ ਹਮੇਸ਼ਾਂ ਹੀ ਕੰਗਾਲ ਰਹਿਣ। ਬ੍ਰਾਹਮਣ ਦੀ ਸਿਖਿਆ ਦੇ ਅਸਰ ਕਾਰਨ ਸ਼ੂਦਰਾਂ ਤੋਂ ਸਭ ਲੋਕ ਦੂਰ ਰਹਿੰਦੇ ਸਨ; ਉਹਨਾਂ ਨੂੰ ਅਛੂਤ ਅਛੂਤ ਕਹਿ ਕੇ ਦੁਰਕਾਰਿਆ ਜਾਂਦਾ ਸੀ। ਲੋਕੀਂ ਸ਼ੂਦਰਾਂ ਦੇ ਪਰਛਾਂਵੇਂ ਤੋਂ ਵੀ ਦੂਰ ਰਹਿੰਦੇ ਸਨ; ਇਨ੍ਹਾਂ ਨੂੰ ਪਿੰਡਾਂ-ਸ਼ਹਿਰਾਂ ਵਿਚ ਵੱਸਣ ਦੀ ਇਜ਼ਾਜਤ ਨਹੀਂ ਸੀ, ਸਗੋਂ ਵਸੋਂ ਤੋਂ ਦੂਰ ਦੁਰਾਡੇ ਰਹਿੰਦੇ ਸਨ। ਸ਼ੂਦਰਾਂ ਨੂੰ ਪ੍ਰਭੂ-ਭਗਤੀ ਦਾ ਕੋਈ ਅਧਿਕਾਰ ਨਹੀਂ ਸੀ।

ਹਿਂਦੂ ਸਮਾਜ ਦੀ ਇਹ ਵੰਡ ਜਿਸ ਵਿਚ ਬ੍ਰਾਹਮਣ ਨੂੰ ਸਭ ਤੋਂ ਉੱਚਾ ਗਿਣਿਆ ਜਾਂਦਾ ਸੀ ਅਤੇ ਸ਼ੂਦਰ ਨੂੰ ਨੀਚ, ਵੇਦਾਂ-ਸ਼ਾਸਤਰਾਂ ਆਦਿਕ ਧਰਮ ਗਰੰਥ ਦੀਆਂ ਸਿਖਿਆਵਾਂ ਅਨੁਸਾਰ ਕੀਤੀ ਗਈ ਸੀ। ਇਨ੍ਹਾਂ ਧਾਰਮਕ ਪੁਸਤਕਾਂ ਵਿੱਚੋਂ ਕੁਝ ਕੁ ਹਵਾਲੇ ਹੇਠਾਂ ਦਿਤੇ ਜਾਂਦੇ ਹਨ :—

**ੳ) ਵਰਣ ਵੰਡ ਬਾਰੇ**

'ਜਦੋਂ ਉਨ੍ਹਾਂ (ਦੇਵਤਿਆਂ) ਨੇ ਪੁਰਸ਼ ਨੂੰ ਵੰਡਿਆ, ਤੇ ਉਸਦੇ ਜਿਤਨੇ ਭਾਗ ਉਨ੍ਹਾਂ ਕੀਤੇ, ਉਨ੍ਹਾਂ ਨੇ ਉਸਦੇ ਮੂੰਹ ਤੇ ਭੁਜਾਵਾਂ (ਬਾਹਾਂ) ਨੂੰ ਕੀ ਆਖਿਆ? ਉਨ੍ਹਾਂ ਉਸਦੇ ਹੱਥਾਂ ਪੈਰਾਂ ਨੂੰ ਕੀ ਆਖਿਆ? ਬ੍ਰਾਹਮਣ ਉਸਦਾ ਮੂੰਹ ਸੀ, ਅਤੇ ਉਸਦੀਆਂ

ਦੋਵੇਂ ਭੁਜਾਵਾਂ ਤੋਂ ਖੱਤਰੀ ਬਣੇ। ਉਸ ਦੇ ਰਾਨਾਂ (ਪੱਟਾਂ-ਲੱਤਾਂ) ਤੋਂ ਵੈਸ਼ ਬਣੇ ਅਤੇ ਪੈਰਾਂ ਤੋਂ ਸ਼ੂਦਰ ਪੈਦਾ ਹੋਏ।' *(ਰਿਗਵੇਦ, x−10, 11, 12)*

**ਅ) ਬ੍ਰਾਹਮਣਾਂ ਦੀ ਉੱਚਤਾ**

1) ਮੂਰਖ ਹੋਵੇ ਭਾਵੇਂ ਪੜ੍ਹਿਆ ਹੋਵੇ, ਬ੍ਰਾਹਮਣ ਵੱਡਾ ਦੇਵਤਾ ਹੈ।

*(ਮਨੂ ਸਿਮ੍ਰਤੀ, ਅ:9, ਸ:347)*

2) ਬ੍ਰਾਹਮਣ ਜੇ ਵੇਦ ਵਿਰੁਧ ਕਰਮ ਕਮਾ ਬੈਠੇ ਤਾਂ ਭੀ ਉਹ ਦੋਸ਼ੀ ਨਹੀਂ ਹੁੰਦਾ। ਬ੍ਰਾਹਮਣ ਵਿਚ ਸਭ ਦੋਸ਼ ਦਗਧ ਕਰਨ ਦੀ ਤਾਕਤ ਹੁੰਦੀ ਹੈ ਜਿਵੇਂ ਅੱਗ ਸਭ ਵਸਤਾਂ ਨੂੰ ਸੁਆਹ ਬਣਾ ਦਿੰਦੀ ਹੈ ਅਤੇ ਜਿਵੇਂ ਇਸਤ੍ਰੀ ਪਰਾਏ ਮਰਦ ਨਾਲ ਭੋਗ ਕਰਨ ਪਿਛੋਂ ਵੀ ਕਲੰਕ-ਰਹਿਤ ਹੁੰਦੀ ਹੈ।

*(ਵ੍ਰਹਿਤ ਪ੍ਰਾਸ਼ਰ ਸੰਹਿਤਾ, ਅ:3)*

3) ਬਦ-ਚਲਨ ਅਤੇ ਇਖਲਾਕ-ਹੀਨ ਬ੍ਰਾਹਮਣ ਭੀ ਆਦਰਯੋਗ ਅਤੇ ਪੂਜਣਯੋਗ ਹੈ। ਜੇ ਸ਼ੂਦਰ ਬੜੇ ਉਚੇ ਆਚਰਨ ਵਾਲਾ ਜਾਂ ਸਦਾਚਾਰੀ ਭੀ ਹੋਵੇ ਤਾਂ ਭੀ ਉਸਨੂੰ ਆਦਰ ਦੇਣਾ ਉਚਿਤ ਨਹੀਂ। *(ਪਰਾਸਰ ਸੰਹਿਤਾ, ਅ: 6)*

ਜੇ ਬ੍ਰਾਹਮਣ ਚੋਰੀ ਦੇ ਅਪਰਾਧ ਵਿਚ ਵੀ ਰੰਗੇ ਹੱਥੀਂ ਫੜ ਲਿਆ ਗਿਆ ਹੋਵੇ, ਤਾਂ ਵੀ ਉਸਨੂੰ ਚੋਰੀ ਦੀ ਸਜਾ ਨਹੀਂ ਦੇਣੀ ਚਾਹੀਦੀ ਕਿਉਂਕਿ ਰਾਜੇ ਦੀ ਬੇਵਕੂਫੀ ਕਰਕੇ ਹੀ ਬ੍ਰਾਹਮਣ ਭੁਖ ਤੋਂ ਬਚਣ ਲਈ ਚੋਰੀ ਕਰਨ ਲਈ ਮਜ਼ਬੂਰ ਹੁੰਦਾ ਹੈ। *(ਮਨੂ ਸਿ:, ਅ: 77, ਸ−22)*

5) ਜੋ ਕੁਝ ਵੀ ਦੁਨੀਆਂ ਵਿਚ ਹੈ, ਉਹ ਬ੍ਰਾਹਮਣ ਦੀ ਸੰਪਤੀ ਹੈ। ਬ੍ਰਾਹਮਣ (ਸਭ ਕਾਸੇ ਦਾ ਮਾਲਕ ਹੋਣ ਕਰਕੇ) ਆਪਣਾ ਹੀ ਭੋਜਨ ਖਾਂਦਾ ਹੈ, ਆਪਣੇ ਕਪੜੇ ਪਹਿਨਦਾ ਹੈ ਅਤੇ ਬਲੀਆਂ ਵਿਚ ਆਪਣੀ ਹੀ ਸਮੱਗਰੀ ਭੇਟ ਚੜ੍ਹਾਉਂਦਾ ਹੈ। *(ਮਨੂ ਸਿ:, ਅ: 1, ਸ: 98-101)*

**ੲ) ਸ਼ੂਦਰਾਂ ਦੀ ਦੁਰਦਸ਼ਾ**

1) ਸ਼ੂਦਰ ਨੂੰ ਅਕਲ ਨਾ ਦੇਵੋ, ਹੋਮ (ਹਵਨ) ਤੋਂ ਬਚਿਆ ਅਨਾਜ ਨਾ ਦੇਵੋ ਅਤੇ ਨਾ ਹੀ ਉਸਨੂੰ ਧਰਮ ਦੀ ਸਿਖਿਆ ਦੇਵੋ। *(ਮਨੂ ਸਿ:, ਅ: 4, ਸ: 8)*

2) ਸ਼ੂਦਰ ਦੀ ਬੁਧੀ ਨੂੰ ਵਿਗਸਤ ਨਾ ਹੋਣ ਦੇਵੋ। ਧਰਮ ਦੀਆਂ ਗੱਲਾਂ ਤੋਂ ਉਸਨੂੰ ਅਣਜਾਣ ਰੱਖੋ ਅਤੇ ਵਰਤ ਵਗੈਰਾ ਬਾਰੇ ਉਸਨੂੰ ਜਾਣਕਾਰੀ ਨਾ ਦੇਵੋ। ਸ਼ੂਦਰ ਨੂੰ ਅਜਿਹਾ ਗਿਆਨ ਦੇਣ ਵਾਲਾ ਸ਼ੂਦਰ ਸਮੇਤ ਅੰਧੇਰੇ ਨਰਕ ਦਾ ਵਾਸੀ ਬਣਦਾ ਹੈ। *(ਵਸ਼ਿਸ਼ਟ ਸੰ:, ਅ: 18)*

3) ਸ਼ੂਦਰ ਜੇ ਧਨ ਜਮਾਂ ਕਰਨ ਦੇ ਯੋਗ ਵੀ ਹੋ ਜਾਵੇ, ਤਾਂ ਵੀ ਉਸਨੂੰ ਧਨ ਜਮਾਂ ਨਾ ਕਰਨ ਦਿਤਾ ਜਾਵੇ, ਕਿਉਂਕਿ ਧਨਵਾਨ ਹੋ ਕੇ ਸ਼ੂਦਰ ਉੱਚ ਜਾਤੀਆਂ

ਦੇ ਹੱਥੋਂ ਨਿਕਲ ਜਾਂਦਾ ਹੈ ਅਤੇ ਬ੍ਰਾਹਮਣਾਂ ਨੂੰ ਦੁਖ ਦੇ ਸਕਦਾ ਹੈ।

*(ਮਨੂ ਸਿ:, ਅ: 8, ਸ: 79)*

4) ਜੇ ਸ਼ੂਦਰ ਕਪਿਲ ਗਾਂ ਦਾ ਦੁੱਧ ਪੀਵੇ ਜਾਂ ਵੇਦ ਦੇ ਅੱਖਰ ਪੜ੍ਹ ਲਵੇ ਤਾਂ ਸਿੱਧਾ ਨਰਕ ਨੂੰ ਜਾਵੇਗਾ। *(ਪਰਾਸਰ ਸੰਹਿਤਾ, ਅ: 2)*

5) ਪੈਰਾਂ ਤੋਂ ਜੰਮੇ ਹੋਏ ਹੋਣ ਕਾਰਨ ਜੇ ਕੋਈ ਸ਼ੂਦਰ, ਬ੍ਰਾਹਮਣ, ਖੱਤਰੀ (ਕਸ਼ੱਤਰੀ) ਜਾਂ ਵੈਸ਼ ਆਦਕ ਉਚ ਜਾਤੀਆਂ ਨੂੰ ਕਠੋਰ ਬਚਨ ਕਹੇ, ਤਾਂ ਰਾਜਾ ਘਟੋ ਘੱਟ ਇਤਨਾ ਜ਼ਰੂਰ ਕਰੇ ਕਿ ਉਸ ਸ਼ੂਦਰ ਦੀ ਜੀਭ ਕਟਵਾ ਦੇਵੇ।

*(ਮਨੂ ਸਿ:, ਅ: 4, ਸ: 80)*

ਇਹ ਬ੍ਰਾਹਮਣੀ ਧਰਮ-ਪੁਸਤਕਾਂ ਦਾ ਪ੍ਰਭਾਵ ਹੀ ਹੈ ਕਿ ਅੱਜ ਭਾਵੇਂ ਮਨੁੱਖ ਬਹੁਤ ਪੜ੍ਹ-ਲਿਖ ਗਿਆ ਹੈ, ਪਰ ਲੋਕਾਂ ਦੇ ਮਨਾਂ ਵਿਚੋਂ 'ਨੀਚ-ਜਾਤਾਂ' ਵਾਲਿਆਂ ਬਾਰੇ ਵਿਚਾਰ ਨਹੀਂ ਬਦਲੇ। ਗੁਰੂ ਨਾਨਕ ਪਾਤਸ਼ਾਹ ਨੇ ਬ੍ਰਾਹਮਣ ਦੀ ਵਰਣ-ਵੰਡ ਵਿਰੁਧ ਆਵਾਜ਼ ਉਠਾਈ ਅਤੇ ਨੀਚ ਕਹੇ ਜਾਂਦੇ ਲੋਕਾਂ ਦਾ ਪੱਖ ਲਿਆ। ਆਪ ਨੇ ਆਖਿਆ :

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ॥

*(ਸਿਰੀ ਰਾਗੁ, ਮ: ੧, ਪੰਨਾ ੧੫)*

ਬ੍ਰਾਹਮਣਾਂ ਦੇ ਸ਼ੂਦਰਾਂ ਪ੍ਰਤਿ ਇਸ ਨੀਚਤਾ ਭਰੇ ਵਰਤਾਉ ਕਰਕੇ ਹੀ ਨਾਈ, ਛੀਬੇਂ, ਜੁਲਾਹੇ, ਮੋਚੀ, ਘੁਮਿਆਰ, ਤਰਖਾਣ, ਅਰਾਈਂ, ਮਰਾਸੀ ਆਦਿਕ ਜਾਤਾਂ ਦੇ ਬੰਦੇ ਇਸਲਾਮ ਗ੍ਰਹਿਣ ਕਰਦੇ ਜਾ ਰਹੇ ਸਨ।

**(ਸ) ਸੂਰਮਿਆਂ ਦੀ ਹਾਲਤ**

ਸਦੀਆਂ ਦੀ ਗੁਲਾਮੀ ਨੇ ਲੋਕਾਂ ਨੂੰ ਕਾਇਰ ਅਤੇ ਬੁਜ਼ਦਿਲ ਬਣਾ ਦਿਤਾ ਸੀ। ਆਪਣੇ ਆਪ ਨੂੰ ਖੱਤਰੀ (ਕਸ਼ੱਤਰੀ) ਕਹਾਉਣ ਵਾਲੇ (ਜਿਨ੍ਹਾਂ ਜਿੰਮੇ ਲੋਕਾਂ ਦੇ ਜਾਨ, ਮਾਲ, ਇਜ਼ਤ ਦੀ ਰਾਖੀ ਕਰਨ ਦੀ ਡਿਊਟੀ ਲੱਗੀ ਸੀ) ਲੋਕਾਂ ਵਿਚੋਂ ਬਹਾਦਰੀ ਖਤਮ ਹੋ ਚੁਕੀ ਸੀ। ਮੁਗਲਾਂ ਦੀ ਚਾਕਰੀ ਕਰਨੀ, ਉਨ੍ਹਾਂ ਦੇ ਹਰ ਜਾਇਜ਼, ਨਜਾਇਜ਼ ਹੁਕਮ ਨੂੰ ਮੰਨਣਾ ਅਤੇ ਉਨ੍ਹਾਂ (ਮੁਗਲਾਂ) ਨੂੰ ਖੁਸ਼ ਕਰਨ ਲਈ ਆਪਣੀ ਧੀਆਂ ਦੇ ਡੋਲੇ ਦੇਣੇ ਇਨ੍ਹਾਂ ਬੀਰ ਬਹਾਦਰਾਂ ਦਾ ਸੁਭਾਅ ਬਣ ਚੁਕਾ ਸੀ। ਗੁਰੂ ਜੀ ਨੇ ਤਾਂ ਹੀ ਤਾਂ ਆਖਿਆ ਸੀ :

ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ॥

*(ਧਨਾਸਰੀ ਮ: ੧, ਪੰਨਾ ੬੬੩)*

ਖੱਤਰੀਆਂ ਦੀ ਹਾਲਤ ਤਾਂ ਇਥੋਂ ਤੱਕ ਨਿਘਰ ਚੁਕੀ ਸੀ, ਕਿ ਉਹ ਆਪਣੇ ਘਰਾਂ ਵਿਚ ਤਾਂ ਧਰਮ-ਕਰਮ ਕਰ ਲੈਂਦੇ ਸਨ, ਪਰ ਮੁਗਲਾਂ ਕੋਲ ਜਾ ਕੇ ਉਨ੍ਹਾਂ ਦੀਆਂ ਧਰਮ-ਪੁਸਤਕਾਂ ਦੀ ਉਸਤਤ ਕਰਦੇ ਸਨ। ਇਕ ਪਾਸੇ ਉਹ ਗਾਂ ਨੂੰ ਪਵਿਤਰ (ਮਾਤਾ) ਸਮਝਦੇ ਸਨ, ਦੂਜੇ ਪਾਸੇ ਮੁਗਲਾਂ ਦੀ ਅਧੀਨਗੀ ਕਾਰਨ ਗਊਆਂ ਅਤੇ ਬ੍ਰਾਹਮਣਾਂ ਉਤੇ ਟੈਕਸ ਲਾਉਂਦੇ ਸਨ। ਉਨ੍ਹਾਂ ਦੀ ਦਸ਼ਾ ਬਾਰੇ ਗੁਰੂ ਸਾਹਿਬ ਨੇ ਇੰਝ ਵਿਅੰਗ ਕੱਸਿਆ ਹੈ :

ਗਊ ਬਿਰਾਹਮਣ ਕਉ ਕਰੁ ਲਾਵਹੁ, ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ, ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ॥

*(ਵਾਰ ਆਸਾ, ਸਲੋਕ ਮ: ੧, ਪੰਨਾ ੪੭੧)*

ਵਿਦੇਸ਼ੀ ਹਾਕਮਾਂ ਦੇ ਡਰ-ਭਉ ਕਾਰਨ ਇਥੋਂ ਦੇ ਮੂਲ ਵਸਨੀਕਾਂ ਨੇ ਖਾਣ ਪੀਣ ਦੇ ਢੰਗ, ਵਸਤਰਾਂ ਅਤੇ ਬੋਲੀ ਵੀ ਹਾਕਮਾਂ ਦੀ ਹੀ ਅਪਣਾ ਲਈ ਸੀ। ਸੱਤਿਗੁਰੂ ਫ਼ੁਰਮਾਉਂਦੇ ਹਨ :—

(1) ਖਾਣ ਪੀਣ ਬਾਰੇ
ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥ *(ਆਸਾ ਕੀ ਵਾਰ, ਪੰਨਾ ੪੭੨)*

(2) ਵਸਤਰਾਂ ਬਾਰੇ
'ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ, ਪੂਜਹਿ ਪੁਰਾਣੁ॥ *(ਆਸਾ ਕੀ ਵਾਰ, ਪੰਨਾ ੪੭੨)*
ਅਤੇ—
ਨੀਲ ਬਸਤ੍ਰ ਲੇ ਕਪੜੇ ਪਹਿਰੇ
ਤੁਰਕ ਪਠਾਣੀ ਅਮਲੁ ਕੀਆ॥ *(ਵਾਰ ਆਸਾ, ਪੰਨਾ ੪੭੦)*

(3) ਬੋਲੀ ਬਾਰੇ
ਆਦਿ ਪੁਰਖ ਕਉ ਅਲਹੁ ਕਹੀਐ, ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ, ਐਸੀ ਕੀਰਤਿ ਚਾਲੀ॥
ਕੂਜਾ ਬਾਂਗ, ਨਿਵਾਜ, ਮੁਸਲਾ, ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ, ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ॥

*(ਬਸੰਤ ਹਿੰਡੋਲ, ਮ: ੧, ਪੰਨਾ ੧੧੯੧)*

### (ਹ) ਬੇਇਨਸਾਫ਼ੀ ਅਤੇ ਰਿਸ਼ਵਤਖੋਰੀ

ਸਰਕਾਰ ਵੱਲੋਂ ਕਾਜ਼ੀਆਂ ਨੂੰ ਇਨਸਾਫ ਦੀ ਕੁਰਸੀ ਉਤੇ ਬਿਠਾਇਆ ਗਿਆ ਸੀ, ਜੋ ਮੁਸਲਮਾਨੀ ਸ਼ਰ੍ਹਾ ਦੇ ਮੁਤਾਬਿਕ ਆਪਣੇ ਫੈਸਲੇ ਸੁਣਾਉਂਦੇ ਸਨ। ਇਹ ਲੋਕ ਅਜਿਹਾ ਪਹਿਰਾਵਾ ਪਹਿਨਦੇ ਸਨ ਜਿਸ ਕਰਕੇ ਬੜੇ ਧਰਮੀ ਅਤੇ ਈਮਾਨਦਾਰ ਨਜ਼ਰ ਆਉਣ, ਪਰ ਆਚਰਨ ਦੇ ਪੱਖੋਂ ਇਨ੍ਹਾਂ ਦਾ ਵੀ ਦੀਵਾਲਾ ਨਿਕਲ ਚੁਕਾ ਸੀ ਰਿਸ਼ਵਤ ਲੈ ਕੇ ਆਪਣੇ ਫੈਸਲੇ ਬਦਲ ਦਿੰਦੇ ਸਨ—ਦੋਸ਼ੀਆਂ ਨੂੰ ਬਰੀ ਕਰ ਦਿੰਦੇ ਸਨ ਅਤੇ ਨਿਰਦੋਸ਼ ਲੋਕਾਂ ਨੂੰ ਸਜ਼ਾ ਦੇ ਦਿੰਦੇ ਸਨ। ਸ਼ਰ੍ਹਾ ਦੀਆਂ ਪੁਸਤਕਾਂ ਅਰਬੀ-ਫਾਰਸੀ ਵਿਚ ਹੋਣ ਕਰਕੇ, ਉਨ੍ਹਾਂ ਦੇ ਮਨ-ਭਾਉਂਦੇ ਅਰਥ ਕਰਕੇ ਲੋਕਾਂ ਨੂੰ ਦੱਸ ਦਿੰਦੇ ਸਨ। ਇਨ੍ਹਾਂ ਲੋਕਾਂ ਦੀ ਦਸ਼ਾ ਬਾਰੇ ਸਤਿਗੁਰੂ ਫੁਰਮਾਉਂਦੇ ਹਨ :—

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥

*(ਵਾਰ ਰਾਮਕਲੀ, ਸਲੋਕ ਮ: ੧, ਪੰਨਾ ੯੫੧)*

ਹਾਕਮ ਸ਼ਰੇਣੀ ਵਿਚ ਭਾਵੇਂ ਮੁਸਲਮਾਨ ਸਨ, ਭਾਵੇਂ ਹਿੰਦੂ (ਕਸ਼ੱਤਰੀ), ਸਭ ਆਮ ਜਨਤਾ ਨੂੰ ਲੁੱਟ ਰਹੇ ਸਨ ਅਤੇ ਉਹਨਾਂ ਸਭਨਾਂ ਨੇ ਧਾਰਮਕ ਪਹਿਰਾਵਾ ਅਖਤਿਆਰ ਕੀਤਾ ਹੋਇਆ ਸੀ। ਜਿਥੇ ਮੁਸਲਮਾਨ ਹਾਕਮ ਵੱਢੀ (ਰਿਸ਼ਵਤ) ਲੈਂਦੇ ਸਨ; ਉਥੇ ਉਹ ਨਿਮਾਜ਼ ਪੜ੍ਹਨ ਤੇ ਹੋਰ ਧਾਰਮਕ ਮਰਯਾਦਾ ਨੂੰ ਨਿਭਾਉਣ ਵਿਚ ਵੀ ਢਿੱਲ ਨਹੀਂ ਸਨ ਕਰਦੇ। ਦੂਜੇ ਪਾਸੇ ਹਿੰਦੂਆਂ ਵਿਚੋਂ ਜਨੇਊ-ਧਾਰੀ ਖੱਤਰੀ ਵੀ ਲੋਕਾਂ ਦਾ ਖੂਨ ਚੂਸਣ ਵਿਚ ਲੱਗੇ ਹੋਏ ਸਨ, ਇਨ੍ਹਾਂ ਦਾ ਸ਼ਿਕਾਰ ਵਧੇਰੇ ਕਰਕੇ ਹਿੰਦੂ ਜਨਤਾ ਹੀ ਹੁੰਦੀ ਸੀ, ਕਿਉਂਕਿ ਉਸਦੀ ਸੁਣਨ ਵਾਲਾ ਕੋਈ ਨਹੀਂ ਸੀ। ਮੁਸਲਮਾਨ ਜਨਤਾ ਦੀ ਤਾਂ ਸੁਣੀ ਜਾਂਦੀ ਸੀ। ਹਾਕਮ ਸ਼ਰੇਣੀ ਦੇ ਮੁਸਲਮਾਨ ਇਹ ਹਮੇਸ਼ਾ ਹੀ ਖਿਆਲ ਰਖਦੇ ਸਨ ਕਿ ਉਨ੍ਹਾਂ ਦੇ ਧਰਮ-ਭਾਈ ਖੁਸ਼ ਰਹਿਣ ਅਤੇ ਉਨ੍ਹਾਂ ਦਾ ਸਾਥ ਦਿੰਦੇ ਰਹਿਣ। ਉੱਧਰ ਬ੍ਰਾਹਮਣਾਂ ਦਾ ਇਹ ਹਾਲ ਸੀ ਕਿ ਉਹ ਗਰੀਬ ਹਿੰਦੂ ਜਨਤਾ ਦਾ ਖੂਨ ਪੀਣ ਵਾਲੇ ਖੱਤਰੀਆਂ ਦੇ ਘਰੀਂ ਜਾ ਕੇ ਸਭ ਧਰਮ-ਕਰਮ ਕਰਦੇ ਸਨ; ਖੱਤਰੀਆਂ ਦੀ ਪਾਪ ਦੀ ਕਮਾਈ ਦੀ ਭੇਟਾ ਸਵੀਕਾਰ ਕਰਦੇ ਸਨ। ਇਸ ਸਾਰੀ ਹਾਲਤ ਨੂੰ ਗੁਰੂ ਪਾਤਸ਼ਾਹ ਨੇ ਇੰਝ ਬਿਆਨ ਕੀਤਾ ਹੈ :

ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥

ਉਨ੍ਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥
ਕੂੜੁ ਬੋਲਿ ਕਰਹਿ ਆਹਾਰੁ॥ *(ਆਸਾ ਕੀ ਵਾਰ, ਪੰਨਾ ੪੭੧)*

ਗੁਰੂ ਜੀ ਆਖਦੇ ਹਨ—ਲੋਕਾਂ ਦਾ ਆਚਰਨ ਬਹੁਤ ਨਿਘਰ ਗਿਆ ਹੈ। ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ਲੋਕ, ਲੁਕ ਛਿਪ ਕੇ ਵਿਕਾਰ (ਪਾਪ) ਕਰ ਕੇ ਵੀ ਬਾਹਰੀ ਭੇਖ ਨਾਲ ਇਹ ਹੀ ਜ਼ਾਹਿਰ ਕਰਦੇ ਹਨ ਕਿ ਉਹ ਧਰਮ ਦੀ ਕਮਾਈ ਕਰ ਰਹੇ ਹਨ। ਆਪਣੇ ਆਪ ਨੂੰ ਧਰਮ-ਗੁਰੂ ਕਹਾਉਣ ਵਾਲੇ ਲੋਕ ਚੇਲਿਆਂ ਤੋਂ ਮਾਇਆ ਬਟੋਰਨ ਲਈ ਉਨ੍ਹਾਂ (ਚੇਲਿਆਂ) ਦੇ ਘਰ ਸਿਖਿਆ ਦੇਣ ਜਾਂਦੇ ਹਨ। ਸਭ, ਰੁਪਏ-ਪੈਸੇ ਨੂੰ ਹੀ ਪਿਆਰ ਕਰਦੇ ਹਨ। ਇਸਤ੍ਰੀ ਦਾ ਆਪਣੇ ਪਤੀ ਨਾਲ ਤਾਂ ਹੀ ਪਿਆਰ ਹੈ ਜੇ ਉਹ ਰੁਪਿਆ-ਪੈਸਾ ਖੱਟ-ਕਮਾ ਕੇ ਲਿਆਵੇ, ਨਹੀਂ ਤਾਂ ਪਤੀ ਭਾਵੇਂ ਘਰ ਆਵੇ ਜਾਂ ਘਰੋਂ ਚਲਾ ਜਾਵੇ, ਇਸਤ੍ਰੀ ਉਸਦੀ ਪ੍ਰਵਾਹ ਨਹੀਂ ਕਰਦੀ :

ਸਤੀ ਪਾਪੁ ਕਰਿ ਸਤੁ ਕਮਾਹਿ॥
ਗੁਰ ਦੀਖਿਆ ਘਰਿ ਦੇਵਣ ਜਾਹਿ॥
ਇਸਤਰੀ ਪੁਰਖੈ ਖਟਿਐ ਭਾਉ॥
ਭਾਵੈ ਆਵਉ ਭਾਵੈ ਜਾਉ॥
*(ਰਾਮਕਲੀ ਕੀ ਵਾਰ, ਸਲੋਕ ਮ:੧, ਪੰਨਾ ੯੫੧)*

**(ਕ) ਸਮਾਜ ਵਿਚ ਇਸਤਰੀ ਦੀ ਦਸ਼ਾ**

ਸਮਾਜ ਵਿਚ ਇਸਤ੍ਰੀ ਦੀ ਦਸ਼ਾ ਵੀ ਬਹੁਤ ਤਰਸਯੋਗ ਸੀ। ਸ਼ੂਦਰਾਂ ਦੀ ਤਰ੍ਹਾਂ ਉਸਨੂੰ ਵੀ ਜਨੇਊ ਧਾਰਨ ਕਰਨ (ਹਿੰਦੂ ਧਰਮ ਅਪਨਾਉਣ) ਦਾ ਕੋਈ ਅਧਿਕਾਰ ਨਹੀਂ ਸੀ। ਉਸਦਾ ਕੰਮ ਤਾਂ ਰਸੋਈ ਵਿਚ ਰੋਟੀ ਪਕਾਉਣਾ, ਘਰ ਦੇ ਹੋਰ ਛੋਟੇ ਮੋਟੇ ਕੰਮ ਕਰਨਾ ਜਾਂ ਸੰਤਾਨ ਦੀ ਉਤਪਤੀ ਕਰਨਾ ਹੀ ਸੀ। ਉਸਦੀ ਆਪਣੀ ਕੋਈ ਮਰਜ਼ੀ ਨਹੀਂ ਸੀ, ਉਸਨੂੰ ਸੋਚਣ ਦਾ ਅਧਿਕਾਰ ਨਹੀਂ ਸੀ; ਉਸਦਾ ਪਰਮ ਧਰਮ ਤਾਂ ਆਪਣੇ 'ਪਤੀ-ਪਰਮਾਤਮਾ' ਨੂੰ ਖੁਸ਼ ਰੱਖਣਾ ਹੀ ਸੀ। ਉਹ ਆਦਮੀ ਦੀਆਂ ਖੁਸ਼ੀਆਂ ਬਦਲੇ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੀ ਸੀ, ਪਰ ਆਦਮੀ ਉਸ ਨੂੰ ਇਕ ਪਸ਼ੂ ਦੀ ਤਰ੍ਹਾਂ ਹੀ ਸਮਝਦਾ ਸੀ, ਜਿਸਨੂੰ ਜਦੋਂ ਲੋੜ ਪਵੇ ਕੁਝ ਪੈਸਿਆਂ ਬਦਲੇ ਵੇਚਿਆ ਜਾ ਸਕਦਾ ਸੀ। ਪਤੀ ਦੇ ਮਰਨ ਮਗਰੋਂ ਉਸਨੂੰ ਮਜ਼ਬੂਰਨ 'ਸਤੀ' ਹੋਣਾ ਪੈਂਦਾ ਸੀ। ਇਥੇ ਹੀ ਬੱਸ ਨਹੀਂ ਧਰਮ-ਮੰਦਰਾਂ ਦੇ ਪੁਜਾਰੀਆਂ ਦੀ ਕਾਮ-ਭੁੱਖ ਦੂਰ ਕਰਨ ਲਈ ਉਨ੍ਹਾਂ ਨੂੰ 'ਦੇਵ ਦਾਸੀ' ਬਣਨਾ ਪੈਂਦਾ ਸੀ। ਬ੍ਰਹਮਣੀ ਧਰਮ ਪੁਸਤਕਾਂ, ਪੁਰਾਣ, ਮਨੂ ਸਿਮ੍ਰਤੀ, ਯੋਗੀਆਂ ਦੇ ਪਰਚਾਰ ਆਦਿਕਾਂ ਦੇ ਅਸਰ ਥੱਲੇ ਇਸਤ੍ਰੀ ਨੂੰ ਮਨੁੱਖ ਦੇ ਧਾਰਮਕ ਜੀਵਨ ਵਿਚ ਰੁਕਾਵਟ, ਅਗਿਆਨਣ, ਸਭ

ਦੁਖਾਂ ਦਾ ਮੂਲ ਕਾਰਨ; ਕੁਰਾਹੇ ਪਾਉਣ ਵਾਲੀ ਨਸ਼ੀਲੀ ਸ਼ਰਾਬ, ਮਾਰੂ ਜਹਿਰ ਸਮਝਿਆ ਜਾਂਦਾ ਸੀ। ਮਨੂ ਮਹਾਰਾਜ ਲਿਖਦੇ ਹਨ 'ਇਸਤਰੀਆਂ ਅਗਿਆਨਣਾਂ ਹਨ, ਵੇਦ ਮੰਤਰਾਂ ਤੋਂ ਵਾਂਝੀਆਂ ਹਨ ਅਤੇ ਝੂਠ ਦੀਆਂ ਮੂਰਤਾਂ ਹਨ।'

*(ਮਨੂ ਸਿਮ੍ਰਤੀ, ਅਧਿਆਇ 5, ਸਲੋਕ 47-48)*

ਪਦਮ ਪੁਰਾਣ ਵਿਚ ਇਸਤਰੀ ਦੀ ਬਹੁਤ ਦੁਰਗਤੀ ਕੀਤੀ ਗਈ ਹੈ। ਲਿਖਿਆ ਹੈ :

"ਪਤੀ ਭਾਵੇਂ ਬਹੁਤ ਹੀ ਬੁੱਢਾ ਹੋਵੇ; ਕਰੂਪ ਹੋਵੇ, ਲੰਗੜਾ-ਲੂਲਾ, ਕੋਹੜੀ ਹੋਵੇ, ਡਾਕੂ, ਚੋਰ, ਕਾਤਲ ਹੋਵੇ, ਸ਼ਰਾਬੀ ਹੋਵੇ, ਜੂਏਬਾਜ਼ ਤੇ ਰੰਡੀ-ਬਾਜ਼ ਹੋਵੇ, ਸ਼ਰੇਆਮ ਪਾਪ ਕਰਦਾ ਫਿਰੇ, ਪਰ ਪਤਨੀ ਨੂੰ ਫਿਰ ਵੀ ਉਸਨੂੰ ਪਰਮਾਤਮਾ ਵਾਂਗ ਪੂਜਣਾ ਚਾਹੀਦਾ ਹੈ।"

ਯੋਗੀਆਂ, ਜੈਨੀਆਂ, ਸਿੱਧਾਂ, ਤੁਲਸੀ ਦਾਸ ਵਰਗੇ 'ਭਗਤਾਂ', ਦੇ ਵੀ ਇਸਤ੍ਰੀ ਬਾਰੇ ਇਹੋ ਜਿਹੇ ਵਿਚਾਰ ਹੀ ਸਨ। ਮੁਸਲਮਾਨਾਂ ਵਿਚ ਵੀ ਇਸਤ੍ਰੀ ਨੂੰ ਮਸਜਿਦ ਵਿਚ ਜਾ ਕੇ ਧਰਮ-ਕਰਮ ਕਰਨ ਅਤੇ ਉਪਦੇਸ਼ ਕਰਨ ਦਾ ਕੋਈ ਅਧਿਕਾਰ ਨਹੀਂ ਸੀ।

ਐਸੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਇਸਤ੍ਰੀ ਨਾਲ ਹੋ ਰਹੇ ਘੋਰ ਅਨਿਆਂ ਵਿਰੁਧ ਆਵਾਜ਼ ਉਠਾਈ ਅਤੇ ਆਖਿਆ ਕਿ ਜਿਸ ਇਸਤ੍ਰੀ ਨੇ ਧਰਮੀ ਰਾਜਿਆਂ, ਭਗਤਾਂ, ਫ਼ਿਲਾਸਫਰਾਂ ਸੂਰਮਿਆਂ ਨੂੰ ਜਨਮ ਦਿੱਤਾ ਹੈ, ਉਸਨੂੰ ਮੰਦਾ ਨਹੀਂ ਆਖਣਾ ਚਾਹੀਦਾ। ਸੱਚਾ-ਧਰਮ ਲਿੰਗ-ਵਿਤਕਰੇ ਨੂੰ ਸਵੀਕਾਰ ਨਹੀਂ ਕਰਦਾ। ਵਾਹਿਗੁਰੂ ਦੀਆਂ ਨਜ਼ਰਾਂ ਵਿਚ ਤਾਂ ਉਹੀ ਮੁਖ (ਭਾਵੇਂ ਇਸਤਰੀ ਹੋਵੇ-ਭਾਵੇਂ ਪੁਰਸ਼) ਉੱਜਲੇ ਹਨ, ਜਿਹੜੇ ਪ੍ਰਭੂ ਪਿਆਰ ਵਿਚ ਰੰਗੇ ਹੋਏ ਹਨ :

ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ॥
ਭੰਡੁ ਮੁਆ, ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ, ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ, ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ, ਭਾਗਾ ਰਤੀ ਚਾਰਿ॥
ਨਾਨਕ, ਤੇ ਮੁਖ ਊਜਲੇ, ਤਿਤੁ ਸਚੈ ਦਰਬਾਰਿ॥

*(ਆਸਾ ਕੀ ਵਾਰ, ਮ: ੧, ਪੰਨਾ ੪੭੩)*

ਸੋ, ਗੁਰੂ ਜੀ ਦੇ ਆਗਮਨ ਸਮੇਂ ਦਾ ਭਾਰਤੀ ਸਮਾਜ ਕਈ ਤਰ੍ਹਾਂ ਦੇ ਮਤ-

ਮਤਾਂਤਰਾਂ ਵਿਚ ਵੰਡਿਆ ਪਿਆ ਸੀ। ਵਰਣਾਂ, ਜਾਤਾਂ ਵਿਚ ਵੰਡੇ ਹੋਏ ਲੋਕੀਂ ਆਪਸ ਵਿਚ ਈਰਖਾ ਅਤੇ ਵੈਰ-ਵਿਰੋਧ ਦੀ ਭਾਵਨਾ ਦਾ ਸ਼ਿਕਾਰ ਸਨ। ਜਿਥੇ ਮੁਸਲਮਾਨ (ਹਾਕਮ ਹੋਣ ਕਰਕੇ) ਨਿਰਦਈ, ਜ਼ਾਲਮ ਅਤੇ ਬੇਰਹਿਮ ਬਣ ਚੁਕੇ ਸਨ, ਉਥੇ ਹਿੰਦੂ ਸਮਾਜ ਨਿਰਬਲ, ਡਰਾਕਲ ਤੇ ਬੇਅਣਖਾ ਹੋ ਚੁਕਾ ਸੀ; ਉਸ ਨੇ ਵਿਦੇਸ਼ੀ ਹਮਲਾਵਰਾਂ ਦੀ ਬੋਲੀ, ਪਹਿਰਾਵੇ, ਖਾਣ-ਪੀਣ ਦੇ ਢੰਗਾਂ ਅਤੇ ਵਿਸ਼ਵਾਸਾਂ ਨੂੰ ਅਪਣਾ ਲਿਆ ਸੀ। ਆਮ ਜਨਤਾ, ਸਰਕਾਰੀ ਨੌਕਰ, ਖੱਤਰੀਆਂ ਅਤੇ ਕਾਜ਼ੀਆਂ ਦੀ ਬੇਇਨਸਾਫੀ ਦਾ ਸ਼ਿਕਾਰ ਬਣ ਰਹੀ ਸੀ। ਸ਼ੂਦਰਾਂ ਅਤੇ ਇਸਤਰੀਆਂ ਨਾਲ ਪਸ਼ੂਆਂ ਤੋਂ ਵੀ ਬੁਰਾ ਸਲੂਕ ਕੀਤਾ ਜਾ ਰਿਹਾ ਸੀ। ਰਿਸ਼ਵਤਖੋਰੀ ਹਰ ਪਾਸੇ ਫੈਲੀ ਹੋਈ ਸੀ; ਚਾਂਦੀ ਦੇ ਕੁਝ ਸਿਕਿਆਂ ਨਾਲ ਮਨੁੱਖ ਦਾ ਈਮਾਨ ਖਰੀਦਿਆ ਜਾਂਦਾ ਸੀ। ਮਨੁੱਖੀ ਸਮਾਜ ਵਿਚ ਧਾਰਮਕ ਅਤੇ ਸਦਾਚਾਰਕ ਗੁਣਾਂ ਦਾ ਸਫ਼ਾਇਆ ਹੀ ਹੋ ਚੁਕਾ ਸੀ।

# ਗੁਰੂ ਨਾਨਕ ਆਗਮਨ ਸਮੇਂ ਦੀ ਰਾਜਸੀ ਦਸ਼ਾ

ਅੱਠਵੀਂ ਸਦੀ ਦੇ ਸ਼ੁਰੂ ਵਿਚ ਹੀ ਮੁਸਲਮਾਨਾਂ ਨੇ ਹਿੰਦੋਸਤਾਨ ਉਪਰ ਹਮਲੇ ਕਰਨੇ ਆਰੰਭ ਕਰ ਦਿਤੇ ਸਨ। ਪਹਿਲਾ ਹਮਲਾ ਮੁਹੰਮਦ ਬਿਨ ਕਾਸਮ ਨੇ ਸੰਨ 712 ਈ: ਵਿਚ ਕੀਤਾ। ਉਦੋਂ ਤੋਂ ਹੀ ਇਸ ਦੇਸ਼ ਦੇ ਦੁਖੜੇ ਆਰੰਭ ਹੋ ਗਏ। ਪਰਦੇਸੀ ਹਮਲਾਵਰ ਇਸ ਦੇਸ਼ ਦਾ ਧਨ-ਦੌਲਤ ਕਈ ਵਾਰ ਖੋਹ ਕੇ ਲੈ ਗਏ। ਜੇਤੂਆਂ ਦੇ ਲਾਲਚ, ਵਿਸ਼ਈ ਵਾਸ਼ਨਾਵਾਂ ਤੇ ਕਾਮਚੇਸ਼ਟਾ ਦੀ ਪੂਰਤੀ ਲਈ ਇਸ ਦੇਸ਼ ਦੇ ਲੱਖਾਂ ਬੱਚੇ-ਬੱਚੀਆਂ ਗੁਲਾਮ ਬਣਾ ਕੇ ਲਿਜਾਏ ਗਏ। "ਕਾਫਰਾਂ" (ਗੈਰ-ਮੁਸਲਮਾਨਾਂ) ਤੇ ਕੀਤੇ ਗਏ ਇਹ ਕਾਰੇ ਖ਼ੁਦਾ ਦੀ ਖਾਤਰ ਕੀਤੇ ਗਏ ਜਹਾਦ ਜਾਂ ਧਰਮ ਜੁਧ ਆਖੇ ਜਾਂਦੇ ਸਨ। ਸੱਯਦ ਮੁਹੰਮਦ ਲਤੀਫ (History of Punjab, ਦੇ ਪੰਨਾ 75-76) ਦੇ ਮੁਤਾਬਕ ਮੁਹੰਮਦ ਸਾਹਿਬ ਦਾ ਫੁਰਮਾਨ ਹੈ :

"ਤਲਵਾਰ ਸਵਰਗ ਤੇ ਨਰਕ ਦੀ ਕੁੰਜੀ ਹੈ। ਮੁਸਲਮਾਨ ਲਈ ਖ਼ੁਦਾ ਦੇ ਰਾਹ ਉਤੇ ਲਹੂ ਦਾ ਇਕ ਤੁਬਕਾ ਡੋਲ੍ਹਣਾ, ਤੇ ਲੜਾਈ ਦੇ ਮੈਦਾਨ ਵਿਚ ਰਾਤ ਕੱਟਣੀ ਦੋ ਮਹੀਨਿਆਂ ਦੇ ਰੋਜ਼ਿਆਂ ਤੇ ਨਿਮਾਜ਼ਾਂ ਨਾਲੋਂ ਵਧੇਰੇ ਗੁਣਕਾਰੀ ਹੈ। ਜਿਹੜਾ ਮੁਸਲਮਾਨ ਲੜਾਈ ਦੇ ਮੈਦਾਨ ਵਿਚ ਮਰਦਾ ਹੈ, ਉਹ ਸਿੱਧਾ ਬਹਿਸ਼ਤ ਨੂੰ ਜਾਂਦਾ ਹੈ। ਬਹਿਸ਼ਤਾਂ ਵਿਚ ਮੋਹਿਤ ਕਰ ਲੈਣ ਵਾਲੀਆਂ ਸੁੰਦਰ ਹੂਰਾਂ ਅਜਿਹੇ ਸ਼ਹੀਦਾਂ ਦੀ ਬੇ-ਸਬਰੀ ਨਾਲ ਉਡੀਕ ਕਰ ਰਹੀਆਂ ਹਨ। ਉਥੇ ਬਹਾਦਰ ਸ਼ਹੀਦ ਸਦਾ ਲਈ ਅਨੰਦ ਅਤੇ ਮੌਜ ਦਾ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਨੂੰ ਕੋਈ ਚਿੰਤਾ ਫਿਕਰ ਨਹੀਂ ਵਾਪਰਦਾ, ਅਤੇ ਹੱਦ ਤੋਂ ਵਧ ਸਰੀਰਕ ਭੋਗ ਕਰਨ ਦਾ ਉਨ੍ਹਾਂ ਉਤੇ ਕੋਈ ਬੁਰਾ ਅਸਰ ਨਹੀਂ ਹੁੰਦਾ। ਉਨ੍ਹਾਂ ਦੇ ਰਹਿਣ ਲਈ ਸੁੰਦਰ ਮਹਿਲ ਹੋਣਗੇ, ਜੋ ਖ਼ੁਸ਼ੀਆਂ ਭਰੇ ਜੀਵਨ ਦੇ ਹੋਰ ਹਰ ਪ੍ਰਕਾਰ ਦੇ ਸਮਾਨ ਨਾਲ ਭਰਪੂਰ ਹੋਣਗੇ।"

ਅਜਿਹੀ ਧਾਰਮਕ ਸਿਖਿਆ ਨੇ ਮੁਸਲਮਾਨਾਂ ਨੂੰ ਬੇਹੱਦ ਅਤਿਆਚਾਰੀ ਬਣਾ ਦਿਤਾ ਸੀ। ਅਤੇ ਉਨ੍ਹਾਂ ਨੇ ਜੋਸ਼ ਵਿਚ ਅੰਨ੍ਹੇ ਹੋ ਕੇ ਇਥੋਂ ਦੇ ਵਸਨੀਕਾਂ ਤੇ ਜੋ ਜ਼ੁਲਮ ਕੀਤੇ, ਉਹ ਇਸਲਾਮ ਦੀ ਸੇਵਾ ਸਮਝ ਕੇ ਹੀ ਕੀਤੇ। ਇਸੇ ਕਾਰਨ ਵੀ.ਏ. ਸਮਿਥ ਆਪਣੀ ਪੁਸਤਕ 'ਇੰਡੀਆ ਇਨ ਮੁਸਲਮ ਪੀਰੀਅਡ' ਦੇ ਸਫਾ 257 ਤੇ ਲਿਖਦਾ ਹੈ "ਉਨ੍ਹਾਂ ਦੇ ਵਹਿਸ਼ੀਆਨਾ ਮਜ਼ਹਬੀ ਜਨੂੰਨ ਨੇ ਜਿਸ ਅਨੁਸਾਰ ਗ਼ੈਰ ਮੁਸਲਮਾਨਾਂ ਨੂੰ ਮਾਰਨਾ ਇਕ ਅਜੇਹੀ ਸੇਵਾ ਸੀ ਜਿਹੜੀ ਖ਼ੁਦਾ ਨੂੰ ਬਹੁਤ ਹੀ ਚੰਗੀ ਲਗਦੀ ਸੀ, ਇਨ੍ਹਾਂ ਨੂੰ ਬਿਲਕੁਲ ਬੇਕਿਰਕ ਬਣਾ ਦਿਤਾ।"

ਅਰਬੀ ਜੇਤੂਆਂ ਦੇ ਮਗਰੋਂ ਅਫ਼ਗਾਨ ਲੁਟੇਰੇ ਆਏ। ਮਹਿਮੂਦ ਗਜ਼ਨਵੀ ਦੇ ਹਮਲਿਆਂ ਨੇ ਦੇਸ਼ ਵਿਚ ਹਾ-ਹਾ ਕਾਰ ਤੇ ਤਬਾਹੀ ਮਚਾ ਦਿਤੀ। ਉਸਨੇ 1001

ਤੋਂ 1024 ਤਕ ਕਈ ਹਮਲੇ ਕੀਤੇ। ਉਸ ਦੁਆਰਾ ਕੀਤੀ ਗਈ ਸੋਮਨਾਥ ਦੇ ਮੰਦਰ ਦੀ ਲੁੱਟ ਤਾਂ ਇਤਿਹਾਸ ਪ੍ਰਸਿਧ ਹੈ। ਉਸ ਪਿਛੋਂ ਹੋਰ ਹਮਲਾਵਰ ਵੀ ਆਏ। ਮੰਦਰ ਢਾਹੇ ਗਏ, ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਜਿਹੜੇ ਮਰਦ ਤੀਵੀਆਂ ਤੇ ਬੱਚੇ ਇਸ ਕਤਲਿਆਮ ਤੋਂ ਬਚ ਜਾਂਦੇ ਸਨ, ਉਨ੍ਹਾਂ ਨੂੰ ਦੇਸੋਂ ਬਾਹਰ ਲਿਜਾਇਆ ਜਾਂਦਾ ਸੀ ਅਤੇ ਉਥੇ ਵੇਚਿਆ ਜਾਂਦਾ ਸੀ।

ਹੌਲੀ ਹੌਲੀ ਹਮਲਾਵਰਾਂ ਨੂੰ ਏਥੇ ਪੱਕਾ ਰਾਜ ਸਥਾਪਤ ਕਰਨ ਦਾ ਖਿਆਲ ਆਇਆ। ਉਨ੍ਹਾਂ ਨੇ ਦੇਸ ਉਤੇ ਕਬਜ਼ਾ ਕਰ ਕੇ ਇਥੋਂ ਦੇ ਲੋਕਾਂ ਨੂੰ ਬਦੋ-ਬਦੀ, ਧੱਕੇ, ਜ਼ਬਰ ਅਤੇ ਤਲਵਾਰ ਦੇ ਜ਼ੋਰ ਨਾਲ ਦੀਨ (ਇਸਲਾਮ) ਮਨਵਾਇਆ ਤੇ ਆਪਣਾ ਰਾਜ ਕਾਇਮ ਕੀਤਾ। ਜਿਉਂ ਜਿਉਂ ਉਨ੍ਹਾਂ ਦਾ ਰਾਜ ਪੱਕਾ ਹੁੰਦਾ ਗਿਆ, ਤਿਉਂ ਤਿਉਂ ਜ਼ੁਲਮ ਹੋਰ ਵਧਣ ਲਗ ਪਏ।

200-300 ਸਾਲ ਇਵੇਂ ਹੀ ਬੀਤ ਗਏ। ਵਾਰੀ ਵਾਰੀ ਅੱਧੀ ਦਰਜਨ ਖਾਨਦਾਨਾਂ ਨੇ ਦਿਲੀ ਦੇ ਸੁਲਤਾਨ ਬਣਨ ਦੀ ਕੋਸ਼ਿਸ਼ ਕੀਤੀ। ਪਰ ਉਹ ਪੱਕੇ ਤੌਰ ਤੇ ਸਾਰੇ ਹਿੰਦੋਸਤਾਨ ਤੇ ਕਾਬਜ਼ ਨਾ ਹੋ ਸਕੇ। ਉਨ੍ਹਾਂ ਦਾ ਰਾਜ ਦਿੱਲੀ ਦੇ ਆਲੇ ਦੁਆਲੇ ਦੇ ਇਲਾਕਿਆਂ ਤਕ ਹੀ ਸੀਮਿਤ ਰਿਹਾ। ਬਾਕੀ ਦੇਸ਼ ਦਾ ਹਿਸਾ ਸੁਤੰਤਰ ਨਵਾਬਾਂ ਦੇ ਅਧੀਨ ਹੁੰਦਾ ਸੀ, ਅਤੇ ਉਹ ਜੋ ਜੀਅ ਕਰਦਾ ਸੀ, ਕਰਦੇ ਸਨ। ਹਿੰਦੂਆਂ ਉਤੇ ਬਹੁਤ ਜ਼ੁਲਮ ਢਾਹੇ ਗਏ। ਉਸ ਸਮੇਂ ਬਾਰੇ ਕੁਝ ਮੁਸਲਮਾਨ ਇਤਿਹਾਸਕਾਰਾਂ ਦੀ ਰਾਏ ਇਸ ਪਰਕਾਰ ਹੈ :

1. 'ਕਾਮਿਲੁਤਵਾਰੀਖ' ਵਿਚ ਇਬਨ ਅਸੀਰ ਲਿਖਦਾ ਹੈ ਕਿ ਗਜ਼ਨੀ ਦੇ ਸ਼ਹਾਬੁਦੀਨ ਨੇ ਅਜਮੇਰ ਦੇ ਹਜ਼ਾਰਾਂ ਵਸਨੀਕ ਮਾਰ ਦਿਤੇ ਅਤੇ ਬਾਕੀਆਂ ਨੂੰ ਗੁਲਾਮ ਬਣਾਉਣ ਲਈ ਰੱਖ ਲਿਆ। ਬਨਾਰਸ ਵਿਚ ਵੀ ਅਣਗਿਣਤ ਮਰਦਾਂ, ਤੀਵੀਆਂ ਤੇ ਬੱਚਿਆਂ ਨੂੰ ਪਾਰ ਬੁਲਾਇਆ ਗਿਆ।

2. 'ਤਾਜੁਲ ਆਸਿਰ' ਵਿਚ ਹਸਨ ਨਿਜ਼ਾਮੇ-ਨੈਸ਼ਾਪੁਰੀ ਲਿਖਦਾ ਹੈ ਕਿ ਕੁਤਬਦੀਨ ਐਬਕ (1194-1210) ਨੇ ਮੇਰਠ ਵਿਚ ਹਿੰਦੂਆਂ ਦੇ ਮੰਦਰ ਢਾਹੇ ਅਤੇ ਉਨ੍ਹਾਂ ਦੀ ਥਾਂ ਮਸੀਤਾਂ ਬਣਵਾਈਆਂ। ਸ਼ਹਿਰ ਕਾਇਲ ਦੇ, ਜਿਸ ਨੂੰ ਅੱਜ ਕੱਲ ਅਲੀਗੜ੍ਹ ਕਹਿੰਦੇ ਹਨ, ਹਿੰਦੂਆਂ ਨੂੰ ਉਸ ਨੇ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਇਆ, ਅਤੇ ਜਿਨ੍ਹਾਂ ਨੇ ਆਪਣਾ ਧਰਮ ਛੱਡਣੋਂ ਨਾਂਹ ਕੀਤੀ, ਉਨ੍ਹਾਂ ਨੂੰ ਮਾਰ ਮੁਕਾਇਆ। ਕਾਲੰਜਰ ਵਿਚ ਉਸ ਨੇ 113 ਮੰਦਰ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਬਣਵਾਈਆਂ, ਇਕ ਲੱਖ ਹਿੰਦੂਆਂ ਨੂੰ ਤਲਵਾਰ ਭੇਟ ਕੀਤਾ ਅਤੇ ਪੰਜਾਹ ਕੁ ਹਜ਼ਾਰ ਹੋਰਨਾਂ ਨੂੰ ਗੁਲਾਮ ਬਣਾਇਆ।

3. ਮਿਨਹਾਜੁਲ ਸਿਰਾਜ ਦੀ ਪੁਸਤਕ 'ਤਬਕਾਤਿ ਨਾਸਿਰੀ' ਵਿਚ ਲਿਖਿਆ ਹੋਇਆ ਹੈ ਕਿ ਜਦ ਮੁਹੰਮਦ ਬਖਤਿਆਰ ਖਿਲਜੀ ਨੇ ਬਿਹਾਰ ਫਤਹਿ

ਕੀਤਾ ਤਾਂ ਉਸਨੇ ਇਕ ਲੱਖ ਬ੍ਰਾਹਮਣਾਂ ਨੂੰ ਕਤਲ ਕੀਤਾ ਅਤੇ ਪੁਰਾਤਨ ਸੰਸਕ੍ਰਿਤ ਪੁਸਤਕਾਂ ਦੇ ਬੜੇ ਬਹੁਮੁਲੇ ਪੁਸਤਕਾਲੇ ਨੂੰ ਸਾੜ ਦਿਤਾ।

4. ਤਾਜ਼ੀਆਤੁਲ ਅਮਸਾਰ ਵਾ ਤਜ਼ਰੀਆਤੁਲ ਅਸਾਰ ਵਿਚ ਅਬਦੁਲਾ ਵੱਸਫ ਲਿਖਦਾ ਹੈ ਕਿ ਜਦ ਇਲਾਉਦੀਨ ਖਿਲਜੀ (1295-1316) ਨੇ ਕੰਬੇ ਖਾੜੀ ਦੇ ਮੂੰਹ ਪਾਸੇ ਵਸਦੇ ਸ਼ਹਿਰ ਕੰਬਆਤ ਉਤੇ ਕਬਜ਼ਾ ਕੀਤਾ ਤਾਂ ਉਸਨੇ ਇਸਲਾਮ ਦੀ ਸ਼ਾਨ ਤੇ ਵਡਿਆਈ ਦੀ ਖਾਤਰ ਉਥੋਂ ਦੇ ਸਾਰੇ ਬਾਲਗ ਹਿੰਦੂ ਮਰਦਾਂ ਨੂੰ ਕਤਲ ਕਰ ਦਿਤਾ। ਲਹੂ ਦੇ ਦਰਿਆ ਵਗਾਏ, ਦੇਸ਼ ਦੀਆਂ ਔਰਤਾਂ ਨੂੰ ਉਨ੍ਹਾਂ ਦੇ ਸੋਨੇ ਚਾਂਦੀ ਦੇ ਗਹਿਣਿਆਂ ਤੇ ਹੀਰੇ ਜਵਾਹਰਾਤਾਂ ਸਮੇਤ ਆਪਣੇ ਦੇਸ਼ ਵਿਚ ਘੱਲ ਦਿਤਾ ਅਤੇ ਤਕਰੀਬਨ 20000 ਕਵਾਰੀਆਂ ਕੰਨਿਆਵਾਂ ਨੂੰ ਆਪਣੀਆਂ ਨਿੱਜ ਦੀਆਂ ਗੋਲੀਆਂ ਬਣਾ ਲਿਆ।

'ਇਕ ਵੇਰ ਇਲਾਉਦੀਨ ਨੇ ਆਪਣੇ ਕਾਜ਼ੀ ਪਾਸੋਂ ਪੁਛਿਆ ਕਿ ਹਿੰਦੂਆਂ ਬਾਬਤ ਇਸਲਾਮੀ ਸ਼ਰ੍ਹਾ ਕੀ ਹੈ? ਅੱਗੋਂ ਕਾਜ਼ੀ ਨੇ ਉੱਤਰ ਦਿਤਾ, "ਹਿੰਦੂ ਧਰਤੀ ਨਿਆਈਂ ਹਨ, ਜੇ ਉਨ੍ਹਾਂ ਪਾਸੋਂ ਚਾਂਦੀ ਮੰਗੀ ਜਾਵੇ, ਤਾਂ ਉਨ੍ਹਾਂ ਨੂੰ ਬੜੀ ਅਧੀਨਗੀ ਨਾਲ ਸੋਨਾ ਪੇਸ਼ ਕਰਨਾ ਚਾਹੀਦਾ ਹੈ, ਅਤੇ ਜੇ ਕੋਈ ਮੁਸਲਮਾਨ ਕਿਸੇ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹੇ, ਤਾਂ ਉਸ ਹਿੰਦੂ ਨੂੰ ਆਪਣਾ ਮੂੰਹ ਪੂਰੀ ਤਰ੍ਹਾਂ ਖੋਲ੍ਹ ਦੇਣਾ ਚਾਹੀਦਾ ਹੈ, ਖ਼ੁਦਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗੁਲਾਮ ਬਣਨ ਲਈ ਹੀ ਬਣਾਇਆ ਹੈ। ਹਜ਼ਰਤ ਸਾਹਿਬ ਦਾ ਹੁਕਮ ਹੈ ਕਿ ਜੇ ਹਿੰਦੂ ਇਸਲਾਮ ਕਬੂਲ ਨਾ ਕਰਨ, ਤਾਂ ਉਨ੍ਹਾਂ ਨੂੰ ਕੈਦਾਂ ਤੇ ਤਸੀਹੇ ਦੇਣੇ ਚਾਹੀਦੇ ਹਨ ਅਤੇ ਅੰਤ ਨੂੰ ਮਾਰ ਮੁਕਾਉਣਾ ਚਾਹੀਦਾ ਹੈ, ਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲੈਣੀ ਚਾਹੀਦੀ ਹੈ।'

5. 'ਤਵਾਰੀਖ ਅਲਾਈ' ਅਥਵਾ 'ਖਜ਼ਾਇਨਉਲ ਫ਼ਤੂਹ' ਵਿਚ ਅਮੀਰ ਖ਼ੁਸਰੋ ਲਿਖਦਾ ਹੈ ਕਿ ਜਦ ਪਾਤਸ਼ਾਹ ਫ਼ੀਰੋਜ਼ ਸ਼ਾਹ ਤੁਗਲਕ (1351-1388) ਨੇ ਭੋਪਾਲ ਦੇ ਇਲਾਕੇ ਵਿਚ ਭਿਲਸਾ ਸ਼ਹਿਰ ਫਤਹਿ ਕੀਤਾ, ਤਾਂ ਉਸ ਨੇ ਉਥੋਂ ਦੇ ਸਾਰੇ ਹਿੰਦੂ ਮੰਦਰ ਢਾਹ ਦਿਤੇ ਤੇ ਉਨ੍ਹਾਂ ਵਿਚਲੀਆਂ ਮੂਰਤੀਆਂ ਉਥੋਂ ਲੈ ਗਿਆ। ਉਨ੍ਹਾਂ ਨੂੰ ਉਸ ਨੇ ਆਪਣੇ ਕਿਲ੍ਹੇ ਦੇ ਦਰਵਾਜ਼ੇ ਅੱਗੇ ਰੱਖ ਦਿਤਾ। ਉਹ ਹਰ ਰੋਜ਼ ਇਕ ਹਜ਼ਾਰ ਹਿੰਦੂਆਂ ਦੇ ਲਹੂ ਨਾਲ ਉਨ੍ਹਾਂ ਦਾ ਇਸ਼ਨਾਨ ਕਰਵਾਇਆ ਕਰਦਾ ਸੀ।

ਵੀ.ਏ.ਸਮਿਥ 'India in Muslim Period' ਵਿਚ ਸਫਾ 250 ਤੇ ਲਿਖਦਾ ਹੈ, "ਕੋਰਾਲਾ ਦੇ ਹਿੰਦੂਆਂ ਨੂੰ, ਜਿਨ੍ਹਾਂ ਨੇ ਨਵਾਂ ਮੰਦਰ ਉਸਾਰਿਆ ਸੀ, ਉਸਨੇ (ਫ਼ੀਰੋਜ਼ ਸ਼ਾਹ ਤੁਗਲਕ ਨੇ) ਆਪਣੇ ਮਹੱਲਾਂ ਦੇ ਸਾਹਮਣੇ ਕਤਲ ਕੀਤਾ ਤਾਂ ਜੋ ਸਭ ਜਿੰਮੀਆਂ (ਅਰਥਾਤ ਹਿੰਦੂਆਂ ਨੂੰ ਜੋ ਆਪਣੀ ਜ਼ਿੰਦਗੀ ਬਦਲੇ ਜਜ਼ੀਆ

ਅਰਥਾਤ ਡੰਨ ਭਰਦੇ ਸਨ) ਨੂੰ ਇਹ ਪਤਾ ਲਗ ਜਾਵੇ ਕਿ ਮੁਸਲਮਾਨੀ ਰਾਜ ਵਿਚ ਕੋਈ ਹਿੰਦੂ ਅਜਿਹੀ ਸ਼ੈਤਾਨੀ ਭਰੀ ਕਰਤੂਤ ਨਹੀਂ ਕਰ ਸਕਦਾ।"

ਤੁਗਲਕਾਂ ਮਗਰੋਂ ਸੱਯਦ ਤੇ ਫੇਰ ਲੋਧੀ ਆਏ। ਉਹ ਸਾਰੇ ਮਜ਼ਬੀ ਈਰਖਾ ਨਾਲ ਭਰੇ ਹੋਏ ਸਨ। ਉਨ੍ਹਾਂ ਦੀ ਹਕੂਮਤ ਦੇ ਸਮੇਂ ਵਿਚ ਵੀ ਖ਼ੂਨ ਖਰਾਬੇ, ਜ਼ੁਲਮ ਅਤੇ ਦਗੇਬਾਜ਼ੀ ਦੀਆਂ ਝਾਕੀਆਂ ਤੋਂ ਸਿਵਾ ਹੋਰ ਕੁਝ ਘਟ ਵਧ ਹੀ ਮਿਲਦਾ ਹੈ।

## ਗੁਰੂ ਨਾਨਕ ਕਾਲ

ਸੰਨ 1206 ਤੋਂ 1526 ਤੀਕ ਪਠਾਣਾਂ ਦੇ ਪੰਜ ਖਾਨਦਾਨਾਂ ਨੇ ਹਿੰਦੋਸਤਾਨ ਤੇ ਰਾਜ ਕੀਤਾ। ਜਦੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ (.ਨ 1469) ਹੋਇਆ ਤਦੋਂ ਅਖੀਰਲੇ ਖਾਨਦਾਨ ਦਾ ਪਹਿਲਾ ਬਾਦਸ਼ਾਹ ਬਹਿਲੋਲ ਲੋਧੀ ਦਿਲੀ ਦੇ ਤਖਤ ਤੇ ਬੈਠਾ ਹੋਇਆ ਸੀ। ਉਸ ਦੀ ਮੌਤ ਉਪਰੰਤ ਦਿੱਲੀ ਦੇ ਤਖਤ ਉਤੇ ਉਸ ਦਾ ਪੁਤਰ ਸਕੰਦਰ ਲੋਧੀ ਬੈਠਾ, ਜਿਸ ਨੇ 1489 ਤੋਂ 1517 ਤਕ ਰਾਜ ਕੀਤਾ। ਇਸ ਨੇ ਦਿਲੀ ਦੀ ਥਾਂ ਆਗਰੇ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਨੇ ਜਿਨਾ ਚਿਰ ਰਾਜ ਕੀਤਾ, ਹਿੰਦੂ ਜਨਤਾ ਉਤੇ ਖਾਸ ਕਰਕੇ ਬਹੁਤ ਸਖਤੀਆਂ ਕੀਤੀਆਂ। ਇਸ ਨੇ ਹੀ 1490 ਵਿਚ ਬਨਾਰਸ ਵਿਚ ਕਬੀਰ ਸਾਹਿਬ ਨੂੰ ਸਰੀਰਕ ਕਸ਼ਟ ਦਿਤੇ ਸਨ—ਮਸਤ ਹਾਥੀ ਦੇ ਸਾਹਵੇਂ ਸੁੱਟ ਦਿਤਾ ਸੀ। ਡਾਕਟਰ ਲਤੀਫ ਉਸ ਦੇ ਰਾਜ ਬਾਰੇ ਲਿਖਦਾ ਹੈ :

"ਉਸ ਵੇਲੇ ਧੋਖਾ, ਫਰੇਬ, ਠੱਗੀ, ਚੋਗੀ, ਤੇ ਚਲਾਕੀ ਦਾ ਹੀ ਰਾਜ ਸੀ। ਹਿੰਦੁਸਤਾਨ ਦੀ ਹਰ ਨੁਕਰੇ ਬੇਚੈਨੀ ਤੇ ਘਬਰਾਹਟ ਸੀ। ਸਾਰੇ ਹਿੰਦੁਸਤਾਨ ਵਿਚ ਕੇਵਲ ਪਾਪ, ਜ਼ੁਲਮ, ਐਸ਼, ਇਸ਼ਰਤ ਹੀ ਮਿਲ ਸਕਦੇ ਸਨ।"

History of India ਦੇ ਪੰਨਾ 410 ਤੇ ਐਲਫਿਨਸਨ ਲਿਖਦਾ ਹੈ : "ਉਹ ਥੋੜ੍ਹੇ ਜਿਹੇ ਉਨ੍ਹਾਂ ਹਠ ਧਰਮੀਆਂ ਵਿਚੋਂ ਸੀ, ਜਿਹੜੇ ਹਿੰਦੁਸਤਾਨ ਦੇ ਤਖਤ ਉਤੇ ਬੈਠੇ। ਜਿਹੜੇ ਸ਼ਹਿਰ ਤੇ ਕਿਲ੍ਹੇ ਉਸਨੇ ਹਿੰਦੂਆਂ ਤੋਂ ਖੋਹੇ, ਉਸਨੇ ਉਨ੍ਹਾਂ ਵਿਚ ਸਭ ਮੰਦਰ ਢਾਹ ਦਿਤੇ। ਉਸ ਨੇ ਆਪਣੇ ਰਾਜ ਵਿਚ ਹਿੰਦੂਆਂ ਨੂੰ ਤੀਰਥ ਯਾਤਰਾ ਕਰਨੋਂ ਅਤੇ ਕਈ ਹਿੰਦੂ ਤਿਉਹਾਰਾਂ ਸਮੇਂ ਪਵਿੱਤਰ ਦਰਿਆਵਾਂ ਵਿਚ ਇਸ਼ਨਾਨ ਕਰਨੋਂ ਵਰਜ ਛਡਿਆ ਸੀ। ਇਕ ਵਾਰ ਉਸ ਨੇ ਆਪਣੇ ਮਜ਼ਹਬੀ ਜੋਸ਼ ਨੂੰ ਬੇਇਨਸਾਫੀ ਤੇ ਬੇਰਹਿਮੀ ਦੀ ਹੱਦ ਤੀਕ ਪੁਚਾ ਦਿਤਾ। ਇਕ ਬ੍ਰਾਹਮਣ ਇਹ ਪਰਚਾਰ ਕਰਦਾ ਸੀ ਕਿ ਸਭ ਧਰਮ, ਜੇ ਉਹਨਾਂ ਉਪਰ ਸੱਚੇ ਦਿਲੋਂ ਤੁਰਿਆ ਜਾਵੇ, ਰੱਬ ਦੀਆਂ ਨਜ਼ਰਾਂ ਵਿਚ ਇਕੋ ਜਿਹੇ ਪਰਵਾਨ ਹਨ। ਉਸਨੇ ਉਸ ਬ੍ਰਾਹਮਣ ਨੂੰ ਆਪਣੇ ਸਾਹਮਣੇ ਸੱਦ ਕੇ ਹੁਕਮ ਦਿਤਾ ਸੀ ਕਿ ਬਾਰ੍ਹਾਂ ਕਾਜ਼ੀਆਂ ਨਾਲ ਆਪਣੀ ਇਸ ਰਾਏ ਪਰ ਚਰਚਾ ਕਰੋ। ਜਦ ਉਸਨੇ ਆਪਣੇ ਸਹਿਨਸ਼ੀਲਤਾ ਭਰੇ ਖੁਲ੍ਹ-ਦਿਲੇ ਅਸੂਲ ਛੱਡਣੋਂ ਨਾਂਹ ਕਰ ਦਿਤੀ, ਤਾਂ ਉਸਨੂੰ ਜਾਨੋਂ ਮਾਰ ਦਿਤਾ ਗਿਆ।

ਹਿੰਦੂਆਂ ਨੂੰ ਜਜ਼ੀਆ ਵੀ ਦੇਣਾ ਪੈਂਦਾ ਸੀ। ਇਹ ਇਕ ਟੈਕਸ ਹੁੰਦਾ ਸੀ ਜੋ ਹਿੰਦੂਆਂ ਨੂੰ ਮੁਸਲਮਾਨ ਰਾਜ ਵਿਚ ਜਿਊਂਦੇ ਰਹਿਣ ਲਈ ਦੇਣਾ ਪੈਂਦਾ ਸੀ। ਜਜ਼ੀਆ ਭਾਵੇਂ ਹੁੰਦਾ ਨਾਂ-ਮਾਤਰ ਹੀ ਸੀ, ਪਰ ਆਪ ਜਾ ਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਣਾ ਪੈਂਦਾ ਸੀ। ਉਥੇ ਉਹਨਾਂ ਨੂੰ ਜੋ ਜ਼ਲੀਲ ਕੀਤਾ ਜਾਂਦਾ ਸੀ ਉਹ ਹੋਰ ਮਾੜੀ ਗੱਲ ਸੀ।

ਇਸ ਸਾਰੀ ਹਾਲਤ ਨੂੰ ਗੁਰੂ ਸਾਹਿਬ ਨੇ ਇੰਝ ਕਲਮ-ਬੰਦ ਕੀਤਾ ਹੈ :

ਕਲਿ ਕਾਤੀ, ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥

*(ਮਾਝ ਕੀ ਵਾਰ, ਪੰਨਾ ੧੪੫)*

ਗੁਰਦੇਵ ਫੁਰਮਾਉਂਦੇ ਹਨ ਕਿ ਇਨਸਾਨੀਅਤ ਦੇ ਰਾਖੇ ਰਾਜੇ ਸ਼ਿਕਾਰੀ ਦੀ ਤਰ੍ਹਾਂ ਹਰ ਵੇਲੇ ਲੋਕਾਂ ਨੂੰ ਲੁੱਟਣ ਦੀ ਤਾਕ ਵਿਚ ਬੈਠੇ ਰਹਿੰਦੇ ਹਨ। ਨੌਕਰ ਚਾਕਰ ਉਸ ਰਾਜੇ-ਸ਼ੇਰ ਦੀਆਂ ਨਹੁੰਦਰਾਂ ਹਨ, ਜਿਹਨਾਂ ਨੇ ਜਨਤਾ ਦੇ ਕਲੇਜੇ ਘਾਉ ਕਰ ਕੇ ਸਦਾ ਖੂਨ ਨਾਲ ਮੂੰਹ ਭਰੇ ਰੱਖਣਾ ਇਕ ਸੁਭਾਵਕ ਕਰਮ ਸਮਝਿਆ ਹੋਇਆ ਹੈ। ਰਾਜੇ ਸ਼ੇਰ ਤਾਂ ਮਾਸ ਦੀਆਂ ਬੋਟੀਆਂ ਹੀ ਖਾਂਦੇ ਹਨ, ਪਰ ਅਹਿਲਕਾਰ ਗਰੀਬਾਂ ਦੀ ਮਿੱਝ, ਰੱਤ ਚੱਟਣੋਂ ਵੀ ਪਰਵਾਹ ਨਹੀਂ ਸਨ ਕਰਦੇ :

'ਰਾਜੇ ਸੀਹ, ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

*(ਮਲਾਰ ਕੀ ਵਾਰ, ਪੰਨਾ ੧੨੮੮)*

ਜਾਂ ਫਿਰ :

ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ, ਏਵੈ ਜਾਪੈ ਭਾਉ॥

*(ਮਾਝ ਕੀ ਵਾਰ, ਮ: ੧-੧੪੨)*

ਰਾਜੇ-ਰਜਵਾੜੇ ਜਨਤਾ ਦਾ ਖਿਆਲ ਨਹੀਂ ਸਨ ਕਰਦੇ, ਸਗੋਂ ਐਸ਼-ਇਸ਼ਰਤਾਂ ਵਿਚ ਪਏ ਰਹਿੰਦੇ ਸਨ। 'ਬਾਬਰ ਵਾਣੀ' ਵਿਚ ਤਾਂ ਹੀ ਸਤਿਗੁਰਾਂ ਫੁਰਮਾਇਆ ਸੀ :

ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ॥

*(ਰਾਗ ਆਸਾ—੪੧੭)*

ਭਾਈ ਗੁਰਦਾਸ ਜੀ ਨੇ ਇਸ ਦਸ਼ਾ ਨੂੰ ਆਪਣੇ ਇਨ੍ਹਾਂ ਲਫ਼ਜ਼ਾਂ ਵਿਚ ਬਿਆਨ ਕੀਤਾ ਹੈ:

ਕਲਿ ਆਈ ਕੁਤੇ ਮੁਹੀ, ਖਾਜੁ ਹੋਆ ਮੁਰਦਾਰ ਗੁਸਾਈ॥

ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ॥
ਪਰਜਾ ਅੰਧੀ ਗਿਆਨ ਬਿਨੁ, ਕੂੜ ਕੁਸਤੁ ਮੁਖਹੁ ਆਲਾਈ॥

ਜਿਥੇ ਮੁਸਲਮਾਨ ਰਾਜੇ ਤੇ ਜਨਤਾ ਹਿੰਦੂਆਂ ਉਤੇ ਜ਼ੁਲਮ ਕਰਦੇ ਸਨ, ਉਥੇ ਹਿੰਦੂਆਂ 'ਚੋਂ ਉਹ ਲੋਕ ਜੋ ਸਰਕਾਰੀ ਨੌਕਰ ਸਨ, ਵੀ ਆਪਣੇ ਜ਼ਾਤ-ਭਰਾਵਾਂ ਤੇ ਜ਼ੁਲਮ ਢਾਂਦੇ ਸਨ। ਜਿਵੇਂ ਇਕ ਗਿਝਾਇਆ ਹੋਇਆ ਬਾਜ਼ ਹੋਰ ਪੰਛੀਆਂ ਨੂੰ ਫੜ ਫੜਾਕੇ ਆਪਣੇ ਮਾਲਕ ਪਾਸ ਲਿਆਉਂਦਾ ਹੈ, ਅਤੇ ਜਿਵੇਂ ਗਿਝਾਇਆ ਹੋਇਆ ਹਿਰਨ ਹੋਰ ਹਿਰਨਾਂ ਨੂੰ ਫੜਾਉਣ ਵਿਚ ਸਹਾਈ ਬਣਦਾ ਹੈ, ਤਿਵੇਂ ਹੀ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਇਹ ਪੜ੍ਹੇ ਲਿਖੇ ਲੋਕ ਸਨ ਜੋ ਗਰੀਬਾਂ ਦਾ ਲਹੂ ਪੀ ਰਹੇ ਸਨ :

ਹਰਣਾਂ ਬਾਜਾਂ ਤੈ ਸਿਕਦਾਰਾਂ, ਏਨ੍ਹਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ, ਅਗੈ ਨਾਹੀ ਥਾਉ॥

*(ਮਲਾਰ ਕੀ ਵਾਰ, ਪੰਨਾ ੧੨੮੮)*

ਇਸ ਰਾਜਸੀ, ਧਾਰਮਕ ਤੇ ਸਮਾਜਕ ਦਸ਼ਾ ਨੂੰ ਇਸ ਤਰ੍ਹਾਂ ਵੀ ਬਿਆਨ ਕੀਤਾ ਜਾ ਸਕਦਾ ਹੈ ਕਿ ਉਸ ਸਮੇਂ ਰਾਜ, 'ਲੋਭ' ਦਾ ਸੀ, ਚੌਕੀਦਾਰੀ, 'ਕਾਮ' ਦੀ ਸੀ, ਸਰਦਾਰੀ, 'ਕੂੜ' ਦੀ ਸੀ, ਜਨਤਾ 'ਅਗਿਆਨਤਾ' ਦੇ ਹਨੇਰੇ ਵਿਚ ਫਸੀ ਹੋਈ ਸੀ, ਸੱਚ ਤੇ ਸਦਾਚਾਰ ਉਡ ਗਿਆ ਸੀ, ਧਰਮ ਦੇ ਠੇਕੇਦਾਰ ਧਰਮ ਨੂੰ ਵੇਚ ਕੇ ਖਾ ਰਹੇ ਸਨ। ਗੁਰਦੇਵ ਦੇ ਸ਼ਬਦਾਂ ਵਿਚ :

ਲਬੁ ਪਾਪੁ ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ, ਗਿਆਨ ਵਿਹੂਣੀ, ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ, ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ, ਜੋਧਾ ਕਾ ਵੀਚਾਰੁ॥

*(ਆਸਾ ਕੀ ਵਾਰ, ਪੰਨਾ ੪੬੮-੬੯)*

ਐਸੇ ਭਿਆਨਕ ਰਾਜਸੀ ਹਾਲਾਤਾਂ ਵਿਚ 15 ਅਪਰੈਲ, ਸੰਨ 1469 (20 ਵੈਸਾਖ ਸੰਮਤ 1526) ਨੂੰ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ, ਜਿਸ ਨੂੰ ਅੱਜ ਕੱਲ੍ਹ ਨਨਕਾਣਾ ਸਾਹਿਬ ਆਖਦੇ ਹਨ। ਨਨਕਾਣਾ ਸਾਹਿਬ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਵਿੱਚ ਹੈ।

**ਤਲਵੰਡੀ ਵਿਚ**

ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਮ ਮਹਿਤਾ ਕਾਲੂ ਸੀ। ਮਹਿਤਾ ਕਾਲੂ ਜੀ ਇਲਾਕੇ ਦੇ ਜਿਮੀਂਦਾਰ ਰਾਇ ਬੁਲਾਰ ਦੇ ਪਟਵਾਰੀ ਸਨ। ਗੁਰੂ ਜੀ ਦੀ

ਮਾਤਾ ਦਾ ਨਾਮ, ਮਾਤਾ ਤ੍ਰਿਪਤਾ ਜੀ ਸੀ। ਆਪ ਜੀ ਦੀ ਇਕ ਵੱਡੀ ਭੈਣ ਸੀ, ਜਿਸ ਦਾ ਨਾਮ ਸੀ, ਨਾਨਕੀ। ਉਹ ਆਪ ਜੀ ਤੋਂ ਪੰਜ ਵਰ੍ਹੇ ਵੱਡੀ ਸੀ।

ਜਨਮ ਸਾਖੀਆਂ ਅਤੇ ਹੋਰ ਪੁਰਾਤਨ ਇਤਿਹਾਸਕ ਪੁਸਤਕਾਂ ਵਿਚ ਇਹ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਬਚਪਨ ਤੋਂ ਹੀ ਪ੍ਰਭੂ-ਪ੍ਰੇਮ ਵਿਚ ਰੰਗੇ ਰਹਿੰਦੇ ਸਨ। ਬਾਲਾਂ ਨਾਲ ਖੇਡਣ ਸਮੇਂ ਅਤੇ ਆਪਣੇ ਖੇਤਾਂ ਵਿਚ ਵਿਚਰਦੇ ਹੋਇਆਂ ਵੀ ਉਨ੍ਹਾਂ ਦੀ ਲਿਵ ਪ੍ਰਭੂ-ਚਰਨਾਂ ਵਿਚ ਜੁੜੀ ਰਹਿੰਦੀ ਸੀ। ਆਪ ਉਨ੍ਹਾਂ ਕੰਮਾਂ ਵਿਚ ਵਿਸ਼ੇਸ਼ ਰੁਚੀ ਰਖਦੇ ਸਨ, ਜੋ ਲੋਕੀਂ ਧਰਮ ਦੇ ਨਾਮ ਉਤੇ ਕਰਦੇ ਸਨ। ਆਪ ਸਾਧ-ਸੰਤਾਂ ਅਤੇ ਵੱਖ-ਵੱਖ ਧਰਮਾਂ ਦੇ ਆਗੂਆਂ ਦੇ ਵਿਚਾਰ ਸੁਣਨ ਵਿਚ ਵਿਸ਼ੇਸ਼ ਦਿਲਚਸਪੀ ਰਖਦੇ ਸਨ।

**ਵਿਦਿਆ ਪ੍ਰਾਪਤੀ**

ਸੱਤ ਸਾਲਾਂ ਦੀ ਉਮਰ ਵਿਚ ਆਪ ਜੀ ਨੂੰ ਗੋਪਾਲ ਪੰਡਤ ਪਾਸ ਪੜ੍ਹਨੇ ਪਾਇਆ ਗਿਆ, ਜਿਸ ਤੋਂ ਆਪ ਜੀ ਨੇ ਹਿੰਦੀ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ। 13 ਸਾਲਾਂ ਦੀ ਉਮਰ ਵਿਚ ਆਪ ਜੀ ਨੂੰ ਫ਼ਾਰਸੀ ਦੀ ਪੜ੍ਹਾਈ ਲਈ ਮੌਲਵੀ ਕੁਤਬਦੀਨ ਕੋਲ ਪੜ੍ਹਨੇ ਪਾਇਆ ਗਿਆ। ਸੰਸਕ੍ਰਿਤ ਭਾਸ਼ਾ ਦਾ ਗਿਆਨ ਆਪ ਜੀ ਨੇ ਪੰਡਤ ਬ੍ਰਿਜ ਲਾਲ ਕੋਲੋਂ ਪ੍ਰਾਪਤ ਕੀਤਾ। ਗੁਰੂ ਜੀ ਵਿਦਿਆ-ਪ੍ਰਾਪਤੀ ਵਿਚ ਹੋਰ ਸਭ ਬੱਚਿਆਂ ਨਾਲੋਂ ਬਹੁਤ ਹੁਸ਼ਿਆਰ ਸਨ। ਇਸ ਦੇ ਨਾਲ ਨਾਲ ਆਪ ਜੀ ਆਪਣੇ ਉਸਤਾਦਾਂ ਨਾਲ ਪ੍ਰਭੂ-ਬਾਰੇ ਅਤੇ ਧਰਮ ਬਾਰੇ ਚਰਚਾ ਕਰਦੇ ਰਹਿੰਦੇ ਸਨ। ਆਪ ਦੇ ਅਧਿਆਪਕ ਜਦੋਂ ਆਪ ਜੀ ਪਾਸੋਂ ਛੋਟੀ ਉਮਰ ਵਿਚ ਹੀ ਇੰਨੇ ਗੰਭੀਰ ਵਿਚਾਰ ਸੁਣਦੇ ਤਾਂ ਆਪ ਜੀ ਦੀ ਰੋਸ਼ਨ ਦਿਮਾਗੀ ਅੱਗੇ ਸੀਸ ਝੁਕਾ ਦਿੰਦੇ। ਇਨ੍ਹਾਂ ਗੁਣਾਂ ਕਰਕੇ ਹੀ ਗੁਰੂ ਜੀ ਤਲਵੰਡੀ ਨਿਵਾਸੀਆਂ ਵਿਚ ਹਰਮਨ ਪਿਆਰੇ ਹੋ ਗਏ।

**ਜਨੇਊ ਦੀ ਰਸਮ**

ਜਦੋਂ ਗੁਰੂ ਜੀ ਦਸ ਸਾਲਾਂ ਦੇ ਹੋ ਗਏ ਤਾਂ ਮਾਤਾ-ਪਿਤਾ ਨੇ ਆਪ ਜੀ ਨੂੰ ਜਨੇਊ ਪੁਆਣ ਦੀ ਸੋਚੀ, ਕਿਉਂਕਿ ਬ੍ਰਾਹਮਣੀ ਧਰਮ ਅਨੁਸਾਰ ਸ਼ੂਦਰਾਂ ਨੂੰ ਛੱਡ ਕੇ ਬਾਕੀ ਤਿੰਨ ਵਰਣਾਂ ਦੇ ਲੋਕਾਂ ਨੂੰ ਜਨੇਊ ਧਾਰਨ ਕਰਨਾ ਬਹੁਤ ਜ਼ਰੂਰੀ ਦਸਿਆ ਗਿਆ ਹੈ। ਹਿੰਦੂ ਮਤ ਅਨੁਸਾਰ ਕਿਹਾ ਜਾਂਦਾ ਸੀ ਕਿ ਜਨੇਊ-ਧਾਰਨ ਨਾਲ ਮਨੁੱਖ ਦਾ ਆਤਮਕ ਜਨਮ ਹੁੰਦਾ ਹੈ ਅਤੇ ਉਹ ਹਿੰਦੂ ਧਰਮ ਅੰਦਰ ਪ੍ਰਵੇਸ਼ ਕਰਦਾ ਹੈ।

ਇਸ ਸਮੇਂ ਆਪਦੇ ਮਾਪਿਆਂ ਵੱਲੋਂ ਸਾਰੇ ਰਿਸ਼ਤੇਦਾਰਾਂ ਨੂੰ, ਸੱਜਣਾਂ-ਮਿੱਤਰਾਂ ਨੂੰ ਅਤੇ ਤਲਵੰਡੀ ਦੇ ਪਤਵੰਤੇ ਸੱਜਣਾਂ ਨੂੰ ਸੱਦਿਆ ਗਿਆ। ਘਰ ਦੇ ਪੁਰੋਹਿਤ ਪੰਡਤ ਹਰਦਿਆਲ ਨੂੰ ਜਨੇਊ ਦੀ ਰਸਮ ਕਰਨ ਲਈ ਬੁਲਾਇਆ ਗਿਆ। ਸੋ, ਇਕ ਤਕੜਾ ਖਾਸਾ ਇਕੱਠ ਹੋ ਗਿਆ। ਪੰਡਤ ਜੀ ਨੇ ਸ਼ਾਸਤਰਾਂ ਦੀ ਰਹੁ ਰੀਤੀ

ਆਰੰਭ ਕੀਤੀ। ਦੇਵ-ਪੂਜਾ, ਗ੍ਰਹਿ-ਪੂਜਾ ਆਦਿ ਕਰਨ ਮਗਰੋਂ ਹੱਥ ਵਿਚ ਜਨੇਊ ਲੈ ਕੇ ਉਹ ਗੁਰੂ ਦੇ ਗਲ ਵਿਚ ਪਾਉਣ ਲਈ ਤਿਆਰ ਹੋ ਗਿਆ। ਪਰ ਗੁਰੂ ਜੀ ਨੇ ਉਸਦਾ ਹੱਥ ਫੜ ਲਿਆ ਅਤੇ ਜਨੇਊ ਪੁਆਣ ਤੋਂ ਇਨਕਾਰ ਕਰ ਦਿਤਾ। ਭਾਵੇਂ ਮਾਤਾ-ਪਿਤਾ ਤੇ ਹੋਰ ਰਿਸ਼ਤੇਦਾਰਾਂ ਨੇ ਬਥੇਰਾ ਸਮਝਾਇਆ ਕਿ ਸ਼ਾਸਤਰਾਂ ਦੀ ਰਹੁ-ਰੀਤੀ ਦੀ ਪਾਲਣਾ ਬਹੁਤ ਜ਼ਰੂਰੀ ਹੈ, ਅਤੇ ਵਡੇ-ਵਡੇਰਿਆਂ ਦੀ ਚਲਾਈ ਹੋਈ ਧਰਮ-ਰੀਤੀ ਦਾ ਵਿਰੋਧ ਨਹੀਂ ਕਰਨਾ ਚਾਹੀਦਾ, ਪਰ ਗੁਰੂ ਜੀ ਬੜੇ ਦਲੇਰੀ ਨਾਲ ਆਪਣੇ ਵਿਚਾਰਾਂ ਉਤੇ ਅਟੱਲ ਰਹੇ ਅਤੇ ਜੰਞੂ ਨਾ ਪੁਆਇਆ। ਆਪ ਜੀ ਨੇ ਸਗੋਂ ਪੰਡਤ ਨੂੰ ਉਪਦੇਸ਼ ਦਿਤਾ ਕਿ ਜੰਞੂ (ਜਨੇਊ) ਪਾਣ ਦਾ ਮਨੁੱਖ ਦੀ ਆਤਮਾ ਨੂੰ ਕੋਈ ਲਾਭ ਨਹੀਂ, ਇਸ ਦੀ ਥਾਂ ਤਾਂ ਮਨੁੱਖ ਨੂੰ ਪ੍ਰਭੂ ਪਿਆਰ ਅਤੇ ਸਦਾਚਾਰਕ ਗੁਣਾਂ-ਦਇਆ, ਸੰਤੋਖ, ਉਚੇ-ਸੁਚੇ ਕਿਰਦਾਰ, ਦਾ ਮਾਲਕ ਬਣਨਾ ਚਾਹੀਦਾ ਹੈ, ਤਾਂ ਹੀ ਮਨੁੱਖ ਦੀ ਆਤਮਾ ਪਵਿਤਰ ਹੋ ਸਕਦੀ ਹੈ ਅਤੇ ਉਹ ਸੱਚਾ ਧਰਮੀ ਅਖਵਾ ਸਕਦਾ ਹੈ। ਗੁਰੂ ਜੀ ਨੇ ਇਨ੍ਹਾਂ ਵਿਚਾਰਾਂ ਨੂੰ ਆਪਣੀ ਬਾਣੀ ਵਿਚ ਇਞ ਅੰਕਤ ਕੀਤਾ ਹੈ :

ਦਇਆ ਕਪਾਹ ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ, ਨ ਮਲੁ ਲਗੈ, ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ॥......
ਤਗੁ ਕਪਾਹਹੁ ਕਤੀਐ, ਬਾਮ੍ਣ ਵਟੇ ਆਇ॥
ਕੁਹਿ ਬਕਰਾ ਰਿੰਨਿ੍ ਖਾਇਆ, ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ, ਭੀ ਫਿਰਿ ਪਾਈਐ ਹੋਰੁ॥
ਨਾਨਕ ਤਗੁ ਨ ਤੁਟਈ, ਜੇ ਤਗਿ ਹੋਵੈ ਜੋਰੁ॥

*(ਸਲੋਕ ਮ: ੧, ਆਸਾ ਕੀ ਵਾਰ, ੪੭੧)*

**ਵਿਆਹ ਅਤੇ ਸੰਤਾਨ**

ਜਦੋਂ ਗੁਰੂ ਨਾਨਕ ਜੀ 18 ਵਰ੍ਹਿਆਂ ਦੇ ਹੋਏ ਤਾਂ ਆਪਦੇ ਮਾਤਾ-ਪਿਤਾ ਨੇ ਆਪਦਾ ਵਿਆਹ ਬਟਾਲੇ ਦੇ ਬਾਬਾ ਮੂਲ ਚੰਦ ਦੀ ਧੀ (ਮਾਤਾ) ਸੁਲੱਖਣੀ ਜੀ ਨਾਲ ਕਰ ਦਿਤਾ। ਆਪ ਜੀ ਦੇ ਘਰ ਦੋ ਸਾਹਿਬਜ਼ਾਦੇ (ਪੁੱਤਰ) ਪੈਦਾ ਹੋਏ। ਵੱਡੇ ਦਾ ਨਾਮ ਸੀ (ਬਾਬਾ) ਸ੍ਰੀ ਚੰਦ ਜੀ ਅਤੇ ਛੋਟੇ ਦਾ (ਬਾਬਾ) ਲਖਮੀ ਦਾਸ ਜੀ।

**ਕਾਰ-ਵਿਹਾਰ**

ਗੁਰੂ ਸਾਹਿਬ ਜਿਥੇ ਪ੍ਰਭੂ-ਪ੍ਰੇਮ ਵਿਚ ਰੰਗੇ ਰਹਿੰਦੇ ਸਨ, ਉਥੇ ਉਪਜੀਵਕਾ ਲਈ ਹੱਥੀਂ ਕਾਰ ਵੀ ਕਰਦੇ ਸਨ। ਜਨਮ ਸਾਖੀਆਂ ਵਿਚ ਭਾਵੇਂ ਇਸ ਸਬੰਧ ਵਿਚ

ਬਹੁਤੇ ਹਵਾਲੇ ਨਹੀਂ ਮਿਲਦੇ ਪਰ 'ਮੱਝੀਆਂ ਚਾਰਨ' ਵਾਲੀ ਸਾਖੀ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਖੇਤਾਂ ਵਿਚ ਆਪਣੀ ਫ਼ਸਲ ਦੀ ਰਾਖੀ ਕਰਦੇ ਸਨ ਅਤੇ ਜਦੋਂ ਕਾਮੇ ਨਾ ਹੋਣ ਤਾਂ ਮਾਲ-ਡੰਗਰ (ਪਸ਼ੂਆਂ, ਮੱਝਾਂ) ਦੀ ਰਾਖੀ ਵੀ ਕਰਿਆ ਕਰਦੇ ਸਨ।

ਸੱਚੇ ਸੌਦੇ ਵਾਲੀ ਸਾਖੀ ਸਿੱਖ ਇਤਿਹਾਸ ਵਿਚ ਬਹੁਤ ਮਸ਼ਹੂਰ ਹੈ। ਜਿਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਹੱਟੀ-ਵਪਾਰ ਵੀ ਕਰਦੇ ਸਨ। ਉਹ ਆਪਣੇ ਸਾਥੀ, ਭਾਈ ਮਰਦਾਨਾ ਜੀ, ਨਾਲ ਚੂਹੜਕਾਣੇ ਆਦਿ ਤੋਂ ਵੇਚਣ ਲਈ ਵਸਤਾਂ ਖਰੀਦਣ ਜਾਂਦੇ ਸਨ ਅਤੇ ਤਲਵੰਡੀ ਵਿਚ ਆਪਣੀ ਦੁਕਾਨ ਉਤੇ ਉਨ੍ਹਾਂ ਨੂੰ ਵੇਚਦੇ ਸਨ। ਇਤਿਹਾਸਕਾਰ ਜੀਵਨ ਦੀਆਂ ਆਮ ਘਟਨਾਵਾਂ ਦਾ ਜ਼ਿਕਰ ਨਹੀਂ ਕਰਦੇ, ਜਦੋਂ ਕੋਈ ਵਿਸ਼ੇਸ਼ ਘਟਨਾ ਵਾਪਰ ਜਾਂਦੀ ਹੈ, ਤਾਂ ਉਸਨੂੰ ਇਤਿਹਾਸ ਦਾ ਅੰਗ ਬਣਾ ਲੈਂਦੇ ਹਨ। ਇਸੇ ਲਈ ਹੀ ਜਨਮ ਸਾਖੀਆਂ ਵਿਚ ਇਸ ਗੱਲ ਦਾ ਜ਼ਿਕਰ ਤਾਂ ਨਹੀਂ ਹੈ ਕਿ ਸਤਿਗੁਰੂ ਜੀ ਆਮ ਤੌਰ ਤੇ ਵਸਤਾਂ ਖਰੀਦਣ ਜਾਂਦੇ ਸਨ ਅਤੇ ਵਪਾਰ ਕਰਦੇ ਸਨ ਪਰ ਇਕ ਵਾਰ ਜਦੋਂ ਉਨ੍ਹਾਂ ਨੂੰ ਚੂਹੜਕਾਣੇ ਦੀ ਬਾਰ ਵਿਚ ਭੁਖੇ ਸੰਤਾਂ ਦੀ ਇਕ ਟੋਲੀ ਮਿਲ ਗਈ, ਤਾਂ ਆਪ ਨੇ ਉਨ੍ਹਾਂ ਦੀ ਅੰਨ ਅਤੇ ਵਸਤਰਾਂ ਨਾਲ ਸੇਵਾ ਕੀਤੀ ਅਤੇ ਇਸ ਕੰਮ ਨੂੰ 'ਸੱਚਾ ਸੌਦਾ' ਆਖਿਆ। ਉਥੇ ਹੁਣ 'ਸੱਚਾ ਸੌਦਾ' ਨਾਂ ਦਾ ਗੁਰਦੁਆਰਾ ਮੌਜੂਦ ਹੈ।

**ਕੀਰਤਨ ਨਾਲ ਪਿਆਰ**

ਗੁਰੂ ਜੀ ਦਾ ਕੀਰਤਨ ਨਾਲ ਵਿਸ਼ੇਸ਼ ਪਿਆਰ ਸੀ। ਉਹ ਕੀਰਤਨ ਨੂੰ ਪ੍ਰਭੂ ਨਾਲ ਜੁੜਨ ਦਾ ਸਭ ਤੋਂ ਚੰਗਾ ਵਸੀਲਾ ਸਮਝਦੇ ਸਨ। ਪ੍ਰਭੂ ਪਿਆਰ ਦੇ ਗੀਤ (ਗੁਰਬਾਣੀ) ਤਾਂ ਆਪ ਦੇ ਹਿਰਦੇ ਵਿਚੋਂ ਝਰਨੇ ਦੀ ਤਰ੍ਹਾਂ ਆਪ ਮੁਹਾਰੇ ਫੁਟਦੇ ਰਹਿੰਦੇ ਸਨ ਅਤੇ ਆਪ ਜੀ ਉਨ੍ਹਾਂ ਨੂੰ ਰਾਗਾਂ ਦੀ ਬੰਦਸ਼ ਵਿਚ ਬੰਨ੍ਹ ਲੈਂਦੇ ਸਨ। ਭਾਈ ਮਰਦਾਨਾ ਜੀ ਨਾਲ ਰਲ ਕੇ ਧੁਰੋਂ ਆਈ ਬਾਣੀ ਦਾ ਕੀਰਤਨ ਕਰਦੇ ਸਨ।

ਭਾਈ ਮਰਦਾਨਾ ਜੀ ਤਲਵੰਡੀ ਦੇ ਮਿਰਾਸੀ ਮੀਰ ਬਾਦਰੇ ਦੇ ਸਪੁਤਰ ਸਨ ਅਤੇ ਉਮਰ ਵਿਚ ਗੁਰੂ ਜੀ ਨਾਲੋਂ 9 ਸਾਲ 2 ਮਹੀਨੇ ਵੱਡੇ ਸਨ। ਮਰਦਾਨਾ ਜੀ ਨੂੰ ਰਾਗਾਂ ਦਾ ਬਹੁਤ ਸ਼ੌਕ ਸੀ ਅਤੇ ਰਬਾਬ ਉਨ੍ਹਾਂ ਦਾ ਮਨ-ਭਾਉਂਦਾ ਸਾਜ਼ ਸੀ। ਕੀਰਤਨ-ਰਾਗ ਨੇ ਮਰਦਾਨਾ ਜੀ ਅਤੇ ਗੁਰੂ ਜੀ ਨੂੰ ਉਮਰਾਂ ਦੇ ਸਾਥੀ ਬਣਾ ਦਿਤਾ। ਲਗਪਗ 50 ਸਾਲ ਭਾਈ ਮਰਦਾਨਾ ਜੀ ਗੁਰੂ ਜੀ ਦੀ ਸੰਗਤ ਵਿਚ ਰਹੇ ਅਤੇ ਉਨ੍ਹਾਂ ਦਾ ਦੇਹਾਂਤ ਵੀ, ਕਰਤਾਰਪੁਰ ਵਿਚ, ਸਤਿਗੁਰਾਂ ਦੀ ਸੰਗਤ ਕਰਦਿਆਂ ਹੀ ਹੋਇਆ ਸੀ।

**ਸੁਲਤਾਨਪੁਰ ਵਿਚ**

ਬੀਬੀ ਨਾਨਕੀ ਜੀ ਦੇ ਪਤੀ ਭਾਈ ਜੈ ਰਾਮ ਜੀ ਸੁਲਤਾਨਪੁਰ ਦੇ ਨਵਾਬ

ਦੌਲਤਖਾਨ ਲੋਧੀ ਪਾਸ ਮੁਲਾਜ਼ਮ ਸਨ। ਉਹ ਗੁਰੂ ਨਾਨਕ ਜੀ ਨੂੰ ਤਲਵੰਡੀ ਤੋਂ ਸੁਲਤਾਨਪੁਰ ਲੈ ਆਏ ਅਤੇ ਮੋਦੀਖਾਨੇ (ਰਸਦ, ਅੰਨ ਆਦਿ ਦਾ ਗੁਦਾਮ) ਦਾ ਇੰਚਾਰਜ ਲੁਆ ਦਿਤਾ।

ਉਸ ਸਮੇਂ ਕਿਸਾਨ ਲੋਕ ਆਮ ਤੌਰ ਤੇ ਮਾਮਲਾ (ਟੈਕਸ) ਜਿਨਸ (ਅੰਨ) ਦੀ ਸ਼ਕਲ ਵਿਚ ਦਿਆ ਕਰਦੇ ਸਨ, ਜੋ ਸਰਕਾਰੀ ਗੁਦਾਮ (ਮੋਦੀਖਾਨੇ) ਵਿਚ ਜਮਾਂ ਹੋ ਜਾਂਦਾ ਸੀ। ਸਰਕਾਰੀ ਮੁਲਾਜ਼ਮਾਂ ਨੂੰ ਵੀ ਤਨਖਾਹ ਦਾ ਬਹੁਤਾ ਹਿੱਸਾ ਇਸ ਜਿਨਸ ਵਿਚੋਂ ਹੀ ਮਿਲਦਾ ਸੀ। ਸੋ ਗੁਰੂ ਜੀ ਨੂੰ, ਪ੍ਰਾਪਤ ਹੋਈ ਅਤੇ ਵੰਡੀ ਜਾ ਵੇਚੀ ਗਈ ਜਿਨਸ ਦਾ ਹਿਸਾਬ ਕਿਤਾਬ ਰੱਖਣਾ ਪੈਂਦਾ ਸੀ। ਜਿਹੜੀ ਜਿਨਸ ਵੇਚੀ ਜਾਂਦੀ ਸੀ, ਉਸਦਾ ਵੱਟਿਆ ਰੁਪਿਆ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਣਾ ਹੁੰਦਾ ਸੀ। ਜਿਨਸ ਨੂੰ ਚੋਰੀ ਆਦਿ ਤੋਂ ਬਚਾਉਣ ਦਾ ਕੰਮ ਵੀ ਮੋਦੀ ਦਾ ਹੀ ਹੁੰਦਾ ਸੀ।

ਜਦੋਂ ਗੁਰੂ ਜੀ ਨੇ ਮੋਦੀ ਦਾ ਕੰਮ ਸੰਭਾਲਿਆ, ਤਾਂ ਉਨ੍ਹਾਂ ਦੀ ਉਮਰ ਸਾਢੇ ਪੈਂਤੀ ਵਰ੍ਹਿਆਂ ਦੀ ਹੋ ਚੁਕੀ ਸੀ। ਇਹ ਨੌਕਰੀ ਮਿਲਣ ਵਿਚ ਉਨ੍ਹਾਂ ਨੂੰ ਤਲਵੰਡੀ ਵਿਚਲਾ ਹੱਟੀ-ਵਪਾਰ ਦਾ ਤਜ਼ਰਬਾ ਬਹੁਤ ਕੰਮ ਆਇਆ।

ਅੰਨ ਰਸਦ ਦਾ ਠੀਕ-ਠੀਕ ਹਿਸਾਬ ਰੱਖਣਾ ਮੋਦੀ ਦੀ ਇਮਾਨਦਾਰੀ ਉਤੇ ਨਿਰਭਰ ਕਰਦਾ ਸੀ। ਆਮ ਤੌਰ ਤੇ ਮੋਦੀ ਸਰਕਾਰੀ ਅਨਾਜ ਨੂੰ ਨਿਜੀ ਲੋੜਾਂ ਦੀ ਪੂਰਤੀ ਲਈ ਵਰਤ ਲੈਂਦੇ ਸਨ ਅਤੇ ਕਈ ਤਾਂ ਹਿਸਾਬ-ਕਿਤਾਬ ਵਿਚ ਹੇਰਾ ਫੇਰੀ ਕਰ ਕੇ ਰੁਪਿਆ ਵੱਟ ਲੈਂਦੇ ਸਨ। ਇਸ ਕਰਕੇ 'ਮੋਦੀਖਾਨੇ' ਦੇ ਹਿਸਾਬ ਦੀ ਚੈਕਿੰਗ ਸਮੇਂ ਸਮੇਂ ਸਿਰ ਹੁੰਦੀ ਰਹਿੰਦੀ ਸੀ।

ਗੁਰੂ ਜੀ ਆਪਣੀ ਕਮਾਈ ਦਾ ਬਹੁਤਾ ਹਿੱਸਾ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਲਾ ਦਿੰਦੇ ਸਨ। ਭਾਈਚਾਰੇ ਦੀ ਸੇਵਾ ਨੇ ਉਨ੍ਹਾਂ ਨੂੰ ਹਰਮਨ ਪਿਆਰਾ ਬਣਾ ਦਿਤਾ। ਇਸ ਗੱਲ ਦਾ ਜ਼ਿਕਰ ਜਨਮ-ਸਾਖੀ ਵਾਲਾ ਇੰਝ ਕਰਦਾ ਹੈ :

'ਐਸਾ ਕੰਮ ਕਰਨ ਜੋ ਸਭ ਕੋਈ ਖੁਸ਼ੀ ਹੋਵੈ। ਸਭ ਲੋਕ ਆਖਨਿ ਜੋ ਵਾਹ ਵਾਹ, ਕੋਈ ਭਲਾ ਹੈ। ਸਭ ਕੋ ਖਾਨ ਆਗੈ ਸੁਪਾਰਸ਼ ਕਰੈ। ਖਾਨ ਬਹੁਤ ਖੁਸ਼ੀ ਹੋਆ।'

ਈਮਾਨਦਾਰੀ ਅਤੇ ਲੋਕ-ਸੇਵਾ ਕਾਰਨ ਜਿਥੇ ਆਮ ਲੋਕ ਗੁਰੂ ਜੀ ਦਾ ਸਤਿਕਾਰ ਕਰਦੇ ਸਨ, ਉਥੇ ਰਿਸ਼ਵਤਖੋਰ ਮੁਲਾਜ਼ਮ ਆਪ ਜੀ ਤੋਂ ਬਹੁਤ ਚਿੜ੍ਹਦੇ ਸਨ, ਕਿਉਂਕਿ ਗੁਰੂ ਜੀ ਦੀ ਮੌਜੂਦਗੀ ਵਿਚ ਉਹ ਹੇਰਾ-ਫੇਰੀ ਨਹੀਂ ਸਨ ਕਰ ਸਕਦੇ। ਅਜਿਹੇ ਮੁਲਾਜ਼ਮਾਂ ਦੇ ਸ਼ੋਰ ਪਾਉਣ ਉਤੇ ਇਕ ਵਾਰ ਗੁਰੂ ਜੀ ਦੇ ਹਿਸਾਬ ਅਤੇ ਮੋਦੀਖਾਨੇ ਵਿਚਲੀ ਰਸਦ ਦੀ ਪੜਤਾਲ ਵੀ ਕੀਤੀ ਗਈ। ਲੇਖਾ ਹੋਣ

ਮਗਰੋਂ ਮੋਦੀਖਾਨੇ ਵਿਚਲਾ ਅਨਾਜ ਕੁਝ ਵੱਧ ਨਿਕਲਿਆ। ਅਸਲ ਵਿਚ ਜਿਹੜੀ ਤਨਖਾਹ ਆਪ ਜੀ ਨੂੰ ਅਨਾਜ ਦੀ ਸ਼ਕਲ ਵਿਚ ਮਿਲਦੀ ਸੀ, ਉਹ ਆਪ ਜੀ ਮੋਦੀਖਾਨੇ ਵਿਚ ਹੀ ਰੱਖ ਲੈਂਦੇ ਸਨ, ਜਿਸ ਨਾਲ ਆਏ ਗਏ ਦੀ ਸੇਵਾ ਅਤੇ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਸਨ। ਇਹ ਗੁਰੂ ਜੀ ਦੀ ਆਪਣੀ ਹੀ ਰਸਦ ਸੀ, ਜੋ ਹਿਸਾਬ ਮੁਤਾਬਕ ਵੱਧ ਸੀ। ਲੇਖਾ-ਪੜਤਾਲ ਹੋਣ ਮਗਰੋਂ ਗੁਰੂ ਜੀ ਦੀ ਸ਼ੋਭਾ ਸਗੋਂ ਹੋਰ ਫੈਲ ਗਈ। ਨਵਾਬ ਦੌਲਤ ਖਾਨ ਤਾਂ ਇਕ ਕਿਸਮ ਦਾ ਗੁਰੂ ਜੀ ਦਾ ਮੁਰੀਦ ਹੀ ਬਣ ਗਿਆ।

ਮੋਦੀ ਬਣਨ ਮਗਰੋਂ ਗੁਰੂ ਜੀ ਨੇ ਆਪਣੇ ਪਰਿਵਾਰ ਨੂੰ ਅਤੇ ਭਾਈ ਮਰਦਾਨਾ ਜੀ ਨੂੰ ਵੀ ਸੁਲਤਾਨਪੁਰ ਬੁਲਾ ਲਿਆ ਸੀ।

### ਨਿਤ ਦੀ ਕਿਰਿਆ

ਸੁਲਤਾਨਪੁਰ ਕੋਲ ਕਾਲੀ ਵੇਈਂ ਨਦੀ ਵਗਦੀ ਸੀ। ਗੁਰੂ ਜੀ ਹਰ ਰੋਜ਼ ਸਵੇਰੇ, ਪਹਿਰ ਰਾਤ ਰਹਿੰਦੀ, ਭਾਈ ਮਰਦਾਨਾ ਜੀ ਨਾਲ ਵੇਈਂ ਨਦੀ ਦੇ ਲਾਗੇ ਆ ਜਾਂਦੇ ਸਨ। ਇਸ਼ਨਾਨ ਕਰਨ ਮਗਰੋਂ ਪ੍ਰਭੂ ਦੀ ਸਿਫ਼ਤ-ਸਲਾਹ ਵਿਚ ਜੁੜ ਜਾਂਦੇ ਸਨ। ਜਦੋਂ ਭਾਈ ਮਰਦਾਨਾ ਜੀ ਰਬਾਬ ਛੇੜਦੇ ਤਾਂ ਜੰਗਲ ਵਿਚ ਮੰਗਲ ਲਗ ਜਾਂਦਾ। ਕੀਰਤਨ ਸੁਣਨ ਲਈ ਹੋਰ ਵੀ ਕਈ ਲੋਕੀਂ ਆ ਜਾਂਦੇ ਸਨ। ਹੌਲੀ ਹੌਲੀ ਇਕ ਤਕੜਾ ਸਤਿਸੰਗ ਹੋਣ ਲਗ ਪਿਆ। ਗੁਰੂ ਜੀ ਲੋਕਾਂ ਨੂੰ ਫੋਕਟ-ਕਰਮਾਂ, ਭੇਖਾਂ-ਭਰਮਾਂ, ਦੇਵੀ-ਦੇਵਤਿਆਂ ਦੀ ਪੂਜਾ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਸਨ ਅਤੇ ਸਭ ਨੂੰ ਇਕ ਅਕਾਲ ਪੁਰਖ ਦੀ ਸ਼ਰਨ ਵਿਚ ਆਉਣ ਲਈ ਆਖਦੇ ਸਨ। ਉਹ ਲੋਕਾਂ ਨੂੰ ਸਮਝਾਉਂਦੇ ਕਿ ਪ੍ਰਭੂ ਨਾਲ ਜੁੜੇ ਰਹਿਣ ਦਾ ਇਕੋ ਇਕ ਵਸੀਲਾ ਉਸਦੀ ਸਿਫ਼ਤ-ਸਲਾਹ ਕਰਨਾ ਹੈ ਅਤੇ ਖਲਕਤ ਵਿਚੋਂ ਖਾਲਕ ਦੇ ਦਰਸ਼ਨ ਕਰਨੇ ਹਨ। ਖਲਕਤ ਦੀ ਸੇਵਾ ਹੀ ਪ੍ਰਭੂ ਦੀ ਸੇਵਾ ਹੈ। ਗੁਰੂ ਜੀ ਦੇ ਇਸ ਪਰਚਾਰ ਕਰ ਕੇ ਬਹੁਤ ਸਾਰੇ ਲੋਕਾਂ ਨੇ ਵਿਖਾਵੇ ਦੇ ਧਰਮ ਨੂੰ ਤਿਆਗ ਦਿਤਾ ਅਤੇ ਗੁਰੂ ਜੀ ਦੇ ਦੱਸੇ ਮਾਰਗ ਉਤੇ ਤੁਰਨ ਲਗ ਪਏ। ਇਨ੍ਹਾਂ ਲੋਕਾਂ ਵਿਚ ਮੈਲਸੀਹਾਂ ਦਾ ਨੰਬਰਦਾਰ ਭਾਈ ਭਗੀਰਥ ਵੀ ਸੀ। ਉਸਨੇ ਦੁਰਗਾ ਦੀ ਪੂਜਾ ਛੱਡ ਦਿਤੀ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ।

### ਬ੍ਰਾਹਮਣ ਦੀ ਧੀ ਦਾ ਵਿਆਹ

ਇਹ ਸੁਣਕੇ ਕਿ ਗੁਰੂ ਜੀ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਬੜੀ ਖੁਲ੍ਹ-ਦਿਲੀ ਵਿਖਾਉਂਦੇ ਹਨ, ਇਕ ਬ੍ਰਾਹਮਣ ਆਪ ਜੀ ਕੋਲ ਆਇਆ। ਉਸਨੇ ਬੇਨਤੀ ਕੀਤੀ ਕਿ ਉਹ ਰੁਪਏ-ਪੈਸੇ ਹੱਥੋਂ ਬਹੁਤ ਤੰਗ ਹੈ ਅਤੇ ਆਪਣੀ ਜੁਆਨ ਧੀ ਦਾ ਵਿਆਹ ਕਰਨ ਤੋਂ ਵੀ ਅਸਮਰਥ ਹੈ। ਗੁਰੂ ਜੀ ਨੇ ਭਾਈ ਭਗੀਰਥ ਜੀ ਨੂੰ ਲਾਹੌਰ ਭੇਜਿਆ, ਤਾਂ ਜੋ ਉਹ ਵਿਆਹ ਲਈ ਜ਼ਰੂਰੀ ਸਮਾਨ ਲੈ ਆਵੇ। ਜਦੋਂ ਭਾਈ ਭਗੀਰਥ ਜੀ ਸਾਮਾਨ ਲੈ ਆਏ ਤਾਂ ਉਸ ਗਰੀਬ ਬ੍ਰਾਹਮਣ

ਦੀ ਧੀ ਦਾ ਵਿਆਹ ਕਰ ਦਿਤਾ ਗਿਆ।

ਲਾਹੌਰ ਵਿਚ ਭਾਈ ਭਗੀਰਥ ਜੀ ਇਕ ਵਪਾਰੀ ਮਨਸੁਖ ਨੂੰ ਜਾ ਮਿਲੇ ਸਨ। ਮਨਸੁਖ ਸੰਸਾਰੀ ਵਸਤਾਂ ਨਾਲ ਮੋਹ ਪਿਆਰ ਕਰਨ ਵਾਲਾ ਬੰਦਾ ਸੀ। ਉਸਦਾ ਖਿਆਲ ਸੀ ਕਿ ਸਾਧ-ਸੰਤ ਤਾਂ ਵਿਹਲੜ ਬੰਦੇ ਹੁੰਦੇ ਹਨ ਜੋ ਹੋਰਨਾਂ ਦੀ ਕਮਾਈ ਨਾਲ ਐਸ਼ ਲੁੱਟਦੇ ਹਨ। ਜਦੋਂ ਉਸਨੇ ਗੁਰੂ ਨਾਨਕ ਜੀ ਬਾਰੇ ਸੁਣਿਆ ਕਿ ਉਹ ਆਪ ਕਿਰਤ ਕਾਰ ਕਰਦੇ ਹਨ ਅਤੇ ਆਪਣੀ ਕਮਾਈ ਨਾਲ ਲੋੜਵੰਦਾਂ ਦੀ ਸੇਵਾ ਕਰਦੇ ਹਨ, ਤਾਂ ਉਸਦਾ ਮਨ ਗੁਰੂ ਜੀ ਦੇ ਦਰਸ਼ਨ ਕਰਨ ਲਈ ਉਤਸਕ ਹੋ ਗਿਆ। ਉਹ ਭਾਈ ਭਗੀਰਥ ਜੀ ਦੇ ਨਾਲ ਸੁਲਤਾਨਪੁਰ ਆ ਗਿਆ। ਗੁਰੂ ਜੀ ਦੀ ਸੰਗਤ ਕਰਨ ਨਾਲ ਉਸਦੇ ਵਿਚਾਰ ਹੀ ਬਦਲ ਗਏ। ਸੰਸਾਰਕ ਮੋਹ ਤਾਂ ਜਿਵੇਂ ਉਡ-ਪੁਡ ਹੀ ਗਿਆ। ਪਰ ਗੁਰੂ ਜੀ ਦੇ ਕਹਿਣ ਉਤੇ ਉਹ ਮੁੜ ਕੇ ਲਾਹੌਰ ਆ ਗਿਆ ਅਤੇ ਵਪਾਰ ਕਰਨ ਲੱਗ ਪਿਆ। ਪਰ ਹੁਣ ਉਹ ਨਿਰਾ ਵਪਾਰੀ ਹੀ ਨਹੀਂ ਰਿਹਾ, ਸਗੋਂ ਗੁਰੂ ਜੀ ਦੀ ਸਿਖਿਆ ਨੂੰ ਪਰਚਾਰਨ ਵਾਲਾ ਗੁਰਸਿਖ ਬਣ ਗਿਆ ਸੀ।

ਭਾਈ ਮਨਸੁਖ ਦੂਰ-ਦੂਰ ਤਕ ਵਪਾਰ ਕਰਨ ਜਾਂਦਾ ਸੀ। ਇਕ ਵਾਰ ਉਹ ਸਿੰਘਲਾਦੀਪ (ਲੰਕਾ) ਵਿਚ ਵੀ ਗਿਆ। ਲੰਕਾ ਦੇ ਸ਼ਹਿਰ ਮਟੀਆ ਕਲਮ (ਮਟਾਲੇ) ਦਾ ਰਾਜਾ, ਭਾਈ ਸਾਹਿਬ ਦੇ ਵਿਚਾਰਾਂ ਅਤੇ ਕਿਰਦਾਰ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਹ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਦਾ ਭੌਰਾ ਬਣ ਗਿਆ। ਗੁਰੂ ਜੀ ਦੇ ਦਰਸ਼ਨਾਂ ਲਈ ਉਸ ਦੇ ਮਨ ਵਿਚ ਪ੍ਰਬਲ ਇੱਛਾ ਪੈਦਾ ਹੋ ਗਈ।

**ਬਾਬਾ ਦੇਖੈ ਧਿਆਨੁ ਧਰਿ**

ਸਤਿਗੁਰੂ ਜੀ ਨੂੰ ਮੋਦੀਖਾਨੇ ਵਿਚ ਕਿਰਤ-ਕਾਰ ਕਰਦਿਆਂ ਹੋਇਆਂ ਲਗਪਗ ਪੌਣੇ ਤਿੰਨ ਸਾਲ ਹੋ ਗਏ ਸਨ। ਉਨ੍ਹਾਂ ਦੇ ਬਹੁਤ ਸਾਰੇ ਸ਼ਰਧਾਲੂ ਵੀ ਬਣ ਗਏ ਸਨ ਅਤੇ ਸੁਲਤਾਨਪੁਰ ਦੇ ਸਤਸੰਗ ਦੀ ਸ਼ੋਭਾ ਦੂਰ ਦੂਰ ਤਕ ਫੈਲ ਗਈ ਸੀ, ਪਰ ਗੁਰੂ ਜੀ ਦਾ ਮਨ ਇਸ ਸਭ ਨਾਲ ਸੰਤੁਸ਼ਟ ਨਹੀਂ ਸੀ। ਸੁਲਤਾਨਪੁਰ ਤਾਂ ਭਾਵੇਂ ਸਵੱਰਗ ਬਣਦਾ ਜਾ ਰਿਹਾ ਸੀ, ਪਰ ਬਾਕੀ ਦਾ ਸੰਸਾਰ ਤਾਂ ਨਰਕ ਬਣਿਆ ਪਿਆ ਸੀ। ਲੋਕ ਪ੍ਰਭੂ ਨੂੰ ਭੁੱਲ ਕੇ ਕਰਮ-ਕਾਂਡਾਂ ਵਿਚ ਪੈ ਕੇ ਆਪਣਾ ਜੀਵਨ ਅਜਾਈਂ ਗੁਆ ਰਹੇ ਸਨ; ਧਾਰਮਕ ਆਗੂ ਆਪ ਔਝੜੇ ਪਏ ਹੋਏ ਸਨ। ਸਮਾਜ ਅਨੇਕਾਂ ਹੀ ਕੁਰੀਤੀਆਂ ਨਾਲ ਭਰਿਆ ਪਿਆ ਸੀ। ਧਾਰਮਕ ਆਗੂਆਂ ਦੇ ਸਿਖਾਏ ਹੋਏ ਲੋਕ, ਆਪਸ ਵਿਚ ਖਹਿ ਖਹਿ ਮਰ ਰਹੇ ਸਨ। ਰਾਜੇ, ਜਿਨ੍ਹਾਂ ਦਾ ਕੰਮ ਪਰਜਾ ਨੂੰ ਖੁਸ਼ਹਾਲ ਰੱਖਣਾ ਹੁੰਦਾ ਹੈ, ਉਲਟਾ ਪਰਜਾ ਦਾ ਖੂਨ ਚੂਸ ਰਹੇ ਸਨ। ਸਭ ਪਾਸੇ ਹਾਹਾਕਾਰ ਮੱਚੀ ਪਈ ਸੀ। ...ਤੇ ਗੁਰੂ ਜੀ ਇਸ ਜਲਦੇ ਸੰਸਾਰ ਵਿਚ ਠੰਢ ਵਰਤਾਉਣ ਦੀ ਤਿਆਰੀ ਕਰ ਰਹੇ ਸਨ।

ਇਕ ਦਿਨ ਗੁਰੂ ਜੀ ਰੋਜ਼ ਦੀ ਤਰ੍ਹਾਂ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ, ਤੇ ਦੋ ਦਿਨ ਅਲੋਪ ਹੀ ਰਹੇ। ਤੀਜੇ ਦਿਨ, ਉਸ ਥਾਂ ਤੋਂ ਲਗਪਗ ਦੋ ਮੀਲ ਦੂਰ, ਪਰਗਟ ਹੋ ਗਏ। ਇਹ ਦੋ ਦਿਨ ਉਹ ਕਿਥੇ ਰਹੇ, ਇਸ ਬਾਰੇ ਵੱਖ ਵੱਖ ਵੀਚਾਰ ਦਿਤੇ ਜਾਂਦੇ ਹਨ। ਜਨਮ ਸਾਖੀਆਂ ਅਤੇ ਹੋਰ ਬਹੁਤ ਸਾਰੇ ਵਿਦਵਾਨ ਇਹ ਮੰਨਦੇ ਹਨ ਕਿ ਗੁਰੂ ਜੀ ਉਸ ਸਮੇਂ ਅਕਾਲ ਪੁਰਖ ਦੇ ਦਰਬਾਰ ਵਿਚ ਹਾਜ਼ਰ ਹੋਏ, ਜਿਥੇ ਅਕਾਲ ਪੁਰਖ ਨੇ ਉਨ੍ਹਾਂ ਨੂੰ ਅਧਿਆਤਮਕ ਸਿਖਿਆ ਦੇਣ ਅਤੇ ਜਗਤ ਨੂੰ ਤਾਰਨ ਦਾ ਅਧਿਕਾਰ ਦਿਤਾ। ਦੂਜਾ ਵਿਚਾਰ ਇਹ ਹੈ ਕਿ ਸਤਿਗੁਰੂ ਜੀ ਵੇਈਂ ਦੇ ਪਰਲੇ ਪਾਸੇ ਚਲੇ ਗਏ ਸਨ ਅਤੇ ਚੰਗੀ ਤਰ੍ਹਾਂ ਸੋਚ-ਵਿਚਾਰ ਕੇ ਆਪਣਾ ਅਗਲਾ ਪ੍ਰੋਗਰਾਮ ਨਿਸਚਿਤ ਕੀਤਾ ਕਿ 'ਹੈ ਹੈ ਕਰਦੀ ਲੁਕਾਈ' ਵਿਚ ਠੰਢ ਕਿਵੇਂ ਵਰਤਾਈ ਜਾਵੇ। ਇਥੇ ਹੀ ਉਨ੍ਹਾਂ ਨੇ ਪਰਚਾਰ-ਦੌਰਿਆਂ (ਉਦਾਸੀਆਂ) ਦਾ ਪ੍ਰੋਗਰਾਮ ਉਲੀਕਿਆ।

ਦੂਸਰਾ ਵਿਚਾਰ ਹੀ ਠੀਕ ਜਾਪਦਾ ਹੈ ਕਿਉਂਕਿ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ 'ਸੂਖਮ ਬ੍ਰਹਮ' ਦੀ ਹੋਂਦ ਨੂੰ ਹੀ ਮੰਨਿਆ ਹੈ, ਜਿਸਦਾ ਕੋਈ ਸਰੀਰ ਨਹੀਂ ਹੈ ਚੱਕ੍ਰ-ਚਿੰਨ੍ਹ ਨਹੀਂ ਹਨ ਅਤੇ ਨਾ ਹੀ ਉਹ ਕਿਸੇ ਵਿਸ਼ੇਸ਼ ਜਗ੍ਹਾ ਕਿਸੇ ਰਾਜੇ ਦੀ ਤਰ੍ਹਾਂ ਦਰਬਾਰ ਸਜਾ ਕੇ ਹੀ ਬੈਠਾ ਹੋਇਆ ਹੈ। ਉਹ ਤਾਂ ਆਪਣੀ ਕੁਦਰਤ ਦੇ ਜ਼ਰੇ-ਜ਼ਰੇ ਵਿਚ ਵਸਿਆ ਹੋਇਆ ਹੈ ਅਤੇ ਉਸਨੂੰ ਇਨ੍ਹਾਂ ਅੱਖਾਂ ਨਾਲ ਵੇਖਿਆ ਨਹੀਂ ਜਾ ਸਕਦਾ, ਸਗੋਂ ਅਨੁਭਵ ਹੀ ਕੀਤਾ ਜਾ ਸਕਦਾ ਹੈ। ਰਾਜਿਆਂ ਦੀ ਤਰ੍ਹਾਂ ਸਵਰਗਾਂ ਵਿਚ ਜਾਂ ਸੱਤਵੇਂ ਅਸਮਾਨ ਉੱਤੇ ਰੱਬ ਦੇ ਦਰਬਾਰ ਦਾ ਵਿਚਾਰ ਈਸਾਈ ਮਤ ਜਾਂ ਇਸਲਾਮ ਦਾ ਤਾਂ ਹੋ ਸਕਦਾ ਹੈ, ਸਿੱਖੀ ਦਾ ਨਹੀਂ। ਉਂਝ ਵੀ ਗੁਰੂ ਜੀ ਤਾਂ ਆਪਣੇ ਜਨਮ ਤੋਂ ਹੀ ਗੁਰੂ ਸਨ, ਇਸ ਲਈ ਉਨ੍ਹਾਂ ਨੂੰ ਦੁਬਾਰਾ 'ਗੁਰੂ' ਦਾ ਅਧਿਕਾਰ ਪ੍ਰਾਪਤ ਕਰਨ ਦੀ ਕੋਈ ਲੋੜ ਨਹੀਂ ਸੀ। ਉਨ੍ਹਾਂ ਨੇ ਤਾਂ ਦਸ ਸਾਲ ਦੀ ਉਮਰ ਵਿਚ ਹੀ ਪੰਡਤ ਹਰਦਿਆਲ ਨੂੰ ਸੱਚੇ-ਜਨੇਊ ਦਾ ਗਿਆਨ ਬਖ਼ਸ਼ਿਆ ਸੀ। ਹੁਣ ਤਕ ਤਾਂ ਉਹ, ਭਾਈ ਮਰਦਾਨਾ ਜੀ ਦੇ ਨਾਲ ਰਲ ਕੇ 'ਬਾਣੀ' ਦੇ ਕੀਰਤਨ ਨਾਲ ਸੈਂਕੜੇ ਲੋਕਾਂ ਦੇ ਜੀਵਨ ਪਲਟ ਚੁਕੇ ਸਨ, ਜਿਹੜੀ ਉਨ੍ਹਾਂ ਨੂੰ ਅਕਾਲ ਪੁਰਖ ਨਾਲ ਇਕ-ਮਿਕ ਹੋਣ ਮਗਰੋਂ ਅਨੁਭਵ ਰਾਹੀਂ ਪ੍ਰਾਪਤ ਹੁੰਦੀ ਸੀ। ਭਾਈ ਭਗੀਰਥ ਅਤੇ ਭਾਈ ਮਨਸੁਖ ਆਦਿਕ ਅਨੇਕਾਂ ਮਨੁੱਖਾਂ ਨੂੰ ਕਰਮ-ਕਾਂਡੀ ਜੀਵਨ ਅਤੇ ਅਨਮਤੀ ਵਿਚਾਰਾਂ ਵੱਲੋਂ ਹੋੜ ਕੇ ਸਿੱਖੀ ਦੀ ਦਾਤ ਬਖਸ਼ ਚੁਕੇ ਸਨ। ਇਹ ਸਭ ਕੁਝ ਉਨ੍ਹਾਂ ਨੇ ਆਪਣਾ ਉਹੀ 'ਅਧਿਕਾਰ' ਵਰਤ ਕੇ ਕੀਤਾ ਸੀ, ਜੋ ਉਨ੍ਹਾਂ ਨੂੰ ਜਨਮ ਤੋਂ ਹੀ ਪ੍ਰਾਪਤ ਸੀ। ਭਾਈ ਗੁਰਦਾਸ ਜੀ ਬੜਾ ਸਪੱਸ਼ਟ ਲਿਖਦੇ ਹਨ—

ਸੁਣੀ ਪੁਕਾਰ ਦਾਤਾਰ ਪ੍ਰਭ, ਗੁਰੂ ਨਾਨਕ ਜਗ ਮਾਹਿ ਪਠਾਇਆ॥

... ... ... ... ...

ਕਲਿ ਤਾਰਣ ਗੁਰੂ ਨਾਨਕ ਆਇਆ॥ (ਵਾਰ ੧)

ਜਦੋਂ ਗੁਰੂ ਨਾਨਕ ਜੀ ਦਾ ਪ੍ਰਕਾਸ਼ ਹੀ 'ਕਲਿ ਤਾਰਣ' ਲਈ ਹੋਇਆ ਸੀ, ਤਾਂ ਉਨ੍ਹਾਂ ਨੂੰ ਦੁਬਾਰਾ ਰੱਬ ਦੇ ਦਰਬਾਰ ਵਿਚ ਜਾਣ ਦੀ ਕੋਈ ਲੋੜ ਨਹੀਂ ਸੀ।

**ਨਾ ਕੋ ਹਿੰਦੂ, ਨਾ ਮੁਸਲਮਾਨ**

ਵੇਈਂ ਨਦੀ ਤੋਂ ਬਾਹਿਰ ਆ ਕੇ ਸਤਿਗੁਰੂ ਜੀ ਕਬਰਿਸਤਾਨ ਵਿਚ ਆ ਗਏ। ਉਨ੍ਹਾਂ ਦੇ 'ਪ੍ਰਗਟ' ਹੋਣ ਦੀ ਖਬਰ ਸੁਣਕੇ ਸੁਲਤਾਨਪੁਰ ਦੇ ਲੋਕੀਂ ਉਥੇ ਆਣ ਇਕੱਠੇ ਹੋਏ। ਇਸ ਇਕੱਠ ਵਿਚ ਗੁਰੂ ਜੀ ਨੇ ਜਿਹੜਾ ਪਹਿਲਾ ਉਪਦੇਸ਼ ਦਿਤਾ, ਉਹ ਸੀ-ਨਾ ਕੋ ਹਿੰਦੂ, ਨਾ ਮੁਸਲਮਾਨ। ਇਸਦਾ ਭਾਵ ਇਹ ਸੀ ਕਿ ਲੋਕੀਂ ਹਿੰਦੂ ਮੁਸਲਮਾਨ ਦੇ ਵਿਤਕਰੇ ਨੂੰ ਛੱਡ ਦੇਣ, ਸਾਰੀ ਖਲਕਤ ਵਿਚ ਖਾਲਿਕ ਨੂੰ ਵੇਖਣ; ਆਪਸ ਵਿਚ ਲੜਨ-ਖਹਿਬੜਨ ਦੀ ਥਾਂ ਉਤੇ ਉਚੇ-ਸੁਚੇ ਅਧਿਆਤਮਕ ਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਕੇ ਆਪਣੇ ਮਨੁਖਾ ਜੀਵਨ ਨੂੰ ਸਫਲ ਕਰਨ।

**ਸੁਲਤਾਨਪੁਰ ਦੀ ਮਸਜਿਦ ਵਿਚ**

ਕਬਰਿਸਤਾਨ ਵਿਚ ਨਵਾਬ ਦੌਲਤ ਖਾਨ ਅਤੇ ਸੁਲਤਾਨਪੁਰ ਦਾ ਕਾਜ਼ੀ ਵੀ ਆਇਆ ਹੋਇਆ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਆਖਿਆ ਕਿ ਜੇ ਤੁਸੀਂ ਹਿੰਦੂ-ਮੁਸਲਮਾਨ ਦੇ ਵਿਤਕਰੇ ਨੂੰ ਨਹੀਂ ਮੰਨਦੇ ਅਤੇ ਸਾਰੀ ਖਲਕਤ ਵਿਚ ਖਾਲਿਕ ਦੇ ਵਾਸੇ ਨੂੰ ਮੰਨਦੇ ਹੋ, ਤਾਂ ਆਉ! ਸਾਡੇ ਨਾਲ ਮਸਜਿਦ ਵਿਚ ਉਸੇ ਖਾਲਿਕ ਦੀ ਨਿਮਾਜ਼ ਪੜ੍ਹੋ।

ਉਸ ਵੇਲੇ ਪੇਸ਼ੀ ਦੀ ਨਿਮਾਜ਼ (ਦੁਪਹਿਰ-ਸੂਰਜ ਢਲਣ ਸਮੇਂ ਦੀ ਨਿਮਾਜ਼) ਦਾ ਵਕਤ ਹੋਇਆ ਸੀ। ਸਤਿਗੁਰੂ ਜੀ, ਨਵਾਬ, ਕਾਜ਼ੀ ਅਤੇ ਹੋਰਨਾਂ ਮੁਸਲਮਾਨਾਂ ਦੇ ਸਮੇਤ ਸੁਲਤਾਨਪੁਰ ਦੀ ਮਸਜਿਦ ਵਿਚ ਆ ਗਏ। ਸਭ ਬੰਦੇ ਨਿਮਾਜ਼ ਗੁਜ਼ਾਰਨ ਲਈ ਖੜ੍ਹੇ ਹੋ ਗਏ। ਕਾਜ਼ੀ ਦੇ ਪਿੱਛੇ ਪਿੱਛੇ ਸਭ ਨਿਮਾਜ਼ ਪੜ੍ਹਨ ਲਗੇ, ਪਰ ਗੁਰੂ ਜੀ ਅਡੋਲ ਖੜ੍ਹੇ ਰਹੇ ਅਤੇ ਮੁਸਕਰਾਂਦੇ ਰਹੇ। ਨਿਮਾਜ਼ ਖਤਮ ਹੋਈ। ਕਾਜ਼ੀ ਨੇ ਇਤਰਾਜ਼ ਕੀਤਾ ਕਿ ਗੁਰੂ ਜੀ ਨੇ ਨਿਮਾਜ਼ ਵਿਚ ਹਾਜ਼ਿਰ ਨਾ ਹੋ ਕੇ ਨਿਮਾਜ਼ ਦਾ ਅਪਮਾਨ ਕੀਤਾ ਹੈ। ਸਤਿਗੁਰਾਂ ਨੇ ਬੜੀ ਦਲੇਰੀ ਨਾਲ ਜੁਆਬ ਦਿਤਾ, "ਕਾਜ਼ੀ ਜੀ! ਤੁਹਾਡਾ ਮਨ ਤਾਂ ਨਿਮਾਜ਼ ਵਿਚ ਹੀ ਨਹੀਂ ਸੀ। ਤੁਸੀਂ ਮੂੰਹ ਨਾਲ ਤਾਂ ਨਿਮਾਜ਼ ਪੜ੍ਹ ਰਹੇ ਸੀ, ਪਰ ਧਿਆਨ ਤੁਹਾਡਾ ਆਪਣੇ ਘਰ ਵਿਚ ਹੀ ਸੀ। ਤੁਸੀਂ ਤਾਂ ਸੋਚ ਰਹੇ ਸੀ ਕਿ ਕਿਧਰੇ ਤੁਹਾਡੀ ਘੋੜੀ ਦੀ ਵਛੇਰੀ ਖੂਹ ਵਿਚ ਹੀ ਨਾ ਡਿਗ ਪਵੇ।"

ਜਦ ਨਵਾਬ ਨੇ ਆਖਿਆ, 'ਤੁਸੀਂ ਮੇਰੇ ਨਾਲ ਹੀ ਨਿਮਾਜ਼ ਪੜ੍ਹ ਲੈਣੀ ਸੀ।' ਤਾਂ ਸਤਿਗੁਰਾਂ ਨੇ ਕਿਹਾ, 'ਨਵਾਬ ਸਾਹਿਬ! ਤੁਸੀਂ ਤਾਂ ਕੰਧਾਰ ਵਿਚ ਘੋੜੇ ਖਰੀਦ ਰਹੇ ਸੋ, ਮੈਂ ਨਿਮਾਜ਼ ਕਿਸ ਨਾਲ ਪੜ੍ਹਦਾ?' ਨਵਾਬ ਵੀ ਨਿਰੁਤਰ ਹੋ ਗਿਆ।

ਇਹ ਸਾਖੀ ਜਿਥੇ 'ਇਕ ਮਨ-ਇਕ ਚਿਤ' ਹੋ ਕੇ ਪ੍ਰਭੂ-ਭਗਤੀ ਕਰਨ ਦਾ

ਉਪਦੇਸ਼ ਦਿੰਦੀ ਹੈ, ਉਥੇ ਸਤਿਗੁਰਾਂ ਦੀ ਨਿਰਭੈਤਾ-ਨਿਡਰਤਾ ਨੂੰ ਵੀ ਉਘਾੜਦੀ ਹੈ ਮੁਸਲਮਾਨਾਂ ਦੇ ਰਾਜ ਵਿਚ, ਮੁਸਲਮਾਨੀ ਧਰਮ ਅਸਥਾਨ ਵਿਚ, ਉਥੋਂ ਦੇ ਨਵਾਬ ਅਤੇ ਕਾਜ਼ੀ ਦੀ ਮੌਜੂਦਗੀ ਵਿਚ ਨਿਮਾਜ਼ ਸਮੇਂ ਮੁਸਕਾਂਦੇ ਰਹਿਣਾ ਅਤੇ ਮਗਰੋਂ ਖਰੀਆਂ-ਖਰੀਆਂ ਸੁਣਾ ਦੇਣੀਆਂ, ਇਹ ਕੇਵਲ ਗੁਰੂ ਨਾਨਕ ਵਰਗੇ ਮਰਦ-ਸੂਰਮੇ, ਸੰਤ-ਸਿਪਾਹੀ ਦਾ ਹੀ ਕੰਮ ਸੀ।

**ਚੜ੍ਹਿਆ ਸੋਧਣ ਧਰਤ ਲੁਕਾਈ**

ਉਪ੍ਰੋਕਤ ਘਟਨਾ ਦੇ ਮਗਰੋਂ ਆਪ ਜੀ ਨੇ ਮੋਦੀਖਾਨੇ ਦੀ ਨੌਕਰੀ ਛੱਡ ਦਿਤੀ ਅਤੇ ਬਾਲ-ਬੱਚਿਆਂ ਨੂੰ ਬੀਬੀ ਨਾਨਕੀ ਜੀ ਕੋਲ ਸੌਂਪ ਦਿਤਾ ਅਤੇ ਸਭ ਨੂੰ ਦੱਸ ਦਿਤਾ ਕਿ ਹੁਣ ਉਹ ਸੱਚ-ਧਰਮ ਦੇ ਪਰਚਾਰ ਲਈ ਸੰਸਾਰ ਯਾਤਰਾ ਉਤੇ ਜਾਣਗੇ।

ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਇਸ ਫੈਸਲੇ ਦਾ ਇੰਝ ਜ਼ਿਕਰ ਕੀਤਾ ਹੈ–

ਬਾਬਾ ਦੇਖੈ ਧਿਆਨੁ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ। *(ਵਾਰ ੧)*

ਸਤਿਗੁਰਾਂ ਨੇ ਕੁਲ ਕਿੰਨੀਆਂ 'ਉਦਾਸੀਆਂ' (Missionary Tours) ਲਾਈਆਂ, ਇਹਨਾਂ ਉਦਾਸੀਆਂ ਦਾ ਰਸਤਾ (Route) ਕਿਹੜਾ ਸੀ ਅਤੇ ਹਰੇਕ ਉਦਾਸੀ ਕਿੰਨੇ ਸਮੇਂ ਦੀ ਸੀ, ਇਸ ਬਾਰੇ ਇਤਿਹਾਸਕਾਰਾਂ ਵਿਚ ਮਤਭੇਦ ਪਾਏ ਜਾਂਦੇ ਹਨ। ਨਵੀਂ ਖੋਜ ਦੇ ਮੁਤਾਬਕ ਸਤਿਗੁਰਾਂ ਨੇ ਤਿੰਨ ਵੱਡੀਆਂ ਉਦਾਸੀਆਂ ਲਾਈਆਂ ਸਨ। ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਇਨ੍ਹਾਂ ਦੀ ਕਾਲ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ :–

ੳ) ਪਹਿਲੀ ਉਦਾਸੀ–ਹਿੰਦੂ ਤੀਰਥਾਂ ਵੱਲ :
ਸਤੰਬਰ 1507 ਤੋਂ ਨਵੰਬਰ 1515 ਤੱਕ।

ਅ) ਦੂਜੀ ਉਦਾਸੀ–ਸੁਮੇਰ ਪਰਬਤ ਦੀ :
ਸਤੰਬਰ 1517 ਤੋਂ 1518 ਦੇ ਅੱਧ ਤਕ।

ੲ) ਤੀਜੀ ਉਦਾਸੀ–ਇਸਲਾਮ ਦੇ ਧਰਮ-ਅਸਥਾਨਾਂ ਦੀ :
1518 ਤੋਂ ਨਵੰਬਰ 1521 ਤਕ।

'ਉਦਾਸੀਆਂ' ਬਾਰੇ ਸਤਿਗੁਰਾਂ ਨੇ ਆਪਣੀ ਬਾਣੀ ਵਿਚ ਇਹ ਸਪਸ਼ਟ ਕੀਤਾ ਹੈ ਕਿ ਇਹ ਉਦਾਸੀਆਂ ਜਗਤ ਵੱਲੋਂ ਉਪਰਾਮਤਾ (ਉਦਾਸੀ) ਕਰਕੇ ਨਹੀਂ

ਸਨ; ਸਗੋਂ ਭੁੱਲੇ ਭਟਕੇ ਜੀਵਾਂ ਨੂੰ ਸੱਚ-ਧਰਮ ਦਾ ਮਾਰਗ ਦਿਖਾ ਕੇ ਉਨ੍ਹਾਂ ਦੇ ਉਧਾਰ ਲਈ ਸਨ। ਇਨ੍ਹਾਂ ਦਾ ਉਦੇਸ਼ ਸੱਚੇ ਧਾਰਮਕ-ਪੁਰਸ਼ਾਂ ਦੀ ਖੋਜ ਕਰਕੇ ਅਤੇ ਗਲਤ ਕੰਮਾਂ ਵਿਚ ਰੁੱਝੇ ਹੋਏ ਧਾਰਮਕ ਆਗੂਆਂ ਨੂੰ ਠੀਕ ਰਾਹ ਵਿਖਾਕੇ, ਉਨ੍ਹਾਂ ਨੂੰ ਸੜਦੇ-ਤਪਦੇ ਸੰਸਾਰ ਵਿਚ ਗੁਰਮਤਿ-ਗਿਆਨ ਦੇ ਰਾਹੀਂ ਠੰਡ ਵਰਤਾਉਣ ਦੇ ਕੰਮ ਵਿਚ ਲਾਉਣਾ ਸੀ। 'ਸਿੱਧ ਗੋਸਟਿ' ਨਾਮ ਦੀ ਬਾਣੀ ਵਿਚ, ਯੋਗੀਆਂ ਦੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਜੀ ਨੇ ਉਦਾਸੀ ਦੇ ਮਨੋਰਥ ਨੂੰ ਦੱਸਿਆ ਹੈ :—

**ਸਿੱਧਾਂ-ਯੋਗੀਆਂ ਦਾ ਪ੍ਰਸ਼ਨ :**

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥
ਕਿਸੁ ਵਖਰ ਕੇ ਤੁਮ ਵਣਜਾਰੇ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ॥

**ਸਤਿਗੁਰਾਂ ਦਾ ਉਤਰ :—**

ਗੁਰਮੁਖਿ ਖੋਜਤ ਭਏ ਉਦਾਸੀ॥
ਦਰਸਨ ਕੈ ਤਾਈ ਭੇਖ ਨਿਵਾਸੀ॥
ਸਾਚ ਵਖਰ ਕੇ ਹਮ ਵਣਜਾਰੇ॥
ਨਾਨਕ ਗੁਰਮੁਖਿ ਉਤਰਸਿ ਪਾਰੇ॥

*(ਰਾਮਕਲੀ, ਸਿਧ ਗੋਸਟਿ, ਪੰਨਾ ੯੩੯)*

# ਪਹਿਲੀ ਉਦਾਸੀ

**ਲਾਹੌਰ ਵਿਚ**

ਭਾਈ ਮਰਦਾਨਾ ਜੀ ਨੂੰ ਨਾਲ ਲੈਕੇ ਗੁਰੂ ਜੀ ਸਤੰਬਰ 1507 ਵਿਚ ਸੁਲਤਾਨਪੁਰੋਂ ਤਲਵੰਡੀ ਨੂੰ ਚੱਲ ਪਏ। ਗੁਰੂ ਜੀ ਦਾ ਇਰਾਦਾ ਆਪਣੇ ਬਿਰਧ ਮਾਤਾ-ਪਿਤਾ ਨੂੰ ਪਰਚਾਰਕ-ਸਫ਼ਰ ਉਤੇ ਜਾਣ ਦੀ ਸੂਚਨਾ ਦੇਣ ਦਾ ਸੀ।

ਲਾਹੌਰ ਪੁੱਜ ਕੇ ਗੁਰੂ ਜੀ ਨੇ ਜਵਾਹਰ ਮੱਲ ਦੇ ਚੋਹੱਟੇ ਵਿਚ ਇਕ ਖੂਹ ਦੇ ਕੋਲ ਪਿਪਲ ਹੇਠ ਆ ਡੇਰਾ ਕੀਤਾ। ਇਥੇ ਹੁਣ ਗੁਰਦਵਾਰਾ ਬਣਿਆ ਹੋਇਆ ਹੈ। ਲਾਹੌਰ ਦੇ ਇਕ ਧਨਾਢ ਖੱਤਰੀ ਦੁਨੀ ਚੰਦ ਨੇ ਬ੍ਰਾਹਮਣਾਂ ਅਤੇ ਸਾਧਾਂ ਨੂੰ ਆਪਣੇ ਪਿਤਾ ਦੇ ਨਮਿਤ ਸ੍ਰਾਧ ਦੇ ਭੋਜਨ ਉਤੇ ਬੁਲਾਇਆ ਹੋਇਆ ਸੀ। ਹੋਰਨਾਂ ਹਿੰਦੂਆ ਦੀ ਤਰ੍ਹਾਂ ਉਸਦਾ ਵੀ ਇਹ ਵਿਸ਼ਵਾਸ ਸੀ ਕਿ ਸਰਾਧਾਂ ਦੇ ਦਿਨਾਂ (ਭਾਦਰੋਂ ਸੁਦੀ 15 ਤੋਂ ਅਸੂ ਸੁਦੀ 15 ਤਕ, ਅਥਵਾ ਅਸੂ ਦੀ ਪੁੰਨਿਆਂ ਤੋਂ ਮਸਿਆ ਤਕ) ਵਿਚ ਬ੍ਰਾਹਮਣਾਂ ਨੂੰ ਖੁਆਇਆ ਹੋਇਆ ਅੰਨ ਅਤੇ ਉਨ੍ਹਾਂ ਨੂੰ ਕੀਤਾ ਹੋਇਆ ਦਾਨ, 'ਪਿਤਰ ਲੋਕ' ਵਿਚ ਮਰ ਚੁਕੇ ਪ੍ਰਾਣੀ ਨੂੰ ਪਹੁੰਚ ਜਾਂਦਾ ਹੈ। ਗੁਰੂ ਜੀ ਨੇ ਉਸਨੂੰ ਸਮਝਾਇਆ ਕਿ 'ਪਿਤਰ ਲੋਕ' ਨਾਂ ਦੀ ਚੀਜ਼ ਕੋਈ ਹੈ ਹੀ ਨਹੀਂ। ਮਰਨ ਮਗਰੋਂ ਆਪਣੇ ਕੀਤੇ ਕਰਮਾਂ ਦੇ ਅਨੁਸਾਰ ਜਾਂ ਤਾਂ ਮਨੁੱਖ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ ਜਾਂ ਫਿਰ ਹੋਰ ਜੂਨ ਵਿਚ ਪੈ ਜਾਂਦਾ ਹੈ। ਬ੍ਰਾਹਮਣਾਂ ਦਾ ਖਾਧਾ ਹੋਇਆ ਭੋਜਨ ਵੀ ਅਤੇ ਦਾਨ-ਪੁੰਨ ਦੀਆਂ ਵਸਤਾਂ ਵੀ ਮਰ ਚੁਕੇ ਪ੍ਰਾਣੀ ਨੂੰ ਨਹੀਂ ਮਿਲਦੀਆਂ, ਸਗੋਂ ਬ੍ਰਾਹਮਣਾਂ ਦੀ ਉਦਰ-ਪੂਰਤੀ ਦਾ ਸਾਧਨ ਹੀ ਬਣਦੀਆਂ ਹਨ। ਮਾਪਿਆਂ ਦੀ ਸੇਵਾ ਉਨ੍ਹਾਂ ਦੇ ਜੀਉਂਦਿਆਂ ਹੀ ਕਰਨੀ ਚਾਹੀਦੀ ਹੈ। ਦੁਨੀ ਚੰਦ ਨੂੰ ਇਹ ਵੀ ਸਮਝਾਇਆ ਕਿ ਉਸਦਾ ਇਕੱਤਰ ਕੀਤਾ ਹੋਇਆ ਧਨ-ਮਾਲ ਉਸਦੇ ਮਰਨ ਮਗਰੋਂ ਇਸ ਦੁਨੀਆਂ ਵਿਚ ਹੀ ਰਹਿ ਜਾਣਾ ਹੈ; ਇਸ ਲਈ ਧਨ-ਪਦਾਰਥਾਂ ਨੂੰ ਗਰੀਬਾਂ ਅਤੇ ਲੋੜਵੰਦਾਂ ਵਿਚ ਵੰਡ ਦੇਣਾ ਚਾਹੀਦਾ ਹੈ। ਇੰਝ ਕੀਤਿਆਂ ਪ੍ਰਭੂ ਪ੍ਰਸੰਨ ਹੁੰਦਾ ਹੈ।

**ਤਲਵੰਡੀ ਵਿਚ**

ਲਾਹੌਰ ਤੋਂ ਤਲਵੰਡੀ ਆਏ। ਇਥੇ ਆਪਣੇ ਮਾਤਾ-ਪਿਤਾ ਨੂੰ ਮਿਲੇ। ਬਾਬਾ ਕਾਲੂ ਜੀ ਦੀ ਉਮਰ ਉਸ ਸਮੇਂ ਲਗਪਗ ਸਤਾਹਠ ਵਰ੍ਹਿਆਂ ਦੀ ਹੋ ਚੁਕੀ ਸੀ। ਗੁਰੂ ਜੀ ਦਾ 'ਪਰਚਾਰਕ-ਸਫਰਾਂ' ਉਤੇ ਜਾਣ ਦਾ ਫ਼ੈਸਲਾ ਸੁਣਕੇ ਉਹ ਬਹੁਤ ਹੈਰਾਨ ਅਤੇ ਦੁਖੀ ਹੋਏ। ਮਾਤਾ-ਪਿਤਾ ਨੂੰ ਦੁਖ ਇਸ ਗੱਲ ਦਾ ਸੀ ਕਿ ਬੁਢਾਪੇ ਵਿਚ ਉਨ੍ਹਾਂ ਦੀ ਸਹਾਇਤਾ ਕਰਨ ਵਾਲਾ, ਇੱਕੋ-ਇਕ ਪੁੱਤਰ, ਉਨ੍ਹਾਂ ਨੂੰ ਛੱਡ ਕੇ ਲੰਮੇ

ਸਮੇਂ ਲਈ ਜਾ ਰਿਹਾ ਹੈ, ਉਸ ਦੇ ਵਾਪਸ ਆਉਣ ਤੱਕ ਸ਼ਾਇਦ ਉਹ ਜੀਊਂਦੇ ਵੀ ਹੋਣਗੇ ਜਾਂ ਨਹੀਂ। ਮਾਤਾ-ਪਿਤਾ ਨੇ ਬਥੇਰੇ ਮਿੰਨਤਾਂ ਤਰਲੇ ਕੀਤੇ ਪਰ ਸਤਿਗੁਰੂ ਜੀ ਆਪਣੇ ਫੈਸਲੇ ਤੇ ਦ੍ਰਿੜ ਰਹੇ। ਸਾਰੇ ਸੰਸਾਰ ਦੇ ਦੁੱਖਾਂ-ਕਸ਼ਟਾਂ ਦੇ ਸਾਹਮਣੇ ਮਾਤਾ-ਪਿਤਾ ਦਾ ਦੁਖ, ਭੈਣ, ਪਤਨੀ ਅਤੇ ਬੱਚਿਆਂ ਦਾ ਮੋਹ ਉਹਨਾਂ ਨੂੰ ਬਹੁਤ ਤੁੱਛ ਜਿਹਾ ਜਾਪਦਾ ਸੀ।

**ਐਮਨਾਬਾਦ ਵਿਚ**

ਐਮਨਾਬਾਦ ਤਲਵੰਡੀ ਤੋਂ 50 ਕੁ ਮੀਲਾਂ ਦੀ ਵਿੱਥ ਤੇ ਹੈ। ਉਦੋਂ ਇਸਦਾ ਨਾਮ ਸੈਦਪੁਰ ਹੁੰਦਾ ਸੀ, ਜੋ ਸਈਅਦਪੁਰ ਦਾ ਵਿਗੜਿਆ ਹੋਇਆ ਰੂਪ ਹੈ। ਇਥੇ ਆਪ ਸੱਚੀ-ਸੁੱਚੀ ਕਿਰਤ ਕਰਨ ਵਾਲੇ ਪਰ ਅਤ-ਗਰੀਬੜੇ ਜਿਹੇ ਮਨੁੱਖ ਭਾਈ ਲਾਲੋ ਦੇ ਘਰ ਜਾ ਠਹਿਰੇ। ਭਾਈ ਲਾਲੋ ਜੀ ਤਰਖਾਣਾ ਕੰਮ ਕਰਦੇ ਸਨ। ਇਲਾਕੇ ਦੇ ਹਿੰਦੂਆਂ ਅਤੇ ਵਿਸ਼ੇਸ਼ ਕਰਕੇ ਬ੍ਰਾਹਮਣਾਂ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਕਿ 'ਉੱਚ' ਖੱਤਰੀ ਜਾਤ ਦਾ ਗੁਰੂ ਨਾਨਕ 'ਨੀਚ-ਸ਼ੂਦਰ' ਲਾਲੋ ਦੇ ਘਰ ਠਹਿਰਿਆ ਹੈ। ਪਰ ਸਤਿਗੁਰਾਂ ਨੂੰ ਇਸ ਗੱਲ ਨਾਲ ਕੋਈ ਫਰਕ ਨਾ ਪਿਆ ਕਿਉਂਕਿ ਆਪ ਜੀ ਦਾ ਮਿਸ਼ਨ ਹੀ ਬ੍ਰਾਹਮਣ ਦੀ ਵਰਣ ਵੰਡ ਨੂੰ ਤੋੜਕੇ, ਨੀਚਾਂ ਨੂੰ ਉਚ ਬਣਾ ਕੇ, ਸਭ ਮਨੁੱਖਾਂ ਨੂੰ ਬਰਾਬਰ ਦੇ ਭਾਈ ਬਣਾਉਣਾ ਸੀ। ਏਸੇ ਲਈ ਤਾਂ ਆਪ ਨੇ ਆਖਿਆ ਸੀ :

> **ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥**
> **ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥**
> **ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ॥**
> *(ਸਿਰੀ ਰਾਗੁ, ਮ: ੧, ਪੰਨਾ ੧੫)*

ਜਾਤ-ਅਭਿਮਾਨੀ ਬ੍ਰਾਹਮਣਾਂ ਨੂੰ ਗੁਰੂ ਜੀ ਵਿਰੁਧ ਪ੍ਰਚਾਰ ਕਰਨ ਦਾ ਹੋਰ ਮੌਕਾ ਮਿਲ ਗਿਆ, ਜਦੋਂ ਗੁਰੂ ਜੀ ਨੇ ਇਲਾਕੇ ਦੇ ਨਵਾਬ ਜ਼ਾਲਿਮ ਖਾਂ ਦੇ ਇਕ ਧਨਾਢ ਅਹਿਲਕਾਰ ਮਲਕ ਭਾਗੋ ਦੇ ਪ੍ਰੀਤੀ-ਭੋਜ ਨੂੰ ਠੁਕਰਾ ਦਿਤਾ। ਮਲਕ ਭਾਗੋ ਨੇ ਇਸ ਬ੍ਰਹਮ ਭੋਜ ਉਤੇ ਇਲਾਕੇ ਭਰ ਦੇ ਸਾਧਾਂ-ਸੰਤਾਂ, ਬ੍ਰਾਹਮਣਾਂ ਅਤੇ ਨਗਰ ਦੇ ਪਤਵੰਤੇ ਸੱਜਣਾਂ ਨੂੰ ਸੱਦਿਆ ਹੋਇਆ ਸੀ। ਇਹ ਭੋਜ ਉਹ ਆਪਣੇ ਪਿਤਾ ਦੇ ਸਰਾਧ ਦੇ ਸੰਬੰਧ ਵਿਚ ਦੇ ਰਿਹਾ ਸੀ।

ਮਲਕ ਭਾਗੋ ਬਹੁਤ ਧਨਾਢ ਪੁਰਸ਼ ਸੀ। ਇਸ ਕਰਕੇ ਨਗਰ ਦੇ ਲੋਕ ਉਸ ਦਾ ਬਹੁਤ ਆਦਰ-ਮਾਣ ਕਰਦੇ ਸਨ। ਗੁਰੂ ਜੀ ਨੇ ਉਸਦੇ ਇਸ ਬ੍ਰਹਮ-ਭੋਜ ਦੇ ਸੱਦੇ ਨੂੰ ਠੁਕਰਾ ਦਿਤਾ, ਤਾਂ ਉਹ ਬਹੁਤ ਗੁੱਸੇ ਵਿਚ ਆਇਆ। ਉਹ ਇਸ ਗੱਲੋਂ ਬਹੁਤ ਦੁਖੀ ਸੀ ਕਿ ਗੁਰੂ ਨਾਨਕ ਇਕ ਸ਼ੂਦਰ ਅਤੇ ਗਰੀਬੜੇ ਜਿਹੇ ਬੰਦੇ ਲਾਲੋ ਦੇ ਘਰ ਠਹਿਰੇ ਹੋਏ ਹਨ ਅਤੇ ਉਨ੍ਹਾਂ ਨੇ ਉਸਦੇ ਬ੍ਰਹਮ ਭੋਜ ਵਿਚ ਸ਼ਾਮਿਲ ਹੋਣ

ਤੋਂ ਇਨਕਾਰ ਕਰ ਦਿਤਾ ਹੈ।

ਜਦੋਂ ਦੋ ਤਿੰਨ ਵਾਰ ਸੱਦਾ ਭੇਜਿਆ ਗਿਆ, ਤਾਂ ਗੁਰੂ ਜੀ ਬ੍ਰਹਮ-ਭੋਜ ਉਤੇ ਪਹੁੰਚ ਗਏ, ਪਰ ਉਨ੍ਹਾਂ ਨੇ ਭੋਜਨ ਛਕਣ ਤੋਂ ਇਨਕਾਰ ਕਰ ਦਿਤਾ। ਭਰੇ ਇਕੱਠ ਵਿਚ ਗੁਰੂ ਜੀ ਨੇ ਬੜੀ ਦਲੇਰੀ ਨਾਲ ਮਲਕ ਭਾਗੋ ਨੂੰ ਆਖਿਆ ਕਿ ਉਸਦੀ ਕਮਾਈ ਹੇਰਾ-ਫੇਰੀ ਦੀ ਕਮਾਈ ਹੈ, ਰਿਸ਼ਵਤ ਦੀ ਕਮਾਈ ਹੈ, ਉਸ ਨੇ ਲੋਕਾਂ ਦਾ ਹੱਕ ਮਾਰ ਕੇ ਧਨ ਇਕਤਰ ਕੀਤਾ ਹੋਇਆ ਹੈ; ਉਸਦਾ ਭੋਜਨ ਖਾਣਾ ਤਾਂ ਗਰੀਬਾਂ ਦਾ ਖ਼ੂਨ ਪੀਣਾ ਹੈ। ਇਸਦੇ ਮੁਕਾਬਲੇ ਵਿਚ ਭਾਈ ਲਾਲੋ ਦੀ ਕਮਾਈ ਧਰਮ ਦੀ ਕਮਾਈ-ਮਿਹਨਤ ਦੀ ਕਮਾਈ ਹੈ। ਉਸ ਦੀ ਸੁੱਕੀ ਕੋਧਰੇ ਦੀ ਰੋਟੀ ਵੀ ਦੁਧ-ਅੰਮ੍ਰਿਤ ਦੇ ਸਮਾਨ ਹੈ। ਸਤਿਗੁਰਾਂ ਦੇ ਇਸ ਉਪਦੇਸ਼ ਦਾ ਇਹ ਅਸਰ ਹੋਇਆ ਕਿ ਮਲਕ ਭਾਗੋ ਨੇ ਅੱਗੇ ਤੋਂ ਸੱਚੀ-ਸੁੱਚੀ ਕਿਰਤ ਕਰਨ ਦਾ ਪ੍ਰਣ ਲੈ ਲਿਆ ਅਤੇ ਉਹ ਸਤਿਗੁਰਾਂ ਦੀਆਂ ਸਿਖਿਆਵਾਂ ਦਾ ਭਾਈ ਲਾਲੋ ਜੀ ਦੀ ਤਰ੍ਹਾਂ ਪ੍ਰਚਾਰ ਕਰਨ ਲਗ ਪਿਆ।

**ਹਰਿਦੁਆਰ ਵਿਚ**

ਐਮਨਾਬਾਦ ਤੋਂ ਗੁਰੂ ਜੀ ਹਰਿਦੁਆਰ ਵੱਲ ਨੂੰ ਹੋ ਤੁਰੇ। ਹਰਿਦੁਆਰ ਵਿਖੇ ਵੈਸਾਖੀ ਵਾਲੇ ਦਿਨ ਬਹੁਤ ਭਾਰੀ ਮੇਲਾ ਲਗਦਾ ਸੀ, ਜਿਥੇ ਦੂਰੋਂ-ਦੂਰੋਂ ਲੋਕੀਂ ਆਉਂਦੇ ਸਨ ਅਤੇ ਗੰਗਾ ਨਦੀ ਵਿਚ ਇਸ਼ਨਾਨ ਕਰਦੇ ਸਨ। ਇਥੇ ਹੀ ਉਹ ਆਪਣੇ ਪਿੱਤਰਾਂ (ਮਰ ਚੁਕੇ ਵੱਡੇ-ਵਡੇਰਿਆਂ) ਨੂੰ ਸੂਰਜ ਦੀ ਰਾਹੀਂ ਪਾਣੀ ਅਪੜਾਂਦੇ ਸਨ। ਉਹ ਸੂਰਜ ਵੱਲ ਮੂੰਹ ਕਰਕੇ ਬੁੱਕਾਂ ਨਾਲ ਪਾਣੀ ਉਛਾਲਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ 'ਸੂਰਜ ਦੇਵਤਾ' ਉਹ ਪਾਣੀ ਉਨ੍ਹਾਂ ਦੇ ਵੱਡੇ-ਵਡੇਰਿਆਂ ਨੂੰ ਕਲਪਿਤ 'ਪਿਤਰ ਲੋਕ' ਵਿਚ ਪੁਚਾ ਦੇਵੇਗਾ। ਗੁਰੂ ਜੀ ਨੇ ਬੜੇ ਨਾਟਕੀ ਢੰਗ ਨਾਲ ਲੋਕਾਂ ਨੂੰ ਇਸ ਫੋਕਟ ਕਰਮ-ਕਾਂਡ ਵੱਲੋਂ ਵਰਜਿਆ।

ਗੁਰੂ ਜੀ ਗੰਗਾ ਵਿਚ ਜਾ ਵੜੇ ਅਤੇ ਚੜ੍ਹਦੇ ਦੀ ਥਾਂ ਲਹਿੰਦੇ ਵੱਲ ਨੂੰ ਮੂੰਹ ਕਰ ਕੇ ਪਾਣੀ ਉਛਾਲਣ ਲੱਗ ਪਏ। ਲੋਕ ਬੜੇ ਹੈਰਾਨ ਹੋਏ ਤੇ ਆਖਣ ਲੱਗੇ ਇਹ ਕੈਸਾ ਅਨਜਾਣ ਬੰਦਾ ਆ ਗਿਆ ਹੈ ਜਿਹੜਾ ਸ਼ਾਸਤਰਾਂ ਦੀ ਸਿਖਿਆ ਦੇ ਵਿਰੁਧ ਉਲਟੇ ਪਾਸੇ ਨੂੰ ਪਾਣੀ ਦੇ ਰਿਹਾ ਹੈ। ਲੋਕਾਂ ਦੀ ਭੀੜ ਇਕੱਠੀ ਹੋ ਗਈ। ਮੁਖੀ ਪੰਡਤਾਂ ਨੇ ਗੁਰੂ ਜੀ ਨੂੰ ਪੁੱਛਿਆ, "ਤੁਸੀਂ ਉਲਟੇ ਪਾਸੇ ਪਾਣੀ ਕਿਉਂ ਦੇ ਰਹੇ ਹੋ?" ਗੁਰੂ ਜੀ ਨੇ ਸਗੋਂ ਉਨ੍ਹਾਂ ਨੂੰ ਹੀ ਉਲਟਾ ਸਵਾਲ ਕਰ ਦਿਤਾ ਕਿ ਤੁਸੀਂ ਸਭ ਚੜ੍ਹਦੇ ਵੱਲ ਕਿਸ ਨੂੰ ਪਾਣੀ ਦੇ ਰਹੇ ਹੋ? ਲੋਕਾਂ ਦੇ ਇਹ ਕਹਿਣ ਉਤੇ ਕਿ ਉਹ ਸਭ ਪਿੱਤਰ ਲੋਕ ਵਿਚ ਪਿੱਤਰਾਂ ਨੂੰ ਪਾਣੀ ਭੇਜ ਰਹੇ ਹਨ; ਗੁਰੂ ਜੀ ਨੇ ਕਿਹਾ ਕਿ ਉਹ ਤਲਵੰਡੀ ਵਿਚ ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਹਨ। ਪੰਡਤਾਂ ਆਖਿਆ ਕਿ ਤੁਹਾਡਾ ਪਾਣੀ 300-400 ਮੀਲ ਦੂਰ ਤਲਵੰਡੀ ਨਹੀਂ ਪੁੱਜ ਸਕਦਾ। ਗੁਰੂ ਜੀ ਨੇ ਫਿਰ ਸੁਆਲ ਕੀਤਾ ਕਿ ਭਲਾ ਜੇ ਮੇਰਾ ਪਾਣੀ ਤਿੰਨ-ਚਾਰ ਸੌ ਮੀਲ ਦੂਰ ਨਹੀਂ

ਪੁੱਜ ਸਕਦਾ ਤਾਂ ਤੁਹਾਡਾ ਪਾਣੀ ਪਿੱਤਰ ਲੋਕ ਵਿਚ ਕਿਵੇਂ ਪੁੱਜੇਗਾ, ਜਿਸ ਪਿੱਤਰ ਲੋਕ ਬਾਰੇ ਤੁਹਾਡਾ ਵਿਸ਼ਵਾਸ ਹੈ ਕਿ ਉਹ ਲੱਖਾਂ ਕੋਹਾਂ ਦੀ ਦੂਰੀ ਉਤੇ ਹੈ। ਗੁਰੂ ਜੀ ਦਾ ਇਨਾ ਕਹਿਣ ਦੀ ਦੇਰ ਹੀ ਸੀ ਕਿ ਲੋਕਾਂ ਨੂੰ ਆਪਣੀ ਉਕਾਈ ਦਾ ਪਤਾ ਲੱਗ ਗਿਆ ਕਿ ਪਿੱਤਰ-ਲੋਕ ਨੂੰ ਪਾਣੀ ਭੇਜਣ ਦਾ ਕੰਮ ਇਕ ਵਿਅਰਥ ਕੰਮ ਹੈ।

ਹਰਿਦੁਆਰ ਵਿਚ ਹੀ ਗੁਰੂ ਜੀ ਨੇ ਇਕ ਵੈਸ਼ਨਵ ਸਾਧੂ ਨੂੰ ਬਾਹਰ ਦੀ (ਵਿਖਾਵੇ ਦੀ) ਸੁੱਚ ਰੱਖਣ ਤੋਂ ਵਰਜਿਆ ਅਤੇ ਮਨ ਨੂੰ ਸ਼ੁਭ ਗੁਣਾਂ ਨਾਲ ਪਵਿੱਤਰ ਰੱਖਣ ਦੀ ਸਿੱਖਿਆ ਦਿਤੀ। ਇਕ ਦਿਨ ਸਵੇਰੇ ਹੀ ਵੈਸ਼ਨਵ ਸਾਧੂ ਨੇ ਉਥੇ ਚੌਂਕਾ ਬਣਾ ਕੇ ਪੋਚਾ ਫੇਰਿਆ ਅਤੇ ਚੌਂਕੇ ਦੇ ਚੌਗਿਰਦੇ 'ਕਾਰ' ਕੱਢ ਦਿਤੀ (ਲਕੀਰ ਫੇਰ ਦਿਤੀ)। ਉਸਨੇ ਭੋਜਨ ਤਿਆਰ ਕਰਨ ਲਈ ਅੱਗ ਬਾਲੀ' ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਉਸ ਸਾਧੂ ਕੋਲੋਂ ਅੱਗ ਲਿਆਉਣ ਲਈ ਆਖਿਆ। ਮਰਦਾਨਾ ਜੀ ਜਦ ਸਾਧੂ ਦੇ ਚੌਂਕੇ ਕੋਲ ਗਏ, ਤਾਂ ਉਨ੍ਹਾਂ ਦਾ ਪਰਛਾਵਾਂ ਚੌਂਕੇ ਉਪਰ ਪੈ ਗਿਆ। ਸਾਧੂ ਬਹੁਤ ਗੁੱਸੇ ਹੋਇਆ ਕਿ ਉਸਦਾ ਚੌਂਕਾ ਭਿੱਟ ਗਿਆ ਹੈ—ਅਪਵਿਤਰ ਹੋ ਗਿਆ ਹੈ। ਗੁੱਸੇ ਵਿਚ ਉਹ ਬਲਦੀ ਹੋਈ ਲਕੜੀ ਲੈ ਕੇ ਭਾਈ ਮਰਦਾਨਾ ਜੀ ਦੇ ਪਿਛੇ ਦੌੜ ਪਿਆ। ਦੋਵੇਂ, ਗੁਰੂ ਜੀ ਕੋਲ ਪੁੱਜੇ। ਉਨ੍ਹਾਂ ਨੂੰ ਵੇਖ ਕੇ ਉਥੇ ਚੰਗੀ ਤਕੜੀ ਭੀੜ ਲੱਗ ਗਈ। ਗੁਰੂ ਜੀ ਨੇ ਵੈਸ਼ਨਵ ਸਾਧੂ ਨੂੰ ਸਮਝਾਇਆ ਕਿ ਪਰਮਾਤਮਾ, ਬਾਹਰਲੀ ਸੁੱਚ (ਪਵਿਤਰਤਾ) ਤੇ ਨਹੀਂ ਰੀਝਦਾ; ਸਗੋਂ ਉਹ ਤਾਂ ਉਨ੍ਹਾਂ ਮਨੁੱਖਾਂ ਉਤੇ ਰੀਝਦਾ ਹੈ ਜਿਹੜੇ ਵਿਕਾਰਾਂ ਦਾ ਤਿਆਗ ਕਰਦੇ ਹਨ ਅਤੇ ਉੱਚੇ-ਸੁੱਚੇ ਗੁਣਾਂ ਨੂੰ ਮਨ ਵਿਚ ਧਾਰ ਕੇ ਆਪਣੇ ਆਚਰਣ ਨੂੰ ਉੱਚਾ ਬਣਾਂਦੇ ਹਨ। ਮਨੁੱਖਾਂ ਨੂੰ 'ਨੀਚ' ਨਹੀਂ ਸਮਝਣਾ ਚਾਹੀਦਾ ਸਗੋਂ ਭੈੜੀ ਮੱਤ ਜੋ ਵਿਕਾਰਾਂ ਵੱਲ ਲੈ ਜਾਂਦੀ ਹੈ, ਨਿਰਦਯਤਾ, ਪਰਾਈ ਨਿੰਦਾ, ਅਤੇ ਕਰੋਧ ਆਦਿਕ ਭੈੜੇ ਗੁਣਾਂ ਨੂੰ ਨੀਚ ਸਮਝ ਕੇ ਤਿਆਗਣਾ ਚਾਹੀਦਾ ਹੈ। ਇਸ ਘਟਨਾ ਸਮੇਂ ਦਿੱਤੇ ਉਪਦੇਸ਼ ਨੂੰ ਗੁਰੂ ਜੀ ਨੇ ਆਪਣੀ ਬਾਣੀ ਵਿਚ ਇੰਝ ਅੰਕਤ ਕੀਤਾ ਹੈ :

ਕੁਬੁਧਿ ਡੂਮਣੀ, ਕੁਦਇਆ ਕਸਾਇਣਿ,
ਪਰਨਿੰਦਾ ਘਟ ਚੂਹੜੀ, ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਥੀਐ, ਜਾਂ ਚਾਰੇ ਬੈਠੀਆ ਨਾਲਿ॥

*(ਸਲੋਕ ਮ: ੧, ਸਿਰੀ ਰਾਗੁ, ਪੰਨਾ ੯੧)*

**ਗੋਰਖ ਮਤੇ ਵੱਲ**

ਹਰਿਦੁਆਰ ਤੋਂ ਗੁਰੂ ਜੀ ਨੇ ਗੋਰਖ ਮਤੇ ਦਾ ਰੁੱਖ ਕੀਤਾ। ਗੋਰਖ ਮਤਾ ਗੋਰਖ ਨਾਥ ਦੇ ਚੇਲਿਆਂ, ਸਿੱਧਾਂ-ਯੋਗੀਆਂ ਦਾ ਇਕ ਭਾਰੀ ਗੜ੍ਹ ਸੀ। ਇਹ ਅਸਥਾਨ ਪੀਲੀ ਭੀਤ (ਉ: ਪ੍ਰ:) ਤੋਂ 15 ਕੁ ਮੀਲਾਂ ਦੀ ਵਿਥ ਉਤੇ ਸੀ।

ਰਸਤੇ ਵਿਚ ਗੁਰੂ ਜੀ ਨੇ ਕੋਟ ਦੁਆਰ ਵਿਖੇ ਲੋਕਾਂ ਨੂੰ ਵਰਾਹ ਅਵਤਾਰ ਤੇ ਉਸਦੀ ਮੂਰਤੀ ਦੀ ਪੂਜਾ ਕਰਨ ਤੋਂ ਰੋਕਿਆ ਅਤੇ ਇਕ ਅਕਾਲ ਪੁਰਖ ਦੀ ਭਗਤੀ ਕਰਨ ਦਾ ਉਪਦੇਸ਼ ਦਿਤਾ।

ਅਲਮੋੜੇ ਵਿਚ ਗੁਰੂ ਜੀ ਨੇ ਉਥੋਂ ਦੇ (ਚੰਦ ਜਾਤ ਦੇ) ਰਾਜੇ ਨੂੰ ਮਨੁੱਖਾਂ ਨੂੰ 'ਚੰਡੀ ਦੇਵੀ' ਦੀ ਭੇਟ ਚੜ੍ਹਾਉਣ ਦੇ ਕੁਕਰਮ ਤੋਂ ਵਰਜਿਆ। ਆਮ ਲੋਕਾਂ ਨੂੰ ਵੀ ਸਮਝਾਇਆ ਕਿ ਪੱਥਰ ਦੀਆਂ ਮੂਰਤੀਆਂ ਅੱਗੇ ਮਨੁੱਖਾਂ ਦੀ ਬਲੀ ਦੇਣਾ ਇਕ ਵੱਡਾ ਪਾਪ ਹੈ। ਮਨੁੱਖਾਂ ਵਿਚ ਤਾਂ ਪ੍ਰਭੂ ਵਸਦਾ ਹੈ, ਇਸ ਲਈ ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਨਿਰਜਿੰਦ ਮੂਰਤੀਆਂ ਦੀ ਥਾਂ ਉਤੇ ਸਰਬ-ਵਿਆਪਕ ਅਕਾਲ ਪੁਰਖ ਦੀ ਪੂਜਾ ਕਰਨੀ ਚਾਹੀਦੀ ਹੈ।

ਗੋਰਖ ਮਤੇ ਵਿਚ ਗੁਰੂ ਜੀ ਨੇ ਯੋਗੀਆਂ ਨੂੰ ਸਮਝਾਇਆ ਕਿ ਪ੍ਰਭੂ ਬਾਹਰੀ ਭੇਖਾਂ ਉਤੇ ਖੁਸ਼ ਨਹੀਂ ਹੁੰਦਾ। ਇਸ ਲਈ ਯੋਗੀਆਂ ਨੂੰ ਚਾਹੀਦਾ ਹੈ ਕਿ ਉਹ ਕਈ ਤਰ੍ਹਾਂ ਦੇ ਕਠਿਨ ਯੋਗ-ਸਾਧਨਾਂ, ਸਮਾਧੀਆਂ, ਆਸਨਾਂ ਆਦਿ ਦੀ ਥਾਂ ਉਤੇ ਅਤੇ ਸਰੀਰ ਉਤੇ ਸੁਆਹ ਮਲਣ, ਕੰਨ ਪੜਵਾਉਣ, ਘਰ ਘਰ ਜਾ ਕੇ ਨਾਦ (ਸੰਖ) ਵਜਾ ਕੇ ਮੰਗਣ ਦੀ ਥਾਂ ਉਤੇ ਆਪਣੇ ਮਨ ਵਿਚ ਸੰਤੋਖ, ਦਇਆ, ਪ੍ਰਭੂ-ਪ੍ਰੀਤ, ਸਰਬਤ ਦਾ ਭਲਾ, ਆਦਿਕ ਗੁਣ ਧਾਰਨ ਕਰਨ; ਪ੍ਰਭੂ ਨਾਲ ਜੋੜਨ। ਵਿਕਾਰਾਂ-ਰਹਿਤ ਜੀਵਨ ਨੂੰ ਹੀ ਪ੍ਰਭੂ-ਪ੍ਰਾਪਤੀ ਦੀ ਜੁਗਤੀ ਸਮਝਣ। ਰਿਧੀਆਂ-ਸਿਧੀਆਂ ਪ੍ਰਾਪਤ ਕਰਨ ਦੇ ਯਤਨਾਂ ਨੂੰ ਗੁਰੂ ਜੀ ਨੇ ਵਿਅਰਥ ਦੱਸਿਆ। ਗੁਰੂ ਜੀ ਨੇ ਸਮਝਾਇਆ :—

ਜੋਗੁ ਨ ਖਿੰਥਾ, ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ, ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ॥
... ... ... ... ...
... ... ... ... ...
ਜੋਗੁ ਨ ਬਾਹਰਿ ਮੜੀ ਮਸਾਣੀ, ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ, ਜੋਗੁ ਨ ਤੀਰਥਿ ਨਾਈਐ॥
... ... ... ... ...
... ... ... ... ...
ਸਤਿਗੁਰੁ ਭੇਟੈ ਤਾ ਸਹਸਾ ਤੂਟੈ, ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ, ਸਹਜ ਧੁਨਿ ਲਾਗੈ, ਘਰ ਹੀ ਪਰਚਾ ਪਾਈਐ॥
... ... ... ... ...
... ... ... ... ...

ਨਾਨਕ ਜੀਵਤਿਆ ਮਰਿ ਰਹੀਐ, ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ, ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਤਉ ਪਾਈਐ॥

*(ਸੂਹੀ, ਮਹਲਾ ੧, ੭੩੦)*

(ਨੋਟ :— ਜਪੁ ਜੀ ਦੀਆਂ ਪਉੜੀਆਂ ਨੰ: 28 ਤੋਂ 31 ਤੱਕ ਵੀ ਯੋਗੀਆਂ-ਸਿਧਾਂ ਦੇ ਪ੍ਰਤਿ ਹੀ ਹਨ; ਜਿਨ੍ਹਾਂ ਵਿਚ ਬਾਹਰਲੇ ਭੇਖਾਂ, ਯੋਗੀਆਂ ਦੀ ਸਾਧਨਾਂ, ਕਰਮ-ਕਾਂਡਾਂ ਤੇ ਕੁਝ ਵਿਸ਼ਵਾਸਾਂ ਦਾ ਖੰਡਨ ਕੀਤਾ ਗਿਆ ਹੈ; ਅਤੇ ਅਧਿਆਤਮਕ ਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਤੇ ਪ੍ਰਭੂ ਨਾਲ ਪ੍ਰੀਤ ਪਾਉਣ ਦਾ ਉਪਦੇਸ਼ ਦਿਤਾ ਗਿਆ ਹੈ)

ਗੋਰਖ ਮਤੇ ਵਿਚ ਜਿਨ੍ਹਾਂ ਯੋਗੀਆਂ ਨਾਲ ਗੁਰੂ ਜੀ ਦੀ ਚਰਚਾ ਹੋਈ ਉਨ੍ਹਾਂ ਦੀ ਅਗਵਾਈ ਯੋਗੀ ਝੰਗਰਨਾਥ ਤੇ ਭੰਗਰਨਾਥ ਨੇ ਕੀਤੀ ਸੀ। ਗੁਰੂ ਜੀ ਦੇ ਵਿਚਾਰ ਸੁਣਕੇ ਬਹੁਤ ਸਾਰੇ ਯੋਗੀਆਂ ਨੇ ਸਿਖ ਧਰਮ ਧਾਰਨ ਕਰ ਲਿਆ। ਆਲੇ-ਦੁਆਲੇ ਦੇ ਆਮ ਲੋਕਾਂ ਦੇ ਮਨਾਂ ਤੋਂ ਭੀ ਯੋਗੀਆਂ ਦੀਆਂ ਰਿਧੀਆਂ ਸਿਧੀਆਂ ਤੇ ਵਰ-ਸਰਾਪਾਂ ਦਾ ਡਰ ਜਾਂਦਾ ਰਿਹਾ। ਆਖਰ ਇਥੇ ਯੋਗ-ਮੱਤ ਦਾ ਭੋਗ ਹੀ ਪੈ ਗਿਆ ਤੇ ਇਹ ਅਸਥਾਨ ਸਿੱਖੀ ਦਾ ਕੇਂਦਰ ਬਣ ਗਿਆ ਅਤੇ ਇਸਦਾ ਨਾਮ ਵੀ ਗੋਰਖ ਮਤੇ ਤੋਂ ਬਦਲ ਕੇ ਨਾਨਕ ਮਤਾ ਪੈ ਗਿਆ।

**ਅਜੁੱਧਿਆ ਵਿਚ**

ਨਾਨਕ ਮਤੇ ਤੋਂ ਚੱਲ ਕੇ, ਵੱਖ ਵੱਖ ਪਿੰਡਾਂ-ਨਗਰਾਂ ਵਿਚ ਸੱਚੇ ਧਰਮ ਦਾ ਪਰਚਾਰ ਕਰਦੇ ਹੋਏ, ਗੁਰੂ ਜੀ ਦੀਵਾਲੀ ਦੇ ਸਮੇਂ ਅਜੁੱਧਿਆ ਪਹੁੰਚੇ। ਇਹ ਸ੍ਰੀ ਰਾਮ ਚੰਦਰ ਜੀ ਦੀ ਜਨਮ-ਭੂਮੀ ਹੈ ਅਤੇ ਉਨ੍ਹਾਂ ਦੇ ਬਨਵਾਸ ਤੋਂ ਵਾਪਸ ਆਉਣ ਦੀ ਯਾਦ ਵਿਚ ਇਥੇ ਧਾਰਮਕ-ਮੇਲਾ ਲਗਦਾ ਹੈ। ਇਸੇ ਦਿਨ ਲੋਕੀਂ ਧਨ-ਦੌਲਤ ਦੀ ਪ੍ਰਾਪਤ ਖਾਤਰ 'ਲਛਮੀ' ਦੇਵੀ ਦੀ ਪੂਜਾ ਵੀ ਕਰਦੇ ਹਨ।

ਅਜੁੱਧਿਆ ਵਿਚ ਹੀ ਗੁਰੂ ਜੀ ਨੂੰ ਬੈਰਾਗੀ ਸਾਧੂ ਬਹੁਤ ਭਾਰੀ ਗਿਣਤੀ ਵਿਚ ਮਿਲੇ। ਇਹ ਸਾਧੂ ਰਾਮਾਨੰਦ ਜੀ ਦੇ ਚੇਲੇ ਸਨ ਅਤੇ ਮੁਕਤੀ ਲਈ ਹੇਠ ਲਿਖੇ ਪੰਜ-ਕਰਮ ਕਰਦੇ ਸਨ

੧—ਦੁਆਰਕਾ (ਕ੍ਰਿਸ਼ਨ ਜੀ ਦੀ ਨਗਰੀ) ਦੀ ਯਾਤਰਾ

੨— ਵਿਸ਼ਨੂੰ-ਚਿਨ੍ਹਾਂ : ਸੰਖ, ਚੱਕ੍ਰ ਆਦਿਕ ਦਾ ਸਰੀਰ ਉਪਰ ਛਪਵਾਉਣਾ।

੩—ਗੋਪੀ ਚੰਦਨ ਦਾ ਤਿਲਕ ਲਾਉਣਾ (ਦੁਆਰਕਾ ਦੇ ਕੋਲ ਇਕ ਤਲਾਬ ਹੈ, ਜਿਥੇ ਕ੍ਰਿਸ਼ਨ ਜੀ ਦੇ ਦੇਹਾਂਤ ਮਗਰੋਂ, ਗੋਪੀਆਂ ਨੇ ਵਿਛੋੜੇ ਦੇ ਦੁਖ ਵਿਚ ਪ੍ਰਾਣ ਤਿਆਗ ਦਿਤੇ ਸਨ। ਉਸ ਤਲਾਬ ਦੀ ਮਿਟੀ ਨੂੰ 'ਗੋਪੀ ਚੰਦਨ' ਆਖਦੇ ਹਨ।)

੪–ਸ੍ਰੀ ਕ੍ਰਿਸ਼ਨ ਜੀ ਅਤੇ ਰਾਮ ਚੰਦਰ ਜੀ ਦੀਆਂ ਮੂਰਤੀਆਂ ਦੀ ਪੂਜਾ।

੫–ਤੁਲਸੀ-ਮਾਲਾ ਨੂੰ ਧਾਰਨ ਕਰਨਾ।

ਗੁਰਦੇਵ ਨੇ ਬੈਰਾਗੀਆਂ ਅਤੇ ਹੋਰ ਲੋਕਾਂ ਨੂੰ ਸਮਝਾਇਆ ਕਿ ਦੇਵੀ-ਦੇਵਤਿਆਂ ਦੀ ਪੂਜਾ ਅਤੇ ਮੂਰਤੀਆਂ ਦੀ ਪੂਜਾ ਨਿਸਫਲ ਕੰਮ ਹਨ। ਇਨ੍ਹਾਂ ਦੀ ਥਾਂ ਉਤੇ ਇਕੋ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ, ਉਹ ਆਪਣੇ ਸੇਵਕਾਂ ਦੀਆਂ ਸਭ ਮੁਰਾਦਾਂ ਪੂਰੀਆਂ ਕਰਦਾ ਹੈ।

**ਪ੍ਰਯਾਗ ਵਿਚ**

ਪ੍ਰਯਾਗ ਨੂੰ ਅਲਾਹਾਬਾਦ ਵੀ ਕਹਿੰਦੇ ਹਨ। ਇਹ ਹਿੰਦੂਆਂ ਦਾ ਇਕ ਪ੍ਰਸਿਧ ਤੀਰਥ ਹੈ। ਇਥੇ ਗੰਗਾ ਅਤੇ ਜਮਨਾ ਨਦੀਆਂ ਦਾ ਮੇਲ ਹੁੰਦਾ ਹੈ। ਪਰ ਲੋਕਾਂ ਦਾ ਵਿਸ਼ਵਾਸ ਸੀ ਕਿ 'ਸਰਸਵਤੀ' ਨਦੀ ਵੀ ਗੁਪਤ ਤੌਰ ਤੇ ਇਨ੍ਹਾਂ ਵਿਚ ਮਿਲਦੀ ਸੀ। ਇਸ ਲਈ ਨਦੀਆਂ ਦੇ ਮੇਲ ਵਾਲੀ ਥਾਂ ਨੂੰ ਤ੍ਰਿਬੇਣੀ-ਸੰਗਮ ਆਖਿਆ ਜਾਂਦਾ ਸੀ। ਇਥੋਂ ਇਸ਼ਨਾਨ ਕਰਨ ਨੂੰ ਵਿਸੇਸ਼ ਮਹੱਤਵ ਦਿਤਾ ਜਾਂਦਾ ਸੀ। ਮਾਘ ਮਹੀਨੇ ਦੀ ਸੰਗ੍ਰਾਂਦ ਨੂੰ ਇਕ ਵੱਡਾ ਮੇਲਾ ਲਗਦਾ ਸੀ। ਗੁਰੂ ਜੀ ਇਸ ਮੇਲੇ ਸਮੇਂ ਇਥੇ ਪੁੱਜੇ ਅਤੇ ਲੋਕਾਂ ਨੂੰ ਸਮਝਾਇਆ ਕਿ ਤੀਰਥ-ਇਸ਼ਨਾਨ ਦਾ, ਮਨ ਦੀ ਪਵਿਤਰਤਾ ਅਤੇ ਪ੍ਰਭੂ ਦੀ ਭਗਤੀ ਨਾਲ ਕੋਈ ਸੰਬੰਧ ਨਹੀਂ। ਸਰੀਰ ਧੋਣ ਨਾਲ ਤਾਂ ਸਰੀਰ ਦੀ ਮੈਲ ਹੀ ਲਥਦੀ ਹੈ; ਮਨ ਦੀ ਮੈਲ ਨਹੀਂ। ਮਨ ਦੀ ਮੈਲ ਪ੍ਰਭੂ ਦਾ ਗੁਣ-ਗਾਇਨ ਕਰਨ ਨਾਲ ਹੀ ਲੱਥਦੀ ਹੈ। ਸੱਚਾ ਤੀਰਥ ਤਾਂ ਗੁਰੂ ਹੀ ਹੈ, ਜਿਸਦੀ ਸਿਖਿਆ ਰੂਪੀ ਨਦੀ ਵਿਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ। ਆਪ ਦੇ ਉਪਦੇਸ਼ ਹਨ :–

–ਤੀਰਥਿ ਨਾਵਣ ਜਾਉ, ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ, ਅੰਤਰਿ ਗਿਆਨੁ ਹੈ॥

*(ਧਨਾਸਰੀ, ਮ: ੧, ਪੰਨਾ ੬੮੭)*

–ਤੀਰਥਿ ਨਾਇ, ਕਹਾ ਸੁਚਿ ਸੈਲੁ॥
ਮਨ ਕਉ ਵਿਆਪੈ, ਹਉਮੈ ਮੈਲੁ॥

*(ਭੈਰਉ, ਮ: ੫, ਪੰਨਾ ੧੧੪੯)*

–ਸੰਤ ਜਨਾ ਮਿਲੁ ਸੰਗਤੀ, ਗੁਰਮੁਖਿ ਤੀਰਥੁ ਹੋਇ॥
ਅਠਸਠਿ ਤੀਰਥ ਮਜਨਾ, ਗੁਰ ਦਰਸੁ ਪਰਾਪਤਿ ਹੋਇ॥

*(ਸੋਰਠਿ, ਮ: ੧, ਪੰਨਾ ੫੯੭)*

–ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ, ਅਠਸਠਿ ਤੀਰਥ ਸੰਗਿ ਗਹੇ॥
ਗੁਰ ਉਪਦੇਸਿ ਜਵਾਹਰ ਮਾਣਕ, ਸੇਵੇ ਸਿਖੁ ਸੁੋ ਖੋਜਿ ਲਹੈ॥੧॥

ਗੁਰ ਸਮਾਨਿ ਤੀਰਥੁ ਨਹੀ ਕੋਇ॥
ਸਰੁ ਸੰਤੋਖੁ ਤਾਸੁ ਗੁਰੁ ਹੋਇ॥੧॥ ਰਹਾਉ॥
ਗੁਰੁ ਦਰੀਆਉ, ਸਦਾ ਜਲ ਨਿਰਮਲੁ, ਮਿਲਿਆ ਦੁਰਮਤਿ ਮੈਲੁ ਹਰੈ॥
ਸਤਿਗੁਰਿ ਪਾਈਐ ਪੂਰਾ ਨਾਵਣੁ, ਪਸੂ ਪਰੇਤਹੁ ਦੇਵ ਕਰੈ॥

*(ਪ੍ਰਭਾਤੀਰਾਗ ਮ: ੧, ਪੰਨਾ ੧੩੨੮)*

ਪ੍ਰਯਾਗ ਵਿਚ ਹੀ ਇਕ ਬੋਹੜ ਦਾ ਦਰਖਤ ਸੀ, ਜਿਸ ਬਾਰੇ ਪਾਂਡੇ ਆਖਦੇ ਸਨ ਕਿ ਜਿਹੜਾ ਪ੍ਰਾਣੀ ਆਪਣਾ ਸਭ ਕੁਝ ਦਾਨ ਕਰਨ ਮਗਰੋਂ ਇਸ ਬੋਹੜ ਦੇ ਦਰਖਤ ਤੋਂ ਡਿਗ ਕੇ ਮਰ ਜਾਵੇ, ਉਸਦੀ ਮੁਕਤੀ ਹੋ ਜਾਂਦੀ ਹੈ। ਇਸਨੂੰ 'ਅਕਸ਼ਯ ਵਟ' (ਨਾਸ਼-ਰਹਿਤ ਬੋਹੜ ਦਾ ਦਰਖਤ) ਆਖਿਆ ਜਾਂਦਾ ਸੀ। (ਜਹਾਂਗੀਰ ਬਾਦਸ਼ਾਹ ਨੇ ਆਪਣੇ ਰਾਜ ਸਮੇਂ ਇਸ ਨੂੰ ਕਟਵਾ ਦਿਤਾ ਸੀ।) ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਗਿ ਇਹ ਕੁਕਰਮ ਤਾਂ ਪਾਂਡਿਆਂ ਨੇ ਆਪਣੀ ਪੇਟ-ਪੂਜਾ ਲਈ ਬਣਾਇਆ ਹੋਇਆ ਹੈ; ਤਾਂ ਕਿ ਲੋਕ ਮੁਕਤੀ ਦੇ ਬਹਾਨੇ ਆਤਮ-ਹੱਤਿਆ ਕਰ ਲੈਣ ਅਤੇ ਮਰਨ ਤੋਂ ਪਹਿਲਾਂ ਸਾਰਾ ਧਨ-ਮਾਲ ਉਨ੍ਹਾਂ (ਪਾਂਡਿਆਂ) ਦੇ ਹਵਾਲੇ ਕਰ ਜਾਣ।

**ਬਨਾਰਸ ਵਿਚ**

ਬਨਾਰਸ ਵਿਚ ਗੁਰੂ ਜੀ ਸ਼ਿਵਰਾਤਰੀ ਦੇ ਮੇਲੇ ਸਮੇਂ ਪਹੁੰਚੇ ਸਨ। ਇਸ ਨੂੰ ਵਾਰਾਣਸੀ ਅਤੇ ਕਾਂਸ਼ੀ ਵੀ ਆਖਿਆ ਜਾਂਦਾ ਹੈ। ਇਹ ਹਿੰਦੂਆਂ ਦੀਆਂ ਸੱਤ 'ਪਵਿਤਰ' ਪੁਰੀਆਂ ਵਿਚੋਂ ਇਕ ਹੈ ਅਤੇ ਸੰਸਕ੍ਰਿਤ ਵਿਦਿਆ ਦਾ ਅਤੇ ਹਿੰਦੂ ਧਰਮ ਦਾ ਇਕ ਬਹੁਤ ਵੱਡਾ ਕੇਂਦਰ ਹੈ।

ਫੱਗਣ ਵਦੀ ੧੪ ਦੀ ਰਾਤ ਨੂੰ 'ਸ਼ਿਵਰਾਤਰੀ' ਕਿਹਾ ਜਾਂਦਾ ਹੈ। ਪੁਰਾਣਾਂ ਅਨੁਸਾਰ ਇਹ ਸ਼ਿਵਜੀ ਅਤੇ ਦੁਰਗਾ ਦੇ ਮਿਲਾਪ ਦੀ ਖੁਸ਼ੀਆਂ ਭਰੀ ਰਾਤ ਹੈ। ਜੋਗੀ ਲੋਕ ਅਤੇ ਹੋਰ ਹਿੰਦੂ ਇਸ ਸਮੇਂ ਇਥੇ ਪੁੱਜ ਕੇ ਸ਼ਿਵ ਅਤੇ ਦੁਰਗਾ ਦੀ ਪੂਜਾ ਕਰਦੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਇਕੋ ਪ੍ਰਭੂ ਦੀ ਪੂਜਾ ਵੱਲ ਪ੍ਰੇਰਿਆ।

ਪੰਡਿਤਾਂ ਨੇ ਇਹ ਵੀ ਪ੍ਰਸਿਧ ਕੀਤਾ ਹੋਇਆ ਸੀ ਕਿ ਜਿਹੜਾ ਮਨੁੱਖ ਕਾਂਸ਼ੀ ਵਿਚ ਪ੍ਰਾਣ ਤਿਆਗੇ ਉਸ ਦੀ ਮੁਕਤੀ ਹੋ ਜਾਂਦੀ ਹੈ ਅਤੇ ਜਿਹੜਾ ਮਨੁੱਖ ਮਗਹਰ ਨਾਂ ਦੇ ਨਗਰ ਵਿਚ ਪ੍ਰਾਣ ਤਿਆਗੇ ਉਹ ਖੋਤੇ (ਗਧੇ) ਦੀ ਜੂਨ ਵਿਚ ਪੈਂਦਾ ਹੈ। ਕਾਂਸ਼ੀ ਵਿਚ ਹੀ ਪੰਡਿਤਾਂ ਨੇ ਇਕ 'ਕਰਵਤੁ' (ਆਰਾ) ਰਖਿਆ ਹੋਇਆ ਸੀ; ਜਿਸ ਬਾਰੇ ਇਹ ਗੱਲ ਫੈਲਾਈ ਹੋਈ ਸੀ ਕਿ ਪੰਡਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਜਿਹੜਾ ਪ੍ਰਾਣੀ ਇਸ ਆਰੇ ਨਾਲ ਸਰੀਰ ਚਿਰਵਾ ਲਵੇਗਾ ਉਹ ਸਿੱਧਾ 'ਸ਼ਿਵ ਪੁਰੀ' ਵਿਚ ਜਾਵੇਗਾ। ਸਤਿਗੁਰਾਂ ਨੇ ਲੋਕਾਂ ਨੂੰ ਪੰਡਤਾਂ ਦੀਆਂ ਇਨ੍ਹਾਂ ਚਾਲਾਂ ਤੋਂ ਸੁਚੇਤ ਕੀਤਾ ਅਤੇ ਦੱਸਿਆ ਕਿ ਕਿਸੇ ਵਿਸ਼ੇਸ਼ ਥਾਂ ਉਤੇ ਮਰਨ ਨਾਲ ਮੁਕਤੀ ਨਹੀਂ

ਹੋ ਸਕਦੀ, ਜਾਂ ਸਵਰਗ ਜਾਂ ਨਰਕ ਦੀ ਪ੍ਰਾਪਤੀ ਨਹੀਂ ਹੁੰਦੀ। ਮੁਕਤੀ ਤਾਂ ਪ੍ਰਭੂ ਨਾਲ ਪ੍ਰੀਤ ਪਾ ਕੇ, ਆਪਣਾ ਆਚਰਨ ਉਚਾ ਬਣਾ ਕੇ, ਗੁਣਾਂ ਨੂੰ ਅਪਣਾ ਕੇ ਅਤੇ ਔਗੁਣਾਂ ਦਾ ਤਿਆਗ ਕਰਕੇ ਹੀ ਹੋ ਸਕਦੀ ਹੈ। ਅਜਿਹੇ ਮਨੁੱਖ ਜਿਥੇ ਆਪਣਾ ਜੀਵਨ ਸਫ਼ਲ ਕਰ ਲੈਂਦੇ ਹਨ ਉਥੇ ਉਨ੍ਹਾਂ ਦੇ ਅਨੇਕਾਂ ਸੰਗੀ-ਸਾਥੀਆਂ ਦਾ ਜੀਵਨ ਵੀ ਸਫ਼ਲ ਹੋ ਜਾਂਦਾ ਹੈ–

ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ॥ *(ਜਪੁ ਜੀ)*

ਜਦ ਪੰਡਤਾਂ ਦੇ ਵੇਖਿਆ ਕਿ ਗੁਰੂ ਜੀ ਨੇ ਉਨ੍ਹਾਂ ਦੇ ਝੂਠੇ ਪਰਚਾਰ ਦਾ ਪੋਲ ਖੋਲ੍ਹ ਦਿਤਾ ਹੈ–ਲੋਕਾਂ ਨੂੰ ਦਾਨ ਪੁੰਨ ਦੇ ਚੱਕਰਾਂ ਵਿਚੋਂ ਕੱਢ ਦਿਤਾ ਹੈ ਅਤੇ ਮੁਕਤੀ ਪ੍ਰਾਪਤੀ ਦਾ ਸੁਖੈਨ ਜਿਹਾ ਰਸਤਾ ਸਮਝਾ ਦਿਤਾ ਹੈ; ਤਾਂ ਉਹ ਗੁਰੂ ਜੀ ਨਾਲ ਬਹੁਤ ਈਰਖਾ ਕਰਨ ਲੱਗ ਪਏ। ਉਹ ਆਖਣ ਲੱਗ ਪਏ ਕਿ ਗੁਰੂ ਨਾਨਕ ਤਾਂ ਇਕ ਨਕਲੀ ਸਾਧ ਹੈ; ਨਾ ਤਾਂ ਇਹ ਤੁਲਸੀ ਦੀ ਪੂਜਾ ਕਰਦਾ ਹੈ, ਨਾ ਤਿਲਕ ਲਾਉਂਦਾ ਹੈ, ਨਾ ਮਾਲਾ ਪਹਿਨਦਾ ਹੈ, ਨਾ ਹੀ ਇਸਦੇ ਕੋਲ ਸਾਲਿਗ੍ਰਾਮ ਹੈ। ਇਨ੍ਹਾਂ ਪੰਡਿਤਾਂ ਦੀ ਅਗਵਾਈ ਚਤੁਰਦਾਸ ਨਾਮ ਦਾ ਬ੍ਰਾਹਮਣ ਕਰ ਰਿਹਾ ਸੀ।

ਉਸਨੇ ਗੁਰੂ ਜੀ ਨਾਲ ਕਾਫ਼ੀ ਲੰਮੀ ਬਹਿਸ ਵੀ ਕੀਤੀ। ਗੁਰੂ ਜੀ ਨੇ ਪੰਡਿਤਾਂ ਨੂੰ ਸਮਝਾਇਆ ਕਿ ਫੋਕਟ-ਕਰਮ-ਕਾਂਡਾਂ ਵਿਚ ਸਮਾਂ ਨਸ਼ਟ ਕਰਨ ਦੀ ਥਾਂ ਉਤੇ ਪ੍ਰਭੂ ਦੀ ਸਿਫਤ ਸਲਾਹ ਹੀ ਕਰਨੀ ਚਾਹੀਦੀ ਹੈ ਤੇ ਆਚਰਨ ਉੱਚਾ ਬਣਾਉਣਾ ਚਾਹੀਦਾ ਹੈ। ਇਹ ਕਰਮ-ਕਾਂਡ ਤਾਂ ਕਲਰ ਵਾਲੀ ਧਰਤੀ ਨੂੰ ਸਿੰਜਣ ਦੇ ਸਮਾਨ ਹਨ। ਜਿਵੇਂ ਕਲਰਾਠੀ ਧਰਤੀ ਨੂੰ ਸਿੰਜਣ ਨਾਲ ਉਸ ਵਿਚ ਫਸਲ ਉੱਗ ਅਤੇ ਵਧ-ਫੁੱਲ ਨਹੀਂ ਸਕਦੀ, ਤਿਵੇਂ ਹੀ ਕਰਮ-ਕਾਂਡ ਕਰਨ ਨਾਲ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ, ਸਗੋਂ ਉਸਦਾ ਜੀਵਨ ਵਿਅਰਥ ਹੀ ਬੀਤ ਜਾਂਦਾ ਹੈ।

ਸਾਲਗ੍ਰਾਮ ਬਿਪ ਪੂਜਿ ਮਨਾਵਹੁ, ਸੁਕ੍ਰਿਤੁ ਤੁਲਸੀ ਮਾਲਾ॥
ਰਾਮ ਨਾਮੁ ਜਪਿ ਬੇੜਾ ਬਾਂਧਹੁ, ਦਇਆ ਕਰਹੁ ਦਇਆਲਾ॥
ਕਾਹੇ ਕਲਰਾ ਸਿੰਚਹੁ, ਜਨਮੁ ਗਵਾਵਹੁ॥
ਕਾਚੀ ਢਹਗਿ ਦਿਵਾਲ, ਕਾਹੇ ਗਚੁ ਲਾਵਹੁ॥

*(ਬਸੰਤ ਹਿੰਡੋਲ, ਮ: ੧, ਪੰਨਾ ੧੧੭੧)*

ਬਨਾਰਸ ਵਿਚ ਹੀ ਗੁਰੂ ਜੀ ਨੇ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੇ ਚੇਲਿਆਂ ਤੋਂ ਉਨ੍ਹਾਂ ਦੀ (ਭਗਤ ਕਬੀਰ ਜੀ, ਭਗਤ ਰਵਿਦਾਸ ਜੀ) ਬਾਣੀ ਅਤੇ ਰਾਮਾਨੰਦ ਜੀ ਦਾ ਇਕ ਸ਼ਬਦ ਪ੍ਰਾਪਤ ਕੀਤਾ। ਪ੍ਰਿੰਸੀਪਲ ਸਾਹਿਬ ਸਿੰਘ ਜੀ ਦੇ ਅਨੁਸਾਰ ਗੁਰੂ ਜੀ ਨੇ ਭਗਤ ਸੈਣ ਜੀ ਅਤੇ ਭਗਤ ਪੀਪਾ ਜੀ ਦਾ ਇੱਕ-ਇੱਕ ਸ਼ਬਦ ਵੀ ਬਨਾਰਸ ਤੋਂ ਹੀ ਲਿਆ ਸੀ।

**ਗਇਆ ਵਿਚ**

ਗਇਆ ਬਿਹਾਰ ਪ੍ਰਾਂਤ ਵਿਚ ਫਲਗੂ ਨਦੀ ਦੇ ਕੰਢੇ ਉਤੇ ਸਥਿਤ ਹੈ। ਬ੍ਰਾਹਮਣਾਂ ਦੇ ਸਿਖਾਏ ਹੋਏ ਲੋਕ ਇਥੇ ਆਪਣੇ ਪਿੱਤਰਾਂ ( ਮਰ ਚੁਕੇ ਵੱਡੇ ਵਡੇਰਿਆਂ) ਦੀ ਗਤੀ ਲਈ ਜੌਂਵਾਂ ਦੇ ਆਟੇ ਦੇ ਪੇੜੇ (ਪਿੰਡ) ਦਾਨ ਕਰਨ ਆਉਂਦੇ ਸਨ। ਪਿੰਡ ਦਾਨ ਕਰਨ ਦੇ ਨਾਲ ਨਾਲ ਪੰਡਤਾਂ ਨੂੰ ਹੋਰ ਵੀ ਬਹੁਤ ਕੁਝ ਦਾਨ ਕਰਨਾ ਪੈਂਦਾ ਸੀ।

ਸਤਿਗੁਰੂ ਜੀ ਅਤੇ ਭਾਈ ਮਰਦਾਨਾ ਜੀ 1509 ਦੀ ਵੈਸਾਖੀ ਨੂੰ ਇਥੇ ਪੁੱਜੇ। ਆਪ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਮੌਤ-ਮਗਰੋਂ ਕੀਤੀ ਗਈ 'ਕਿਰਿਆ' ਆਦਿ ਦਾ ਮਰ ਚੁਕੇ ਪ੍ਰਾਣੀ ਦੀ ਆਤਮਾ ਨੂੰ ਕੋਈ ਲਾਭ ਨਹੀਂ ਹੁੰਦਾ। ਦੀਵਾ-ਵੱਟੀ ਕਰਨਾ, ਅਧ ਮਾਰਗ ਕਰਨਾ, ਘੜਾ ਭੰਨਣਾ, ਕਪਾਲ ਕ੍ਰਿਆ ਕਰਨੀ, ਪੁਰਾਣਾਂ ਆਦਿਕਾਂ ਦਾ ਪਾਠ ਕਰਵਾਉਣਾ, ਸ੍ਰਾਧਾਂ ਸਮੇਂ ਪੰਡਿਤਾਂ ਨੂੰ ਭੋਜਨ ਖੁਆਉਣਾ, ਅੰਨ-ਵਸਤਰ ਦਾਨ ਕਰਨੇ ਸਭ ਨਿਸਫਲ ਕਰਮ ਹਨ। ਪਰਮਾਤਮਾ ਦਾ ਨਾਮ ਹੀ ਅਸਲੀ ਦੀਵਾ ਹੈ, ਜੋ ਇਸ ਜੀਵਨ ਵਿਚ ਤੇ ਜ਼ਿੰਦਗੀ ਦੇ ਮਗਰੋਂ ਮਨੁੱਖ ਦੀ ਅਗਵਾਈ ਕਰਦਾ ਹੈ, ਨਾਮ ਮਨੁੱਖ ਨੂੰ ਪਾਪਾਂ ਵੱਲੋਂ ਹਟਾ ਕੇ ਉਸਨੂੰ ਸਦਾਚਾਰੀ ਬਣਾ ਦਿੰਦਾ ਹੈ। ਇਸ ਸੰਬੰਧ ਵਿਚ ਗੁਰੂ ਜੀ ਨੇ ਆਸਾ ਰਾਗ ਵਿਚ ਹੇਠ ਲਿਖਿਆ ਸ਼ਬਦ ਉਚਾਰਿਆ :–

ਦੀਵਾ ਮੇਰਾ ਏਕੁ ਨਾਮੁ, ਦੁਖੁ, ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ, ਚੂਕਾ ਜਮ ਸਿਉ ਮੇਲੁ॥
ਲੋਕਾ, ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ, ਏਕ ਰਤੀ ਲੇ ਭਾਹਿ॥ ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ, ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ, ਏਹੁ ਮੇਰਾ ਆਧਾਰੁ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ, ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ, ਜਾਂ ਅਹਿਨਿਸਿ ਲਾਗੈ ਭਾਉ॥੩॥
ਇਕ ਲੋਕੀ ਹੋਰੁ ਛਮਿਛਰੀ, ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ, ਕਬਹੂੰ ਨਿਖੂਟਸਿ ਨਾਹਿ॥੪॥

*(ਆਸਾ ਘਰ ੩, ਮ: ੧, ਪੰਨਾ ੩੫੮)*

(ਫਕੜ=ਮਖੌਲ। ਮੜਿਆ=(ਲਕੜਾਂ ਦੇ) ਢੇਰ। ਛਮਿਛਰੀ=ਪਿਤਰ ਲੋਕ ਦੇ ਵਾਸੀ, ਪਿਤਰ)

## ਗੋਹਾਟੀ ਵਿਚ

ਬਿਹਾਰ ਪ੍ਰਾਂਤ ਤੋਂ ਸਤਿਗੁਰੂ ਜੀ ਆਸਾਮ ਦੇਸ਼ ਵਿਚ ਦਾਖਲ ਹੋਏ। ਉਦੋਂ ਉਸ ਇਲਾਕੇ ਨੂੰ ਕਾਮਰੂਪ ਕਿਹਾ ਜਾਂਦਾ ਸੀ। ਗੋਹਾਟੀ ਦੇ ਨੇੜੇ 'ਕਾਮਾਖਯਾ ਦੇਵੀ' ਦਾ ਮੰਦਰ ਹੈ। ਕਾਮਾਖਯਾ ਇਸਤ੍ਰੀ ਦੇ ਗੁਪਤ ਅੰਗ ਨੂੰ ਆਖਦੇ ਹਨ। ਇਸ ਮੰਦਰ ਵਿਚ ਸਤੀ ਦੇਵੀ (ਸ਼ਿਵ ਦੀ ਪਤਨੀ) ਦੇ ਗੁਪਤ ਅੰਗ (ਯੋਨਿ) ਦੀ ਪੂਜਾ ਕੀਤੀ ਜਾਂਦੀ ਸੀ। ਇਸ ਲਈ ਇਸ ਅਸਥਾਨ ਨੂੰ 'ਯੋਨਿਪੀਠ' ਕਿਹਾ ਜਾਂਦਾ ਹੈ। ਇਹ ਮੰਦਰ ਵਾਮ ਮਾਰਗੀਆਂ ਦਾ ਹੈ। ਇਹ ਮੱਤ, ਤੰਤਰ-ਸ਼ਾਸਤਰ ਦੇ ਅਨੁਸਾਰ ਸ਼ਿਵ-ਉਪਾਸ਼ਕਾਂ ਦਾ ਚਲਾਇਆ ਹੋਇਆ ਹੈ। ਇਹ ਲੋਕੀਂ ਧਰਮ ਅਤੇ ਆਚਰਨ ਤੋਂ ਡਿੱਗੇ ਹੋਏ ਕੰਮਾਂ ਨੂੰ 'ਧਰਮ ਦਾ ਜ਼ਰੂਰੀ ਅੰਗ' ਸਮਝਦੇ ਸਨ।

ਵਾਮ ਮਾਰਗ ਵਿਚ ਮਾਸ, ਮੈਥੁਨ, ਮਦਿਰਾ, ਮਾਇਆ ਅਤੇ ਮੁਦ੍ਰਾ (ਭੁਜੇ ਹੋਏ ਚਿੜਵੇ, ਛੋਲਿਆਂ ਅਤੇ ਕਣਕ ਦਾ ਬੇਰੜਾ) ਦਾ ਸੇਵਨ ਜ਼ਰੂਰੀ ਦੱਸਿਆ ਗਿਆ ਹੈ। ਇਨ੍ਹਾਂ ਦੀ ਧਾਰਮਕ ਬੋਲੀ ਵੀ ਆਪਣੀ ਵੱਖ਼ਰੀ ਹੀ ਸੀ। ਇਹ ਮਾਸ ਨੂੰ 'ਸੁਧ', ਮਦਿਰਾ (ਸ਼ਰਾਬ) ਨੂੰ 'ਤੀਰਥ', ਸ਼ਰਾਬ ਦੇ ਪਿਆਲੇ ਨੂੰ 'ਪਦਮ', ਕਲਾਲ ਨੂੰ 'ਦੀਖਸ਼ਿਤ', ਵੇਸਵਾ-ਗਾਮੀ ਨੂੰ 'ਪ੍ਰਯਾਗ ਸੇਵੀ' ਅਤੇ ਵਿਭਚਾਰੀ ਨੂੰ 'ਯੋਗੀ' ਆਖਦੇ ਸਨ। ਇਨ੍ਹਾਂ ਵਾਮਮਾਰਗੀਆਂ ਦੇ ਮੱਤ ਅਨੁਸਾਰ ਮਾਸ, ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਅਤੇ ਵਿਭਚਾਰ (ਭੋਗ-ਵਿਲਾਸ) ਹੀ ਮੁਕਤੀ ਦਾ ਸਾਧਨ ਹਨ। ਤੰਤ੍ਰ-ਸ਼ਾਸਤਰ ਵਿਚ ਲਿਖਿਆ ਹੋਇਆ ਹੈ :

> ਮਦਯੰ ਮਾਸੰ ਤਥਾ ਮਤਸਯੋ, ਮੁਦ੍ਰਾ ਮੈਥੁਨ ਮੇਵਚ॥
> ਪੰਚ ਤੱਤ੍ਰ ਮਿਦੰ ਪ੍ਰੋਕੰਤ, ਦੇਵ! ਨਿਰਵਾਣ ਹੇਤਵੇ॥

ਇਹ ਆਪਣੀ 'ਸੰਗਤ' ਨੂੰ 'ਭੈਰਵੀ ਚੱਕ੍ਰ' ਆਖਦੇ ਸਨ ਅਤੇ ਇਨ੍ਹਾਂ 'ਭੈਰਵੀ ਚੱਕਰਾਂ' ਵਿਚ ਨਸ਼ਿਆਂ ਦਾ ਸੇਵਨ ਅਤੇ ਖੁਲ੍ਹੇ ਰੂਪ ਵਿਚ ਵਿਭਚਾਰ ਕੀਤਾ ਜਾਂਦਾ ਸੀ।

ਗੁਰੂ ਜੀ ਨੇ ਇਨ੍ਹਾਂ ਲੋਕਾਂ ਨੂੰ ਨਸ਼ਿਆਂ ਦੇ ਸੇਵਨ ਅਤੇ ਭੈੜੇ ਤੇ ਆਚਰਣਹੀਨ ਕੰਮ ਕਰਨ ਤੋਂ ਵਰਜਿਆ। ਆਪ ਜੀ ਨੇ ਕਿਹਾ ਕਿ 'ਕੁਕਰਮਾਂ' ਨੂੰ ਧਰਮ ਨਾਮ ਦੇਣ ਨਾਲ ਉਹ 'ਸੁਕਰਮ' (ਚੰਗੇ ਕੰਮ) ਨਹੀਂ ਬਣ ਜਾਂਦੇ।

ਦੀਵਾਲੀ ਵਾਮ ਮਾਰਗੀਆਂ ਦਾ ਸ਼ੁਭ ਦਿਨ ਹੁੰਦਾ ਹੈ; ਇਸ ਦਿਨ ਨੂੰ ਬੜੇ ਉਤਸ਼ਾਹ ਨਾਲ ਇਕ 'ਪੁਰਬ' ਦੀ ਤਰ੍ਹਾਂ ਮਨਾਉਂਦੇ ਹਨ। ਇਸੇ ਸਮੇਂ ਹੀ ਗੁਰੂ ਜੀ 'ਕਾਮਾਖਯਾ ਦੇਵੀ ਦੇ ਮੰਦਰ' ਵਿਖੇ ਆਏ ਸਨ।

## ਢਾਕੇ ਵਿਚ

ਆਸਾਮ ਦੇ ਵੱਖ ਵੱਖ ਨਗਰਾਂ ਵਿਚ ਪ੍ਰਚਾਰ ਕਰਨ ਮਗਰੋਂ ਸਤਿਗੁਰੂ ਜੀ ਬੰਗਾਲ ਵਿਚ ਦਾਖਲ ਹੋਏ। ਉਥੇ ਦੁਰਗਾ ਦੇਵੀ ਦੀ ਪੂਜਾ ਬੜੇ ਜ਼ੋਰਾਂ-ਸ਼ੋਰਾਂ ਨਾਲ

ਹੁੰਦੀ ਸੀ, ਦੁਰਗਾ ਸ਼ਿਵ ਦੀ ਪਤਨੀ ਹੈ ਅਤੇ ਇਸ ਦੇ ਕਈ ਨਾਮ ਹਨ-ਸ਼ਿਵਾ, ਪਾਰਬਤੀ, ਸਤੀ, ਦੁਰਗਾ ਅਤੇ ਕਾਲੀ... ਆਦਿ।

ਢਾਕੇ ਵਿਚ ਦੁਰਗਾ ਦਾ 'ਢਾਕੇਸ਼ਵਰੀ' ਨਾਂ ਦਾ ਪ੍ਰਸਿਧ ਮੰਦਰ ਹੈ। ਸਤਿਗੁਰੂ ਦੁਰਗਾ-ਪੂਜਾ ਦੇ ਦਿਨਾਂ ਵਿਚ ਇਥੇ ਪੁੱਜੇ ਸਨ ਅਤੇ ਉਨ੍ਹਾਂ ਨੇ ਦੇਵੀ-ਦੇਵਤਿਆਂ ਦੀ ਪੂਜਾ, ਝੱਟੇ ਅਤੇ ਹੋਰ ਪਸ਼ੂਆਂ ਦੀ ਬਲੀ ਦੇਣ ਦੇ ਵਿਰੁਧ ਪ੍ਰਚਾਰ ਕੀਤਾ। ਇਥੋਂ ਹੀ ਸਤਿਗੁਰਾਂ ਨੇ ਭਗਤ ਜੈ ਦੇਵ ਜੀ ਦੇ ਦੋ ਸ਼ਬਦ ਪ੍ਰਾਪਤ ਕੀਤੇ। ਆਪ ਨੇ ਬੰਗਾਲ ਦੇ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਵਿਚ ਘੁੰਮ ਘੁੰਮ ਕੇ ਆਪਣੇ ਮੱਤ ਦਾ ਪ੍ਰਚਾਰ ਕੀਤਾ। ਮੇਦਨੀਪੁਰ ਵਿਚ ਸਤਿਗੁਰਾਂ ਦੀ ਯਾਦ ਵਿਚ ਇਕ ਗੁਰਦਵਾਰਾ ਭੀ ਮੌਜੂਦ ਹੈ।

**ਜਗਨਨਾਥ ਪੁਰੀ ਵਿਚ**

ਬੰਗਾਲ ਤੋਂ ਸਤਿਗੁਰੂ ਜੀ ਉੜੀਸਾ ਵਿਚ ਪੁੱਜੇ। ਉਥੋਂ ਦੇ ਨਗਰ 'ਪੁਰੀ' ਵਿਚ ਜਗਨਨਾਥ ਦੇ ਮੰਦਰ ਵਿਚ ਆਰਤੀ ਉਤਾਰਨ ਦੀ ਸਾਖੀ ਇਤਿਹਾਸ ਵਿਚ ਬਹੁਤ ਪ੍ਰਸਿਧ ਹੈ।

ਇਸ ਮੰਦਰ ਵਿਚ ਜਗਨ ਨਾਥ (ਕ੍ਰਿਸ਼ਨ ਜੀ) ਦੀ ਇਕ ਮੂਰਤੀ ਹੈ। ਹਰ ਸਾਲ ਹਾੜ ਸੁਦੀ ੨ ਨੂੰ ਇਸ ਮੂਰਤੀ ਦਾ ਅਤੇ ਬਲਰਾਮ ਤੇ ਭੱਦ੍ਰ ਦੀਆਂ ਮੂਰਤੀਆਂ ਦਾ ਜਲੂਸ ਕੱਢਿਆ ਜਾਂਦਾ ਹੈ। ਇਹ ਮੂਰਤੀਆਂ ਵੱਡੇ ਵੱਡੇ ਰਥਾਂ ਵਿਚ ਸਜਾਈਆਂ ਜਾਂਦੀਆਂ ਹਨ, ਇਸ ਨੂੰ ਰਥ-ਯਾਤਰਾ ਵੀ ਕਹਿੰਦੇ ਹਨ। ਇਸ ਯਾਤਰਾ ਦੇ ਸਮੇਂ ਹੀ ਸਤਿਗੁਰੂ ਜੀ ਪੁਰੀ ਵਿਚ ਪਹੁੰਚੇ ਸਨ। ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਕੋਈ ਦੇਵਤਾ 'ਜਗਨਨਾਥ' (ਜਗਤ ਦਾ ਮਾਲਕ) ਨਹੀਂ ਹੈ, ਜਗਤ ਦਾ ਨਾਥ ਤਾਂ ਪ੍ਰਭੂ ਅਕਾਲ ਪੁਰਖ ਆਪ ਹੀ ਹੈ।

ਲੋਕ ਸਤਿਗੁਰੂ ਜੀ ਨੂੰ ਜਗਨਨਾਥ ਦੇ ਮੰਦਰ ਵਿਚ ਲੈ ਗਏ ਅਤੇ ਜਗਨਨਾਥ ਦੀ ਮੂਰਤੀ ਦੀ ਆਰਤੀ ਵਿਚ ਸ਼ਾਮਲ ਹੋਣ ਲਈ ਆਖਿਆ। ਸਤਿਗੁਰਾਂ ਨੇ ਆਰਤੀ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿਤੀ ਅਤੇ ਆਖਿਆ ਕਿ ਉਨ੍ਹਾਂ ਦਾ 'ਜਗਨ ਨਾਥ' ਵਾਹਿਗੁਰੂ ਹੈ, ਜੋ ਰੂਪ-ਰੰਗ ਤੋਂ ਨਿਆਰਾ ਹੈ; ਉਸਦਾ ਕੋਈ ਸਰੀਰ ਨਹੀਂ ਹੈ। ਉਹ ਤਾਂ ਸਭ ਜੀਵਾਂ ਵਿਚ ਅਤੇ ਹਰ ਥਾਂ ਵਿਆਪਕ ਹੈ। ਉਸ ਦੀ ਆਰਤੀ ਥਾਲ ਵਿਚ ਹੀਰੇ, ਮੋਤੀ, ਫੁੱਲ ਸਜਾ ਕੇ, ਧੂਫ਼ ਧੁਖਾ ਕੇ ਅਤੇ ਦੀਵੇ ਸਜਾ ਕੇ ਨਹੀਂ ਉਤਾਰੀ ਜਾ ਸਕਦੀ। ਉਸਦੀ ਆਰਤੀ ਤਾਂ ਉਸਦੀ ਬਣਾਈ ਹੋਈ ਕੁਦਰਤ ਆਪ ਉਤਾਰ ਰਹੀ ਹੈ, ਜਿਸ ਵਿਚ ਅਕਾਸ਼ ਥਾਲ, ਸੂਰਜ-ਚੰਦ ਦੀਵੇ ਅਤੇ ਤਾਰੇ ਮੋਤੀਆਂ ਦਾ ਕੰਮ ਨਿਭਾ ਰਹੇ ਹਨ। ਧੂਫ਼ ਅਤੇ ਫੁੱਲਾਂ ਦੀ ਥਾਂ ਸਾਰੀ ਬਨਸਪਤੀ ਸੁਗੰਧੀ ਫੈਲਾ ਰਹੀ ਹੈ। ਵਿਖਾਵੇ ਦੀ ਆਰਤੀ ਨਾਲ ਪ੍ਰਭੂ ਪ੍ਰਸੰਨ ਨਹੀਂ ਹੁੰਦਾ, ਪ੍ਰਭੂ ਦੇ ਹੁਕਮ ਨੂੰ ਸਮਝਣਾ ਅਤੇ ਉਸ ਦੇ ਭਾਣੇ ਤੇ ਰਜ਼ਾ ਵਿਚ

ਰਹਿਣਾ ਹੀ ਸੱਚੀ ਆਰਤੀ ਹੈ। ਆਰਤੀ ਦਾ ਖੰਡਨ ਕਰਨ ਲਈ ਸਤਿਗੁਰੂ ਜੀ ਨੇ ਉਥੇ ਇਕ ਸ਼ਬਦ ਵੀ ਉਚਾਰਿਆ ਜੋ 'ਧਨਾਸਰੀ ਰਾਗ' ਵਿਚ ਹੈ। ਸ਼ਬਦ ਦੀ ਆਰੰਭਕ ਤੁਕ ਹੈ :—

ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ॥

ਪੁਰੀ ਵਿਚ ਹੀ ਸਤਿਗੁਰਾਂ ਨੇ ਇਕ ਹੋਰ ਭੇਖੀ ਪਾਂਡੇ ਦਾ ਪਾਜ ਉਘਾੜਿਆ। ਉਸ ਪਾਂਡੇ ਦਾ ਨਾਮ ਸੀ 'ਕਲਿਯੁਗ'। ਉਹ ਆਪਣੇ ਸ਼ਰਧਾਲੂਆਂ ਵਿਚ ਘਿਰਿਆ ਹੋਇਆ, ਸਮਾਧੀ ਲਾ ਕੇ ਬੈਠਾ ਹੋਇਆ ਸੀ, ਜਿਸਨੂੰ ਕਿ ਉਹ 'ਪਦਮ ਆਸਣ' ਦੱਸ ਰਿਹਾ ਸੀ। ਉਸਨੇ ਆਪਣੇ ਸਾਹਮਣੇ ਇਕ ਕਰਵਾ (ਪਾਤਰ-ਭਾਂਡਾ) ਰਖਿਆ ਹੋਇਆ ਸੀ, ਜਿਸ ਵਿਚ ਸ਼ਰਧਾਲੂ ਲੋਕ ਭੇਟਾ ਵਜੋਂ ਪੈਸੇ ਪਾਉਂਦੇ ਸਨ। ਕਲਿਯੁਗ ਕਦੇ ਅੱਖਾਂ ਖੋਲ੍ਹ ਲੈਂਦਾ ਸੀ, ਤੇ ਕਦੇ ਮੀਟ ਲੈਂਦਾ ਸੀ। ਉਹ ਦੱਸ ਰਿਹਾ ਸੀ ਕਿ ਉਸਨੂੰ ਬੈਕੁੰਠ ਵਿਚ ਬੈਠੇ ਵਿਸ਼ਨੂੰ ਭਗਵਾਨ ਦੇ ਦਰਸ਼ਨ ਹੋ ਰਹੇ ਹਨ। ਗੁਰੂ-ਸਾਹਿਬ ਨੇ ਉਸਦਾ ਕਰਵਾ ਚੁੱਕ ਕੇ ਉਸਦੇ ਪਿੱਛੇ ਰੱਖ ਦਿਤਾ। ਜਦੋਂ ਉਸਨੇ ਅੱਖਾਂ ਖੋਲ੍ਹੀਆਂ ਤਾਂ ਕਰਵਾ ਸਾਹਮਣੇ ਨਹੀਂ ਸੀ। ਬੜਾ ਪ੍ਰੇਸ਼ਾਨ ਹੋਇਆ ਤੇ ਆਖਣ ਲੱਗਾ-ਮੇਰਾ ਕਰਵਾ ਕਿਥੇ ਹੈ? ਗੁਰੂ ਜੀ ਨੇ ਸਗੋਂ ਉਸਨੂੰ ਹੀ ਪੁਛ ਲਿਆ ਕਿ ਤੈਨੂੰ ਤਾਂ ਬੈਕੁੰਠ ਦੇ ਹਾਲਾਤ ਵਿਖਾਈ ਦੇ ਰਹੇ ਸਨ; ਹੁਣ ਤੈਨੂੰ ਕਰਵੇ ਦਾ ਭੀ ਪਤਾ ਨਹੀਂ ਲੱਗ ਰਿਹਾ? ਇਸ ਘਟਨਾ ਦਾ ਬਾਣੀ ਵਿਚ ਇੰਞ ਜ਼ਿਕਰ ਕੀਤਾ ਗਿਆ ਹੈ :

ਅਖੀ ਤ ਮੀਟਹਿ, ਨਾਕ ਪਕੜਹਿ,
ਠਗਣ ਕਉ ਸੰਸਾਰੁ ॥੧॥ ਰਹਾਉ ॥
ਆਂਟ ਸੇਤੀ ਨਾਕੁ ਪਕੜਹਿ, ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ, ਇਹੁ ਪਦਮੁ ਅਲੋਅ॥

*(ਧਨਾਸਰੀ, ਮ: ੧, ਪੰਨਾ ੬੬੨-੬੩)*

ਇਸ ਗੱਲ ਨਾਲ ਸਭ ਨੂੰ ਪਤਾ ਲੱਗ ਗਿਆ ਕਿ ਉਹ ਪਾਂਡਾ ਕੇਵਲ ਪੈਸੇ ਬਟੋਰਨ ਲਈ ਹੀ ਸਮਾਧੀ ਲਾਈ ਬੈਠਾ ਸੀ। ਸਤਿਗੁਰਾਂ ਨੇ ਲੋਕਾਂ ਨੂੰ ਸਮਝਾਇਆ ਕਿ ਅਜਿਹੇ ਭੇਖਧਾਰੀ, ਵਿਹਲੜ ਅਤੇ ਮੰਗ ਖਾਣੇ ਸਾਧੂਆਂ ਦਾ ਰਤੀ ਭਰ ਇਤਬਾਰ ਨਾ ਕਰੋ, ਇਹ ਤਾਂ ਧਰਮ ਦੇ ਨਾਮ ਉਤੇ ਠੱਗੀ ਕਰ ਰਹੇ ਹਨ। ਭੇਖਾਂ, ਪਖੰਡਾਂ, ਕਰਮ-ਕਾਂਡਾਂ, ਸਮਾਧੀਆਂ ਦਾ ਨਾਮ ਧਰਮ ਨਹੀਂ, ਸਗੋਂ ਇਹ ਤਾਂ ਇਕ ਜੀਵਨ ਜਾਚ ਹੈ। ਪ੍ਰਭੂ ਦਾ ਨਾਮ ਸਿਮਰਨਾ ਅਤੇ ਸ਼ੁਭ ਕਰਮ ਕਰਨੇ, ਇਹ ਹੀ ਸੱਚਾ ਧਰਮ ਹੈ।

**ਕੌਡਾ ਭੀਲ**

ਪੁਰੀ ਤੋਂ ਚੱਲ ਕੇ ਸਤਿਗੁਰੂ ਜੀ ਭੀਲਾਂ ਦੇ ਇਲਾਕੇ (ਉੜੀਸਾ ਤੋਂ

ਰਾਮੇਸ਼ਵਰਮ ਤੱਕ ਦਾ, ਪੂਰਬੀ ਸਮੁੰਦਰ ਦੇ ਨਾਲ ਲਗਦਾ ਇਲਾਕਾ) ਵਿਚ, ਜਿਸਨੂੰ ਦ੍ਰਾਵਿੜ ਆਖਦੇ ਹਨ, ਆ ਪਹੁੰਚੇ। ਇਸ ਇਲਾਕੇ ਦੇ ਲੋਕਾਂ ਨੂੰ ਭੀਲ ਆਖਿਆ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਭੀਲ ਉਹ ਲੋਕ ਸਨ ਜਿਹੜੇ ਆਰੀਆ ਲੋਕਾਂ ਦੇ ਜ਼ੁਲਮਾਂ-ਸਿਤਮਾਂ ਤੋਂ ਸਤਾਏ ਹੋਏ, ਮੈਦਾਨੀ ਇਲਾਕੇ ਨੂੰ ਛੱਡ ਕੇ, ਦੱਖਣੀ ਭਾਰਤ ਦੀਆਂ ਪਹਾੜੀਆਂ ਵਿਚ ਵੱਸਣ ਤੇ ਮਜ਼ਬੂਰ ਹੋਏ ਸਨ। ਇਸੇ ਕਾਰਨ ਹੀ ਇਹ ਮੈਦਾਨਾਂ ਵਿਚ ਵੱਸਣ ਵਾਲਿਆਂ ਨਾਲ ਵੈਰ ਦੀ ਭਾਵਨਾ ਰਖਦੇ ਸਨ। ਜੇ ਕੋਈ ਭੁੱਲਾ-ਭਟਕਿਆ ਸ਼ਹਿਰਾਂ-ਨਗਰਾਂ ਵਿਚ ਵੱਸਣ ਵਾਲਾ ਬੰਦਾ ਇਨ੍ਹਾਂ ਦੇ ਹੱਥ ਆ ਜਾਂਦਾ, ਤਾਂ ਇਹ ਉਸਨੂੰ ਮਾਰ ਕੇ, ਉਸਦਾ ਮਾਸ ਖਾ ਜਾਂਦੇ ਸਨ। ਇਸ ਇਲਾਕੇ ਵਿਚ ਭਾਈ ਮਰਦਾਨਾ ਜੀ ਸਤਿਗੁਰਾਂ ਤੋਂ ਵਿਛੜਨ ਕਾਰਨ, ਇਕ ਕੌਡੇ ਨਾਮ ਦੇ ਭੀਲ ਦੇ ਵੱਸ ਪੈ ਗਏ ਸਨ। ਉਹ ਭਾਈ ਮਰਦਾਨਾ ਜੀ ਨੂੰ ਮਾਰਨ ਦੀ ਤਿਆਰੀ ਕਰ ਰਿਹਾ ਸੀ ਕਿ ਸਤਿਗੁਰੂ ਵੀ ਭਾਈ ਜੀ ਦੀ ਭਾਲ ਵਿਚ ਉਥੇ ਆ ਨਿਕਲੇ। ਸਤਿਗੁਰਾਂ ਦੇ ਦਰਸ਼ਨ ਕਰ ਕੇ, ਉਨ੍ਹਾਂ ਦੇ ਚਿਹਰੇ ਦੇ ਜਲਾਲ ਨੂੰ ਵੇਖ ਕੇ ਕੌਡੇ ਦਾ ਮਨ ਬਦਲ ਗਿਆ। ਉਸ ਨੇ ਭਾਈ ਮਰਦਾਨਾ ਜੀ ਨੂੰ ਛੱਡ ਦਿਤਾ ਅਤੇ ਸਤਿਗੁਰਾਂ ਦੇ ਚਰਨਾਂ ਤੇ ਢਹਿ ਪਿਆ।

**ਪਾਲੀਪੁਰ (Poliport) ਵਿਚ**

ਪਾਲੀਪੁਰ ਵਿਚ ਯੋਗੀਆਂ ਦਾ ਮੱਠ ਸੀ। ਸਤਿਗੁਰਾਂ ਨੇ ਯੋਗੀਆਂ ਨੂੰ ਰਿਧੀਆਂ ਸਿਧੀਆਂ ਦਾ ਰਾਹ ਛੱਡ ਕੇ ਪ੍ਰਭੂ ਦੀ ਸਿਫਤ ਸਲਾਹ ਕਰਨ ਦਾ ਉਪਦੇਸ਼ ਦਿਤਾ। ਇਥੇ ਸਤਿਗੁਰੂ ਜੀ ਦੇ ਆਉਣ ਦੀ ਯਾਦ ਵਿਚ 'ਤਿਲਗੰਜੀ' ਨਾਮ ਦਾ ਅਸਥਾਨ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਯੋਗੀਆਂ ਨੇ ਸਤਿਗੁਰਾਂ ਨੂੰ ਤਿਲਾਂ ਦਾ ਇਕ ਦਾਣਾ ਦੇ ਕੇ ਆਖਿਆ ਸੀ ਕਿ ਉਸਨੂੰ ਸਭਨਾਂ (ਯੋਗੀਆਂ) ਵਿਚ ਵੰਡ ਦਿਓ। ਗੁਰੂ ਜੀ ਨੇ ਉਹ ਦਾਣਾ ਪਾਣੀ ਵਿਚ ਘੋਟ ਕੇ ਸਭ ਨੂੰ ਵੰਡ ਦਿਤਾ ਸੀ।

ਫਿਰ ਸਤਿਗੁਰੂ ਜੀ ਤਿਰੂਪਤੀ, ਕਾਂਜੀ ਵਰਮ, ਪਾਂਡੀਚਰੀ ਤੋਂ ਹੁੰਦੇ ਹੋਏ ਤੰਜੋਰ ਪਹੁੰਚੇ। ਇਥੇ ਇਕ ਮੰਦਰ ਵਿਚ ਵਿਸ਼ਨੂੰ ਦੀ 18 ਗਜ਼ ਉਚੀ ਮੂਰਤੀ ਸੀ, ਜਿਸਨੂੰ ਪਦਮਨਾਭਿ ਕਹਿੰਦੇ ਸਨ। ਗੁਰੂ ਜੀ ਨੇ ਲੋਕਾਂ ਨੂੰ ਮੂਰਤੀ-ਪੂਜਾ ਵੱਲੋਂ ਹਟਾ ਕੇ ਪ੍ਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ।

**ਰਾਮੇਸ਼ੁਰਮ ਵਿਚ**

ਪਾਮਨ ਦੀਪ ਵਿਚ ਰਾਮੇਸ਼ੁਰਮ ਨਾਂ ਦਾ ਇਕ ਪ੍ਰਸਿਧ ਮੰਦਿਰ ਹੈ। ਨਗਰ ਦਾ ਨਾਮ ਵੀ ਰਾਮੇਸ਼ਵਰਮ ਹੀ ਹੈ। ਹਿੰਦੂ-ਲੋਕਾਂ ਦਾ ਵਿਸ਼ਵਾਸ ਹੈ ਕਿ ਇਥੇ ਸ੍ਰੀ ਰਾਮ ਚੰਦਰ ਜੀ ਨੇ ਪੁਲ ਬੰਨ੍ਹਣ ਸਮੇਂ ਸ਼ਿਵਲਿੰਗ ਸਥਾਪਤ ਕੀਤਾ ਸੀ। ਗੁਰੂ ਜੀ ਨੇ ਲੋਕਾਂ ਨੂੰ ਸ਼ਿਵਲਿੰਗ ਅਤੇ ਰਾਮ ਕ੍ਰਿਸ਼ਨ ਆਦਿਕ ਦੇਵਤਿਆਂ ਦੀ ਪੂਜਾ ਤੋਂ ਵਰਜਿਆ ਤੇ ਇਕ ਪ੍ਰਭੂ ਦੇ ਲੜ ਲਾਇਆ।

### ਸਿੰਘਲਾਦੀਪ ਵਿਚ

ਸਿੰਘਲਾਦੀਪ ਨੂੰ ਅੱਜ ਕੱਲ ਲੰਕਾ ਆਖਦੇ ਹਨ। ਸਤਿਗੁਰੂ ਜੀ ਇਸ ਟਾਪੂ ਦੇ ਸ਼ਹਿਰ ਮਟੀਆ ਕਲਮ (ਮਟਾਲੇ) ਵਿਚ ਗਏ। ਇਥੋਂ ਦਾ ਰਾਜਾ ਸ਼ਿਵਨਾਭ, ਗੁਰਸਿਖ ਵਪਾਰੀ ਭਾਈ ਮਨਸੁਖ ਦੀ ਸੰਗਤ ਕਰਕੇ, ਗੁਰੂ ਨਾਨਕ ਜੀ ਦਾ ਸ਼ਰਧਾਲੂ ਬਣ ਚੁਕਾ ਸੀ ਅਤੇ ਸਤਿਗੁਰਾਂ ਦੇ ਦਰਸ਼ਨ ਲਈ ਤੀਬਰ ਲਾਲਸਾ ਰਖਦਾ ਸੀ। ਉਸਦੀ ਇਸ ਇਛਾ ਨੂੰ ਜਾਣ ਕੇ, ਕਈ ਠੱਗ-ਸਾਧੂ ਆਪਣੇ ਆਪਨੂੰ 'ਗੁਰੂ ਨਾਨਕ' ਦੱਸ ਕੇ ਮਾਣ-ਸਤਿਕਾਰ ਅਤੇ ਧਨ-ਮਾਲ ਦੀ ਪ੍ਰਾਪਤੀ ਕਰਨ ਦੇ ਯਤਨ ਕਰਦੇ ਰਹਿੰਦੇ ਸਨ। ਜਦੋਂ ਗੁਰੂ ਜੀ ਉਥੇ ਪਹੁੰਚੇ ਤਾਂ ਸ਼ਿਵਨਾਭ ਨੇ 'ਪਰਖ' ਕਰਨ ਲਈ ਰੂਪਵਾਨ ਇਸਤ੍ਰੀਆਂ ਭੇਜੀਆਂ। ਸਤਿਗੁਰੂ ਆਪ ਤਾਂ ਪ੍ਰਭੂ ਭਗਤੀ ਵਿਚ ਲੀਨ ਰਹੇ ਪਰ ਉਨ੍ਹਾਂ ਇਸਤ੍ਰੀਆਂ ਨੂੰ ਆਖਿਆ :

ਗਾਛਹੁ ਪੁਤ੍ਰੀ ਰਾਜ ਕੁਆਰਿ॥
ਨਾਮੁ ਭਣਹੁ ਸਚੁ ਦੋਤੁ ਸਵਾਰਿ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ॥
ਗੁਰ ਸਬਦੀ ਬਿਖੁ ਤਿਆਸ ਨਿਵਾਰਿ॥

*(ਬਸੰਤ, ਮ: ੧, ਪੰਨਾ ੧੧੮੭)*

ਰਾਜੇ ਨੂੰ ਜਦ ਨਿਸਚਾ ਹੋਇਆ ਕਿ ਸਚਮੁਚ ਸਤਿਗੁਰੂ ਨਾਨਕ ਹੀ ਆਏ ਹਨ, ਉਹ ਸੇਵਾ ਵਿੱਚ ਆ ਹਾਜ਼ਿਰ ਹੋਇਆ। ਉਸਨੇ ਸਿੱਖੀ ਧਾਰਨ ਕੀਤੀ। ਸਤਿਗੁਰੂ ਜੀ 'ਕੈਂਡੀ' ਵਿਖੇ ਗਏ, ਜਿਥੇ ਸੁਆਮੀ ਕਾਰਤਿਕੇਜ ਦੇ ਸ਼ਰਧਾਲੂਆਂ ਨੇ ਆ ਜੁੜਨਾ ਸੀ। ਲੰਕਾ ਦੇ 18 ਰਜਵਾੜੇ ਵੀ ਪੁੱਜੇ, ਜੋ ਆਪਸ ਵਿਚ ਲੜਦੇ ਰਹਿੰਦੇ ਸਨ। ਗੁਰੂ ਜੀ ਨੇ ਕੀਰਤਨ ਆਰੰਭ ਕਰ ਦਿਤਾ। ਮਗਰੋਂ ਰਜਵਾੜਿਆਂ ਨੂੰ ਸੁਲਾਹ-ਸਫਾਈ ਨਾਲ ਰਹਿਣ ਦੀ ਪ੍ਰੇਰਨਾ ਦਿਤੀ। ਉਨ੍ਹਾਂ ਨੇ ਗੁਰੂ ਜੀ ਦੇ ਬਚਨਾਂ ਨੂੰ ਮੰਨਕੇ ਕੇਂਦਰੀ ਰਾਜੇ 'ਸ਼ਿਵਨਾਭ' ਦੀ ਸਰਦਾਰੀ ਕਬੂਲ ਕਰ ਲਈ।

ਬੰਬਈ ਪ੍ਰਾਂਤ ਵੱਲ : ਸਿੰਗਲਾਦੀਪ ਤੋਂ ਜਹਾਜ਼ ਰਾਹੀ ਸਤਿਗੁਰੂ ਕੋਚੀਨ ਪੁੱਜੇ। ਉਥੇ ਲੋਕਾਂ ਨੂੰ ਸਾਲਿਗ੍ਰਾਮ ਦੀ ਪੂਜਾ ਤੋਂ ਹਟਾਇਆ। ਫਿਰ ਪਾਲਘਾਟ ਵਿਖੇ ਸ਼ਿਵ ਦੇ ਮੰਦਰ 'ਜਨਾਰਦਨ' ਵਿਖੇ ਗਏ। ਨੀਲਗਿਰੀ ਪਰਬਤ ਦੇ ਇਲਾਕੇ ਦੇ ਲੋਕਾਂ ਨੂੰ ਪਿਤਰਾਂ ਦੀ ਖਾਤਰ ਮੱਝਾਂ ਮਾਰ ਕੇ ਦਾਨ ਕਰਨ ਤੋਂ ਵਰਜਿਆ। ਫਿਰ ਪਾਂਧਰਪੁਰ ਹੋ ਕੇ ਬਰਸੀ ਪੁੱਜੇ। ਉਥੋਂ ਆਪ ਜੀ ਨੇ ਭਗਤ ਤ੍ਰਿਲੋਚਨ ਜੀ ਦੇ ਦੋ-ਸ਼ਬਦ ਪ੍ਰਾਪਤ ਕੀਤੇ। ਪੂਨੇ ਦੇ ਨੇੜੇ 'ਭੀਮ ਸ਼ੰਕਰ' ਨਾਂ ਦਾ ਜੋਤੀ-ਲਿੰਗ ਮੰਦਰ ਹੈ। ਇਥੇ ਲੋਕਾਂ ਨੂੰ ਸ਼ਿਵਲਿੰਗ ਦੀ ਪੂਜਾ ਤੋਂ ਵਰਜਿਆ। ਫਿਰ ਜ਼ਿਲਾ ਥਾਨਾ ਵਿਚ ਅਮਰਨਾਥ ਦੇ ਸ਼ਿਵ-ਮੰਦਰ ਵਿਚ ਗਏ। ਉਥੋਂ ਪੰਚਬਟੀ (ਜ਼ਿਲਾ ਨਾਸਕ) ਵਿਚ ਗਏ; ਇਥੇ 'ਤ੍ਰਯੰਬਕ' ਨਾਮ ਦਾ ਸ਼ਿਵਲਿੰਗ ਮੰਦਰ ਹੈ। ਔਰੰਗਾਬਾਦ ਦੇ ਸ਼ਿਵ-

ਲਿੰਗ ਮੰਦਰ 'ਧਿਨੇਸ਼ਵਰ' ਵਿਚ ਵੀ ਗਏ ਅਤੇ ਉਥੋਂ 'ਓਅੰਕਾਰ' ਦੇ ਸ਼ਿਵਲਿੰਗ ਮੰਦਰ ਵਿਚ ਅਤੇ ਉਜੈਨ ਦੇ 'ਮਹਾਂਕਾਲ' ਦੇ ਮੰਦਰ ਵਿਚ ਵੀ ਗਏ। ਇਨ੍ਹਾਂ ਥਾਵਾਂ ਤੇ ਸਤਿਗੁਰਾਂ ਨੇ 'ਸ਼ਿਵਲਿੰਗ' ਦੀ ਘਿਣਾਯੋਗ ਪੂਜਾ ਤੋਂ ਲੋਕਾਂ ਨੂੰ ਵਰਜਿਆ ਤੇ ਇਕ ਪ੍ਰਭੂ ਦੇ ਲੜ ਲਾਇਆ। 'ਓਅੰਕਾਰ' ਵਿਚ ਆਪ ਨੇ ਜੋ ਉਪਦੇਸ਼ ਦਿਤੇ; ਉਹ ਆਪਦੀ ਬਾਣੀ 'ਓਅੰਕਾਰ' ਵਿਚ ਦਰਜ ਹਨ।

ਉਜੈਨ ਤੋਂ ਬੜੋਦਾ ਹੁੰਦੇ ਹੋਏ ਗੁਰੂ ਜੀ ਪਾਲੀਟਾਨਾ ਪੁੱਜੇ। ਇਥੇ ਜੈਨਮਤ ਦਾ ਪ੍ਰਸਿਧ ਮੰਦਰ ਹੈ। ਇਥੇ ਅਨਭੀ ਨਾਮ ਦੇ ਜੈਨੀ ਸਾਧੂ ਨਾਲ ਆਪ ਦੀ ਚਰਚਾ ਹੋਈ। ਜੈਨੀਆਂ ਦੇ ਕੁਚੀਲ ਰਹਿਣ, ਗੰਦ-ਮੰਦ ਖਾਣ ਅਤੇ ਜੀਵ-ਹਿੰਸਾ ਦੇ ਵਹਿਮ ਨੂੰ ਸਤਿਗੁਰਾਂ ਨੇ ਨਿੰਦਿਆ। ਅਨਭੀ ਨੂੰ ਸਮਝਾਇਆ ਕਿ ਸੱਚੇ ਸਤਿਗੁਰੂ ਦੀ ਸਿਖਿਆ ਦੀ ਪ੍ਰਾਪਤੀ ਨਾਲ ਹੀ ਜੀਵਨ ਸਫਲ ਹੋ ਸਕਦਾ ਹੈ; ਜੈਨੀਆਂ ਦੇ ਨਿਰਾਰਥਕ ਵਿਸ਼ਵਾਸਾਂ ਨੂੰ ਮੰਨਣ ਨਾਲ ਨਹੀਂ।

ਪਾਲੀਟਾਣੇ ਤੋਂ ਮਗਰੋਂ ਸਤਿਗੁਰੂ ਜੀ ਸੋਮਨਾਥ ਦੇ ਪ੍ਰਸਿਧ ਸ਼ਿਵਲਿੰਗ ਮੰਦਰ ਵਿਖੇ ਪੁੱਜੇ। ਇਸ ਮੰਦਰ ਨੂੰ 1024 ਈ: ਵਿਚ ਮਹਿਮੂਦ ਗਜ਼ਨਵੀਂ ਨੇ ਲੁੱਟਿਆ ਸੀ। ਇਥੋਂ ਉਸਨੇ ਸੈਂਕੜੇ ਮਣ ਸੋਨਾ, ਹੀਰੇ, ਜਵਾਹਰਾਤ ਪ੍ਰਾਪਤ ਕੀਤੇ ਸਨ। ਹੀਰਿਆਂ-ਜੜਤ ਸ਼ਿਵ ਦੀ 5 ਗਜ਼ ਲੰਮੀ ਮੂਰਤੀ ਦੇ ਚਾਰ ਟੋਟੇ ਕਰ ਕੇ, ਦੋ ਗਜ਼ਨੀ ਅਤੇ ਦੋ ਮੱਕੇ ਭਿਜਵਾਏ ਸਨ। ਇਥੋਂ ਗੁਰੂ ਜੀ, ਜੂਨਾਗੜ੍ਹ ਦੇ ਰਸਤੇ ਕ੍ਰਿਸ਼ਨ ਜੀ ਦੀ ਨਗਰੀ ਦੁਆਰਕਾ ਪੁੱਜੇ। ਦੁਆਰਕਾ ਵਿਚ ਹੀ ਕ੍ਰਿਸ਼ਨ ਜੀ ਦੀ 'ਰਣਛੋੜ' ਨਾਮ ਦੀ ਮੂਰਤੀ ਹੈ; ਜੋ ਕ੍ਰਿਸ਼ਨ ਜੀ ਦੇ ਜਰਾਸੰਧ ਅਤੇ ਕਾਲਯਮਨ ਤੋਂ ਹਾਰ ਖਾ ਕੇ ਰਣਭੂਮੀ ਤੋਂ ਭਗੌੜਾ ਹੋਣ (ਨੱਸ ਜਾਣ) ਦੀ ਯਾਦ ਵਿਚ ਅਸਥਾਪਿਤ ਕੀਤੀ ਗਈ ਹੈ। ਜਿਥੇ ਗੁਰੂ ਜੀ ਨੇ ਲੋਕਾਂ ਨੂੰ ਸ਼ਿਵਲਿੰਗ ਪੂਜਾ, ਮੂਰਤੀ ਪੂਜਾ, ਦੇਵੀ ਦੇਵਤਿਆਂ ਦੀ ਪੂਜਾ ਛੱਡਣ ਨੂੰ ਆਖਿਆ, ਉਥੇ ਨਿਡਰ ਹੋ ਕੇ ਪ੍ਰਭੂ-ਭਗਤੀ ਕਰਨ ਦਾ ਉਪਦੇਸ਼ ਵੀ ਦਿਤਾ। ਗੁਰੂ ਜੀ ਨੇ ਸਮਝਾਇਆ ਕਿ ਜਿਹੜਾ ਖੁਦ ਡਰ ਕੇ ਜੰਗ ਦਾ ਮੈਦਾਨ ਛੱਡ ਕੇ ਭਗੌੜਾ ਹੋ ਗਿਆ ਹੋਏ; ਉਹ ਆਪਣੇ ਸੇਵਕਾਂ ਦੀ ਰਖਿਆ ਨਹੀਂ ਕਰ ਸਕਦਾ। 'ਰਣਛੋੜ' ਮੂਰਤੀ ਦੀ ਪੂਜਾ ਤਾਂ ਸ਼ਰਧਾਲੂਆਂ ਨੂੰ ਡਰਪੋਕ ਅਤੇ ਕਾਇਰ ਹੀ ਬਣਾ ਸਕਦੀ ਹੈ।

ਦੁਆਰਕਾ ਤੋਂ ਸਤਿਗੁਰੂ ਤੇ ਭਾਈ ਮਰਦਾਨਾ ਜੀ ਪੰਜਾਬ ਨੂੰ ਵਾਪਸ ਪਰਤ ਪਏ।

ਗੁਜਰਾਤ ਪ੍ਰਦੇਸ਼ ਦੀ ਰਿਆਸਤ ਕੱਛ ਵਿਚ ਵਾਮ ਮਾਰਗੀਆਂ ਦਾ ਬਹੁਤ ਜ਼ੋਰ ਸੀ। ਉਹ ਲੋਕੀਂ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਸੇਵਨ ਅਤੇ ਵਿਭਚਾਰ ਕਰਨ (ਪਰ-ਇਸਤ੍ਰੀ ਤੇ ਪਰ-ਪੁਰਖ ਨਾਲ ਗੁਪਤ ਸੰਬੰਧ ਰੱਖਣ) ਨੂੰ ਹੀ ਧਰਮ ਸਮਝ ਰਹੇ ਸਨ। ਉਨ੍ਹਾਂ ਦੇ ਇਕੱਠਾਂ—ਭੈਰਵੀ ਚੱਕਰਾਂ ਵਿਚ, ਮਾਸ, ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਅਤੇ ਵਿਭਚਾਰ ਨਿਸੰਗ ਹੋ ਕੇ ਕੀਤਾ ਜਾਂਦਾ ਸੀ। ਸਤਿਗੁਰਾਂ ਨੇ ਉਨ੍ਹਾਂ ਨੂੰ

ਅਜਿਹਾ ਕੁਕਰਮ ਭਰਿਆ ਜੀਵਨ ਤਿਆਗਣ ਦੀ ਪ੍ਰੇਰਨਾ ਦਿਤੀ।

**ਰਾਜਸਥਾਨ ਵਿਚ**

ਆਬੂ ਪਰਬਤ ਉਤੇ ਪਹੁੰਚ ਕੇ ਗੁਰੂ ਜੀ ਨੇ ਜੈਨੀ ਸਾਧੂਆਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਉਥੋਂ ਪ੍ਰਚਾਰ ਹਿਤ ਉਦੈ ਪੁਰ, ਨਾਥ ਦੁਆਰਾ, ਚਿਤੌੜ ਆਦਿਕ ਹੁੰਦੇ ਹੋਏ ਅਜਮੇਰ ਪੁਜੇ। ਇਥੇ ਲੋਕਾਂ ਨੂੰ ਮੁਸਲਮਾਨ ਪੀਰਾਂ-ਫ਼ਕੀਰਾਂ ਦੇ ਮਕਬਰਿਆਂ ਦੀ ਪੂਜਾ ਤੋਂ ਵਰਜਿਆ। ਪੁਸ਼ਕਰ ਤੀਰਥ ਉਤੇ ਜਾ ਕੇ ਲੋਕਾਂ ਨੂੰ ਪੁੰਨ-ਦਾਨ ਅਤੇ ਤੀਰਥ ਇਸ਼ਨਾਨ ਆਦਿਕ ਕਰਮ-ਕਾਂਡਾਂ ਵੱਲੋਂ ਹਟਾਇਆ। ਆਪ ਨੇ ਆਖਿਆ, "ਸਤਿਗੁਰੂ ਹੀ ਸੱਚਾ ਤੀਰਥ ਹੈ। ਉਸ ਦੀ ਸਿਖਿਆ ਰੂਪੀ ਨਦੀ ਵਿਚ ਇਸ਼ਨਾਨ ਕਰਕੇ ਹੀ ਜੀਵ ਆਪਣਾ ਲੋਕ ਤੇ ਪਰਲੋਕ ਸੰਵਾਰ ਸਕਦੇ ਹਨ।"

ਪੁਸ਼ਕਰ ਤੋਂ ਆਗਰੇ ਹੁੰਦੇ ਹੋਏ ਮਥੁਰਾ ਪੁੱਜੇ। ਲੋਕੀਂ ਕ੍ਰਿਸ਼ਨ ਜੀ ਦਾ ਜਨਮ-ਉਤਸਵ 'ਜਨਮ-ਅਸ਼ਟਮੀ' ਮਨਾਉਣ ਦੀ ਤਿਆਰੀ ਕਰ ਰਹੇ ਸਨ। ਗੁਰੂ ਜੀ ਨੇ ਸਮਝਾਇਆ ਕਿ ਪਰਮਾਤਮਾ ਤਾਂ ਅਜੂਨੀ ਹੈ ਉਹ ਜਨਮ-ਮਰਨ ਦੇ ਚੱਕਰ ਵਿਚ ਨਹੀਂ ਪੈਂਦਾ। ਇਸ ਲਈ ਕੋਈ 'ਦੇਵਤਾ' ਪਰਮਾਤਮਾ ਨਹੀਂ ਹੋ ਸਕਦਾ। ਜਦ ਪ੍ਰਭੂ ਜੰਮਦਾ ਹੀ ਨਹੀਂ ਤਾਂ ਉਸਦਾ ਜਨਮ ਦਿਨ ਮਨਾਉਣਾ ਨਿਰਾਰਥਕ ਕੰਮ ਹੈ।

ਮਥੁਰਾ ਦੇ ਬ੍ਰਹਮਣਾਂ ਅਤੇ ਲਾਲਚੀ ਪੰਡਿਆਂ ਦੇ ਨੀਵੇਂ ਆਚਰਨ ਨੂੰ ਵੇਖ ਕੇ ਭਾਈ ਮਰਦਾਨਾ ਜੀ ਨੇ ਗੁਰੂ ਜੀ ਤੋਂ ਪੁਛਿਆ-'ਲੋਕ ਲੁੱਚੇ-ਲਵਾਰ, ਚੋਰ ਯਾਰ ਬਹੁਤ ਹਨ, ਤੀਰਥ ਪਰ ਇਹੋ ਜਿਹੇ ਤਾਂ ਨਹੀਂ ਹੋਣੇ ਚਾਹੀਦੇ।' (ਤਵਾਰੀਖ ਗੁਰੂ ਖਾਲਸਾ, ਭਾਗ ੧, ਪੰਨਾ ੧੧੧) ਇਸਦੇ ਜੁਆਬ ਵਿਚ ਪੰਡਤ ਬੋਲ ਪਏ ਕਿ ਹੁਣ ਕਲਿਯੁਗ ਆ ਗਿਆ ਹੈ; ਉਸਨੇ ਤੀਰਥਾਂ, ਦੇਵ-ਮੰਦਰਾਂ, ਪੁਰੀਆਂ ਵਿਚ ਨਿਵਾਸ ਕਰ ਕੇ ਲੋਕਾਂ ਦੇ ਮਨ ਭ੍ਰਿਸ਼ਟ ਕਰ ਦਿਤੇ ਹਨ। ਗੁਰੂ ਜੀ ਨੇ ਪੰਡਤਾਂ ਨੂੰ ਕਿਹਾ, 'ਆਪਣੇ ਕੁਕਰਮਾਂ ਨੂੰ ਕਲਿਯੁਗ ਦੇ ਮੱਥੇ ਮੜ੍ਹ ਕੇ ਤੁਸੀਂ ਲੋਕਾਂ ਦੀਆਂ ਨਜ਼ਰਾਂ ਵਿਚ ਤਾਂ ਭਾਵੇਂ ਪ੍ਰਵਾਨ ਚੜ੍ਹ ਜਾਵੋ; ਪਰ ਪ੍ਰਭੂ ਤੁਹਾਨੂੰ ਨਹੀਂ ਬਖਸ਼ੇਗਾ। ਉਸਨੇ ਤਾਂ ਕਰਮਾਂ ਉਪਰ ਨਿਬੇੜੇ ਕਰਨੇ ਹਨ। ਸਮੇਂ (ਯੁਗ) ਦਾ ਪਾਪ-ਪੁੰਨ ਨਾਲ ਕੋਈ ਸੰਬੰਧ ਨਹੀਂ ਹੁੰਦਾ। ਜਿਹੋ ਜਿਹੇ ਚੰਦ, ਸੂਰਜ, ਤਾਰੇ, ਧਰਤੀ ਪਉਣ ਪਾਣੀ ਸਤਯੁਗ ਵਿਚ ਸਨ; ਉਹੋ ਜਿਹੇ ਹੀ ਹੁਣ ਹਨ-ਤਾਂ ਫਿਰ ਲੋਕਾਂ ਦੇ ਮਨ ਕਿਵੇਂ ਭਰਿਸ਼ਟ ਹੋ ਗਏ? ਇਸ ਬਾਰੇ ਆਪ ਜੀ ਦਾ ਸ਼ਬਦ ਹੈ :

**ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ॥**
**ਸਾ ਧਰਤੀ ਸੇ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ॥**
**ਜੀਵਨ ਤਲਬ ਨਿਵਾਰਿ॥**
**ਹੋਵੈ ਪਰਵਾਣਾ ਕਰਹਿ ਧਿਙਾਣਾ, ਕਲਿ ਲਖਣ ਵੀਚਾਰਿ॥**

*(ਰਾਮਕਲੀ, ਮ: ੧, ਅਸਟਪਦੀਆਂ ੯੦੨)*

ਦਿੱਲੀ ਵਿਚ—ਮਥਰਾ ਵੱਲੋਂ ਪਰਚਾਰ ਕਰਦੇ ਹੋਏ ਸਤਿਗੁਰੂ ਜੀ ਦਿੱਲੀ ਆ ਪੁੱਜੇ। ਇਥੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਭਗਤ ਨੂੰ ਮਿਲੇ। ਗੁਰਦੁਆਰਾ ਮਜਨੂੰ ਟਿੱਲਾ ਆਪ ਜੀ ਦੇ ਦਿੱਲੀ ਆਉਣ ਦੀ ਯਾਦਗਾਰ ਵਜੋਂ ਸਥਾਪਤ ਕੀਤਾ ਗਿਆ ਹੈ। ਦਿੱਲੀਓਂ ਚੱਲ ਕੇ ਪਾਨੀਪਤ ਪੁੱਜੇ। ਇਥੇ ਸ਼ੇਖ ਤਾਹਰ (ਸ਼ੇਖ ਟਟੀਹਰੀ) ਨਾਲ ਚਰਚਾ ਹੋਈ। ਸ਼ੇਖ ਅਤੇ ਉਸ ਦੇ ਮੁਰੀਦਾਂ ਨੂੰ ਮਕਬਰਿਆਂ ਦੀ ਪੂਜਾ ਤੋਂ ਵਰਜਿਆ। ਇਥੋਂ ਚੱਲ ਕੇ ਕਰਨਾਲ ਪੁੱਜੇ, ਜਿਥੇ ਆਪ ਦੇ ਠਹਿਰਨ ਦੀ ਯਾਦ ਵਿਚ ਮਹੱਲਾ ਠੇਠਰਾਂ ਵਿਚ ਇਕ ਗੁਰਦੁਆਰਾ ਹੈ। ਥਾਨੇਸਰ ਤੋਂ 16 ਮੀਲਾਂ ਦੀ ਵਿਥ ਉਤੇ ਪਹੋਏ ਵਿਖੇ ਜਾਕੇ, ਆਪ ਨੇ ਲੋਕਾਂ ਨੂੰ ਪਿਤਰਾਂ ਦੇ ਨਮਿਤ ਪਿੰਡ ਭਰਾਉਣ ਦੇ ਫੋਕੇ ਕਰਮ-ਕਾਂਡ ਤੋਂ ਵਰਜਿਆ।

ਕੁਰਖੇਤਰ ਵਿਚ—ਪਹੋਏ ਤੋਂ ਦੂਜੇ ਦਿਨ ਹੀ ਸਤਿਗੁਰੂ ਤੇ ਮਰਦਾਨਾ ਜੀ ਕੁਰਖੇਤਰ ਪਹੁੰਚ ਗਏ। ਮਸਿਆ ਦਾ ਦਿਨ ਸੀ, ਤੇ ਸੂਰਜ ਗ੍ਰਹਿਣ ਲੱਗਣਾ ਸੀ। ਸ਼ਾਸਤਰਾਂ ਦੀ ਮਰਯਾਦਾ ਅਨੁਸਾਰ ਹਿੰਦੂਆਂ ਲਈ ਇਹ ਜ਼ਰੂਰੀ ਸੀ ਕਿ ਉਹ ਸੂਰਜ-ਗ੍ਰਹਿਣ ਸਮੇਂ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਅਤੇ ਪੰਡਤਾਂ ਨੂੰ ਅੰਨ-ਧਨ ਦਾਨ ਕਰਨ। ਇਹ ਵੀ ਕਿਹਾ ਜਾਂਦਾ ਸੀ ਕਿ ਗ੍ਰਹਿਣ ਸੂਰਜ ਦੇਵਤੇ ਉਤੇ ਕਿਸੇ ਬਿਪਤਾ ਦਾ ਸਮਾਂ ਹੈ, ਇਸ ਲਈ ਕੁਝ ਖਾਣਾ ਪੀਣਾ ਨਹੀਂ ਚਾਹੀਦਾ ਤਾਂ ਕਿ ਸੂਰਜ-ਦੇਵਤੇ ਦੀ ਕ੍ਰੋਪੀ ਤੋਂ ਬਚਿਆ ਜਾ ਸਕੇ। ਗੁਰੂ ਜੀ ਨੇ ਇਸ ਅੰਧ-ਵਿਸ਼ਵਾਸ ਦਾ ਖੋਖਲਾਪਨ ਜਾਹਿਰ ਕੀਤਾ; ਗ੍ਰਹਿਣ ਸਮੇਂ ਆਪ ਭੋਜਨ ਕੀਤਾ ਅਤੇ ਲੋਕਾਂ ਨੂੰ ਸਮਝਾਇਆ ਕਿ ਉਨ੍ਹਾਂ ਦਾ ਦਿਤਾ ਦਾਨ ਵਿਹਲੜ ਬ੍ਰਾਹਮਣਾਂ ਨੇ ਹੀ ਹੜਪ ਕਰ ਜਾਣਾ ਹੈ। ਇਸ ਲਈ ਦਾਨ ਦੇਣ ਦੀ ਥਾਂ ਉਤੇ, ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਕਰਨੀ ਚਾਹੀਦੀ ਹੈ।

ਕੁਰਖੇਤਰ ਤੋਂ ਸਤਿਗੁਰੂ ਜੀ ਸਰਸਾ ਪੁੱਜੇ। ਉਥੇ ਪੀਰਾਂ ਦੇ ਅਸਰ-ਰਸੂਖ ਕਰਕੇ ਅਨੇਕਾਂ ਹਿੰਦੂ ਮੁਸਲਮਾਨ ਬਣ ਚੁਕੇ ਸਨ। ਇਹ ਪੀਰ, ਲੋਕਾਂ ਨੂੰ ਰੋਜ਼ੇ (ਵਰਤ) ਰੱਖਣ ਦੀ ਪ੍ਰੇਰਨਾ ਦਿੰਦੇ ਸਨ। ਉਹ ਕਹਿੰਦੇ ਸਨ ਕਿ ਇੰਝ ਕਰਨ ਨਾਲ ਬਹਿਸ਼ਤ (ਸਵੱਰਗ) ਵਿਚ ਪਹੁੰਚ ਜਾਈਦਾ ਹੈ। ਸਤਿਗੁਰਾਂ ਨੇ ਲੋਕਾਂ ਨੂੰ ਸਮਝਾਇਆ ਕਿ ਮਨੁੱਖਾ ਜੀਵਨ ਦਾ ਮਨੋਰਥ ਪ੍ਰਭੂ ਨਾਲ ਪ੍ਰੀਤ ਪਾਉਣਾ ਹੈ; ਸਵੱਰਗਾਂ ਦੀ ਪ੍ਰਾਪਤੀ ਕਰਨਾ ਨਹੀਂ। ਪ੍ਰਭੂ-ਪ੍ਰੀਤ ਲਈ ਵਰਤਾਂ-ਰੋਜ਼ਿਆਂ ਦੀ ਕੋਈ ਲੋੜ ਨਹੀਂ।

ਸੁਲਤਾਨਪੁਰ ਵਿਚ—ਸਰਸਾ ਤੋਂ ਚੱਲ ਕੇ ਸਤਿਗੁਰੂ ਜੀ ਸੁਲਤਾਨ ਪੁਰ ਪੁੱਜੇ। ਭਾਈਆ ਜੈ ਰਾਮ ਜੀ, ਬੇਬੇ ਨਾਨਕੀ ਜੀ, ਨਵਾਬ ਦੌਲਤ ਖਾਨ ਤੇ ਹੋਰ ਸਤਸੰਗੀ, ਸਤਿਗੁਰਾਂ ਦੇ ਦਰਸ਼ਨ ਕਰਕੇ ਗਦਗਦ ਹੋ ਗਏ।

ਸੁਲਤਾਨ ਪੁਰੋਂ ਤਲਵੰਡੀ ਪੁੱਜੇ। ਬਿਰਧ ਮਾਪਿਆਂ ਨੂੰ ਆਪਦੇ ਵਾਪਸ

ਆਉਣ ਦੀ ਅਪਾਰ ਖੁਸ਼ੀ ਹੋਈ। ਭਾਈ ਮਰਦਾਨਾ ਜੀ ਆਪਣੇ ਪਰਿਵਾਰ ਨੂੰ ਜਾ ਮਿਲੇ।

**ਪਰਿਵਾਰ ਨਾਲ ਮਿਲਾਪ**

ਸਤਿਗੁਰਾਂ ਦਾ ਪਰਿਵਾਰ ਪੱਖੋਕੇ ਰੰਧਾਵੇ ਸੀ। ਤਲਵੰਡੀ ਤੋਂ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਸਤਿਗੁਰੂ ਪਰਿਵਾਰ ਕੋਲ ਪੁੱਜੇ। ਪਤਨੀ ਅਤੇ ਬੱਚਿਆਂ ਲਈ ਇਹ ਬੇਅੰਤ ਖੁਸ਼ੀਆਂ ਦਾ ਮੌਕਾ ਸੀ। ਪੂਰੇ ਸਵਾ ਅੱਠ ਸਾਲ ਮਗਰੋਂ ਮੇਲ ਜੋ ਹੋਇਆ ਸੀ।

**ਕਰਤਾਰਪੁਰ ਵਸਾਇਆ**—ਸਤਿਗੁਰੂ ਜੀ ਹਜ਼ਾਰਾਂ ਮੀਲ ਦੂਰ ਤੱਕ ਗੁਰਮਤਿ ਦਾ ਪਰਚਾਰ ਕਰਕੇ ਆਏ ਸਨ। ਹੁਣ ਉਹ ਇਕ ਅਜਿਹਾ ਪਰਚਾਰ ਕੇਂਦਰ ਅਸਥਾਪਿਤ ਕਰਨਾ ਚਾਹੁੰਦੇ ਸਨ, ਜਿੱਥੇ ਸਿੱਖ-ਸਿਧਾਂਤਾਂ ਦੇ ਪਰਚਾਰ ਦੇ ਨਾਲ ਨਾਲ ਅਮਲੀ-ਜੀਵਨ ਦੀ ਸਿਖਲਾਈ ਵੀ ਦਿਤੀ ਜਾ ਸਕੇ। ਪੱਖੋ ਕੇ ਰੰਧਾਵੇ ਦੇ ਚੌਧਰੀ ਅਜਿਤੇ ਨਾਲ ਇਸ ਬਾਰੇ ਗੱਲਬਾਤ ਕੀਤੀ। ਉਸਨੇ ਇਸ ਅਸਥਾਨ ਲਈ ਆਪਣੀ ਜ਼ਮੀਨ ਦਿਤੀ। ਗੁਰੂ ਜੀ ਨੇ ਜਨਵਰੀ 1516 ਵਿਚ ਇਸ ਜ਼ਮੀਨ ਉਤੇ ਉਸਾਰੇ ਜਾਣ ਵਾਲੇ ਨਵੇਂ ਨਗਰ ਦੀ ਨੀਂਹ ਰਖੀ, ਜਿਸਦਾ ਨਾਮ ਸਤਿਗੁਰਾਂ ਨੇ ਆਪ ਹੀ 'ਕਰਤਾਰਪੁਰ' ਰਖਿਆ।

ਇਥੇ ਹੀ ਸਤਿਗੁਰਾਂ ਨੇ ਕਲਾਨੌਰ ਦੇ ਹਾਕਮ ਦੁਨੀ ਚੰਦ, ਜੋ ਕਰੋੜੀ ਮੱਲ ਕਰਕੇ ਪ੍ਰਸਿਧ ਸੀ, ਨੂੰ ਗੁਰਮਤਿ ਦੇ ਲੜ ਲਾਇਆ। ਪਹਿਲਾਂ ਤਾਂ ਉਹ ਸਤਿਗੁਰੂ ਜੀ ਤੋਂ ਨਫਰਤ ਕਰਦਾ ਸੀ ਅਤੇ ਕਹਿੰਦਾ ਸੀ ਕਿ ਗੁਰੂ ਜੀ ਸਦੀਆਂ ਤੋਂ ਚਲੀਆਂ ਆ ਰਹੀਆਂ ਰਸਮਾਂ-ਰੀਤਾਂ ਅਤੇ ਧਰਮ ਸ਼ਾਸਤਰਾਂ ਦੀ ਸਿਖਿਆ ਥਾਵੇਂ ਨਵੇਂ ਵਿਚਾਰਾਂ ਅਤੇ ਜੀਵਨ-ਜਾਚ ਦਾ ਪਰਚਾਰ ਕਰ ਰਹੇ ਹਨ, ਇਸ ਲਈ ਮੈਂ ਉਨ੍ਹਾਂ ਦੇ ਦਰਸ਼ਨ ਵੀ ਨਹੀਂ ਕਰਾਂਗਾ। ਲੋਕਾਂ ਦੇ ਸਮਝਾਉਣ ਉਤੇ ਆਖਰ ਉਹ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਆ ਹੀ ਗਿਆ। ਉਹ ਸਤਿਗੁਰਾਂ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਨਵੇਂ ਨਗਰ ਦੀ ਉਸਾਰੀ ਵਿਚ ਤਨ, ਮਨ, ਧਨ ਨਾਲ ਸੇਵਾ ਕਰਨ ਲਗ ਪਿਆ।

ਜਦੋਂ ਨਗਰ ਵੱਸ ਗਿਆ ਤਾਂ ਸਤਿਗੁਰੂ ਜੀ ਆਪਣੇ ਮਾਤਾ ਪਿਤਾ ਨੂੰ ਇਥੇ ਲੈ ਆਏ। ਭਾਈ ਮਰਦਾਨਾ ਜੀ ਦਾ ਪਰਿਵਾਰ ਵੀ ਆ ਗਿਆ। ਨਗਰ ਵਿਚ ਧਰਮਸਾਲ (ਗੁਰਦੁਆਰਾ) ਬਣਾਈ ਗਈ, ਜਿਥੇ ਸਵੇਰੇ ਸ਼ਾਮ ਕੀਰਤਨ ਹੁੰਦਾ ਸੀ ਅਤੇ ਸਤਿਗੁਰੂ ਜੀ ਆਪਣੇ ਵਿਚਾਰਾਂ ਦਾ ਪਰਚਾਰ ਕਰਦੇ ਸਨ। ਲਗਪਗ ਪੌਣੇ ਦੋ ਸਾਲ ਦੋਨੋਂ ਵੇਲੇ ਸਤਸੰਗ ਦਾ ਪ੍ਰੋਗਰਾਮ ਚਲਦਾ ਰਿਹਾ। ਸਤੰਬਰ 1517 ਵਿਚ ਸਤਿਗੁਰੂ ਜੀ, ਮਰਦਾਨਾ ਜੀ ਸਮੇਤ ਦੂਜੀ ਪਰਚਾਰ ਫੇਰੀ (ਉਦਾਸੀ) ਤੇ ਨਿਕਲ ਤੁਰੇ।

# ਦੂਜੀ ਉਦਾਸੀ

(ਸਤੰਬਰ 1517 ਤੋਂ 1518 ਦੇ ਅੱਧ ਤਕ)

ਪਹਿਲੀ ਉਦਾਸੀ ਦੀ ਤਰ੍ਹਾਂ ਦੂਜੀ ਉਦਾਸੀ ਵੀ ਵਿਸ਼ੇਸ਼ ਤੌਰ ਤੇ ਹਿੰਦੂ ਧਰਮ ਅਸਥਾਨਾਂ ਅਤੇ ਸਿੱਧਾਂ-ਯੋਗੀਆਂ ਦੇ ਡੇਰਿਆਂ ਵੱਲ ਸੀ। ਇਸ 'ਉਦਾਸੀ' ਵਿਚ ਵੀ ਗੁਰੂ ਜੀ ਨੇ ਲੋਕਾਂ ਨੂੰ ਦੇਵੀ-ਦੇਵਤਿਆਂ ਦੀ ਪੂਜਾ, ਮੂਰਤੀਆਂ ਦੀ ਪੂਜਾ, ਸ਼ਿਵਲਿੰਗ ਦੀ ਪੂਜਾ, ਵਿਖਾਵੇ ਦੇ ਨਿਰਾਰਥਕ ਧਾਰਮਕ ਭੇ.ਾ ਤੇ ਚਿੰਨਾਂ ਆਦਿਕ ਦਾ ਤਿਆਗ ਕਰਨ ਅਤੇ ਇਕ ਪ੍ਰਭੂ ਦੀ ਬੰਦਗੀ ਕਰਨ ਅਤ ਆਪਣੇ ਆਚਰਨ ਨੂੰ ਉੱਚਾ-ਸੁੱਚਾ ਤੇ ਪਵਿਤਰ ਰੱਖਣ ਦੀ ਪ੍ਰੇਰਨਾ ਦਿਤੀ। ਮਨੁੱਖਾਂ ਨੂੰ ਆਪਸੀ ਪ੍ਰੇਮ ਪਿਆਰ ਦਾ ਉਪਦੇਸ਼ ਦਿਤਾ ਅਤੇ ਵਰਣ ਆਸ਼ਰਮੀ ਧਰਮ ਦੁਆਰਾ ਪਾਈਆਂ ਗਈਆਂ ਵੰਡੀਆਂ ਨੂੰ ਤਿਆਗਣ ਲਈ ਕਿਹਾ, ਜਿਹੜੀ ਕਿ ਸਮਾਜ ਦੇ ਇਕ ਵੱਡੇ ਹਿੱਸੇ ਨੂੰ 'ਸ਼ੂਦਰ' ਗਰਦਾਨ ਕੇ ਉਸਦਾ ਸ਼ੋਸ਼ਣ ਕਰ ਰਹੀ ਸੀ। ਘਰ-ਬਾਰ ਤਿਆਗ ਕੇ ਜੰਗਲ-ਵਾਸੀ ਬਣ ਕੇ ਵਿਹਲੜਾਂ ਦੀ ਤਰ੍ਹਾਂ ਜੀਵਨ ਬਤੀਤ ਕਰਨ ਵਾਲਿਆਂ ਨੂੰ ਗ੍ਰਿਹਸਤ ਮਾਰਗ ਅਪਣਾਉਣ ਦੀ ਪ੍ਰੇਰਨਾ ਦਿਤੀ, ਹੱਥੀਂ ਕਿਰਤ ਕਰਕੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਉਪਦੇਸ਼ ਦਿਤਾ।

ਇਸ ਉਦਾਸੀ ਵਿਚ ਵੀ ਗੁਰੂ ਜੀ ਦੇ ਨਾਲ ਭਾਈ ਮਰਦਾਨਾ ਜੀ ਸਨ। ਆਪ ਕਰਤਾਰਪੁਰੋਂ ਚੱਲ ਕੇ; ਤਲਵੰਡੀ, ਕਲਾਨੌਰ, ਗੁਰਦਾਸਪੁਰ, ਦਸੂਹਾ ਆਦਿਕ ਥਾਵਾਂ ਤੇ ਲੋਕਾਂ ਨੂੰ ਗੁਰਮਤਿ ਨਾਲ ਜੋੜਦੇ ਹੋਏ, ਕਾਂਗੜੇ ਵੱਲ ਨੂੰ ਹੋ ਪਏ। ਜੁਆਲਾ ਮੁਖੀ ਪਰਬਤ ਉਤੇ ਪੁੱਜੇ, ਜਿਥੇ ਕਿ ਗੈਸਾਂ ਦੇ ਜਲਣ ਨਾਲ ਲਾਟਾਂ ਨਿਕਲਦੀਆਂ ਰਹਿੰਦੀਆਂ ਹਨ। ਲੋਕਾਂ ਨੂੰ 'ਲਾਟਾਂ ਵਾਲੀ ਮਾਈ' ਦੇ ਭਰਮ ਜਾਲ ਵਿਚੋਂ ਕੱਢਿਆ। ਇਥੇ ਅਰਜਨ ਨਾਂ ਦੇ ਇਕ ਤਪੇ ਨੇ ਸਿੱਖੀ ਧਾਰਨ ਕੀਤੀ।

ਫਿਰ ਰਵਾਲਸਰ, ਬ੍ਰਾਹਮਣ ਕੋਠੀ, ਮਨੀ ਕਰਣਕਾ ਹੁੰਦੇ ਹੋਏ ਬਿਆਸਾ ਦਰਿਆ ਪਾਰ ਕਰਕੇ ਨਾਲਾਗੜ੍ਹ, ਪਿੰਜੋਰ, ਸ਼ਿਮਲਾ, ਸਪਾਟ ਆਦਿਕ ਥਾਵਾਂ ਤੇ ਗਏ। ਤਪ ਰਹੀ ਲੋਕਾਈ ਨੂੰ ਪ੍ਰਭੂ ਦਾ ਨਾਮ ਅੰਮ੍ਰਿਤ ਬਖਸ਼ ਕੇ ਤ੍ਰਿਪਤ ਕੀਤਾ। ਜੌਹੜਸਰ ਜਾ ਕੇ ਲੋਕਾਂ ਨੂੰ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਪਸ਼ੂਆਂ ਦੀ ਬਲੀ ਦੇਣ ਤੋਂ ਰੋਕਿਆ।

**ਸੁਮੇਰ ਪਰਬਤ ਉੱਤੇ**

ਜੌਹੜਸਰ ਤੋਂ 50 ਮੀਲ ਉੱਤਰ ਵੱਲ ਇਕ ਮੀਲ ਉਚੀ ਚੜਾਈ ਚੜ੍ਹ ਗਏ। ਉਥੋਂ ਬਦਰੀ ਨਾਥ, ਸਪਤ ਸ੍ਰਿੰਗ, ਹੇਮ ਕੁੰਡ ਹੁੰਦੇ ਹੋਏ, ਉਸ ਥਾਂ ਉਤੇ ਪੁੱਜ ਗਏ ਜਿਸਨੂੰ ਸੁਮੇਰ ਪਰਬਤ ਕਿਹਾ ਜਾਂਦਾ ਹੈ। ਨਵੀਨ ਖੋਜ ਦੇ ਅਨੁਸਾਰ, ਗੜਵਾਲ ਦੀ

ਰਿਆਸਤ ਵਿਚ ਰੁਦ੍ਰਾ ਹਿਮਾਲਾ ਨੂੰ ਹੀ ਸੁਮੇਰ ਪਰਬਤ ਆਖਿਆ ਜਾਂਦਾ ਹੈ। ਇਥੇ ਪਹਾੜ ਦੀਆਂ ਗੁਫਾਵਾਂ ਵਿਚ ਸਿਧ-ਯੋਗੀ ਲੋਕ ਨਿਵਾਸ ਕਰਦੇ ਸਨ। ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਸੰਸਾਰ ਵਿਚ ਰਹਿੰਦਿਆਂ ਹੋਇਆਂ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ; ਇਸ ਲਈ ਉਹ ਵਸੋਂ ਤੋਂ ਦੂਰ ਪਹਾੜਾਂ ਦੀਆਂ ਟੀਸੀਆਂ ਅਤੇ ਜੰਗਲਾਂ ਵਿਚ ਰਹਿੰਦੇ ਸਨ। ਸਤਿਗੁਰਾਂ ਤੇ ਭਾਈ ਮਰਦਾਨਾ ਜੀ ਨੂੰ ਵੇਖਕੇ ਉਹ ਬਹੁਤ ਹੈਰਾਨ ਹੋਏ, ਅਤੇ ਆਖਣ ਲੱਗੇ :

**ਸਿਧਿ ਪੁਛਣਿ, ਸੁਣਿ ਬਾਲਿਆ,**
**ਕਉਣੁ ਸਕਤਿ ਤੁਹਿ ਇਥੇ ਲਿਆਈ।**

ਜਿਵੇਂ ਪਹਿਲੀ ਉਦਾਸੀ ਵਿਚ ਗੋਰਖ-ਮਤੇ ਯੋਗੀਆਂ ਨਾਲ ਚਰਚਾ ਹੋਈ ਸੀ, ਸੁਮੇਰ ਪਰਬਤ ਉਤੇ ਵੀ ਸਿਧਾਂ ਨਾਲ ਧਾਰਮਕ-ਗੋਸ਼ਟੀਆਂ ਹੋਈਆਂ। ਗੁਰੂ ਜੀ ਨੇ ਸਿਧਾਂ ਨੂੰ ਸਪਸ਼ਟ ਕਰ ਦਿਤਾ ਕਿ ਘਰ ਬਾਰ ਤਿਆਗਣਾ, ਜੰਗਲਾਂ ਵਿਚ ਕੰਦ-ਮੂਲ ਖਾ ਕੇ ਗੁਜ਼ਾਰਾ ਕਰਨਾ, ਪਿੰਡੇ ਤੇ ਸੁਆਹ ਮਲਣਾ, ਕੰਨਾਂ ਵਿਚ ਮੁੰਦਰਾਂ ਪਾਉਣਾ ਅਤੇ ਹੋਰ ਯੋਗ ਸਾਧਨਾਵਾਂ ਸਾਧਣ ਨਾਲ ਪ੍ਰਭੂ ਨਾਲ 'ਯੋਗ' (ਜੁੜਨਾ-ਮਿਲਾਪ) ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਅਸਲ ਸਿਧ-ਯੋਗੀ ਉਹੀ ਹਨ, ਜੋ ਪ੍ਰਭੂ ਦੀ ਸਿਫਤ ਸਲਾਹ ਕਰਦੇ ਹਨ ਅਤੇ ਸ਼ੁਭ ਕਰਮ ਕਰਦੇ ਹਨ।

ਵਿਚਾਰ ਚਰਚਾ ਵਿਚ ਯੋਗੀ ਗੁਰੂ ਜੀ ਦੀ ਝਾਲ ਨਾ ਝੱਲ ਸਕੇ। ਫਿਰ ਉਨ੍ਹਾਂ ਨੇ ਕਰਾਮਾਤ ਦਾ ਹਥਿਆਰ ਅਪਣਾਇਆ, ਕਿਉਂਕਿ ਉਹ ਚਾਹੁੰਦੇ ਸਨ ਕਿ ਸਤਿਗੁਰਾਂ ਨੂੰ ਕਿਸੇ ਨਾ ਕਿਸੇ ਤਰੀਕੇ ਪ੍ਰਭਾਵਿਤ ਕਰਕੇ ਯੋਗ-ਮਤ ਵਿਚ ਲੈ ਆਂਦਾ ਜਾਵੇ। ਉਨ੍ਹਾਂ ਨੇ ਸਤਿਗੁਰਾਂ ਨੂੰ ਖੱਪਰ ਦਿਤਾ ਅਤੇ ਨੇੜੇ ਦੇ ਚਸ਼ਮੇਂ ਤੋਂ ਪਾਣੀ ਲਿਆਉਣ ਲਈ ਆਖਿਆ। ਗੁਰੂ ਜੀ ਪਾਣੀ ਲੈਣ ਗਏ, ਪਰ ਉਥੇ ਪਾਣੀ ਦੀ ਥਾਂ ਤੇ ਹੀਰੇ-ਜਵਾਹਰਾਤ ਪਏ ਹੋਏ ਸਨ। ਸਤਿਗੁਰੂ ਜੀ ਵਾਪਿਸ ਆ ਗਏ। ਸਿਧਾਂ ਸੋਚਿਆ ਕਿ ਗੁਰੂ ਨਾਨਕ ਸਾਡੀ ਕਰਾਮਾਤ ਵੇਖ ਕੇ ਚਕਰਾ ਜਾਵੇਗਾ ਤੇ ਸਾਡੀ ਸ਼ਰਨ ਵਿਚ ਆ ਜਾਵੇਗਾ। ਉਹ ਸਤਿਗੁਰਾਂ ਦੇ ਮੂੰਹੋਂ ਆਪਣੀ ਸਿਫਤ ਸੁਣਨ ਲਈ ਉਤਾਵਲੇ ਸਨ, ਪਰ ਗੁਰੂ ਜੀ ਨੇ ਸਿਰਫ ਇੰਨਾਂ ਹੀ ਕਿਹਾ ਕਿ ਉਸ ਤਲਾਅ ਵਿਚ ਪਾਣੀ ਨਹੀਂ ਹੈ। ਸਿੱਧਾਂ ਦੇ ਇਹ ਪੁਛਣ ਤੇ ਕਿ ਉਥੇ ਹੀਰੇ-ਜਵਾਹਰਾਤ ਨਹੀਂ ਵੇਖੇ, ਸਤਿਗੁਰਾਂ ਜੁਆਬ ਦਿਤਾ ਮੈਂ ਕੇਵਲ ਪਾਣੀ ਲੈਣ ਗਿਆ ਸੀਂ, ਹੋਰ ਕਿਸੇ ਵਸਤ ਨਾਲ ਮੇਰਾ ਕੀ ਮਤਲਬ? ਸਿੱਧਾਂ ਦਾ ਕਰਾਮਾਤ ਦਾ ਹਥਿਆਰ ਵੀ ਫੇਲ੍ਹ ਹੋ ਗਿਆ। ਉਨ੍ਹਾਂ ਨੂੰ ਇਹ ਯਕੀਨ ਹੋ ਗਿਆ ਕਿ ਇਸ ਮਹਾਂਪੁਰਖ ਉਤੇ ਅਸੀਂ ਕੋਈ ਪ੍ਰਭਾਵ ਨਹੀਂ ਪਾ ਸਕਾਂਗੇ, ਇਹ ਤਾਂ ਸਗੋਂ ਸਾਡੇ ਵਰਗਿਆਂ ਨੂੰ ਸੱਚ ਦਾ ਰਾਹ ਦਿਖਾਉਣ ਆਇਆ ਹੈ।

ਫਿਰ ਸਿੱਧਾਂ ਨੇ ਪੁਛਿਆ ਕਿ ਜਗਤ ਵਿਚ ਲੋਕਾਂ ਦਾ ਕੀ ਹਾਲ ਹੈ?

ਸਤਿਗੁਰਾਂ ਜੁਆਬ ਦਿਤਾ ਕਿ ਹਰ ਥਾਂ ਕੂੜ ਦਾ ਵਰਤਾਰਾ ਹੈ; ਧਰਮ ਖੰਭ ਲਾ ਕੇ ਉਡ ਗਿਆ ਹੈ ਅਤੇ ਉਸ ਤੋਂ ਵੀ ਭੈੜੀ ਗੱਲ ਇਹ ਕਿ ਤੁਹਾਡੇ ਵਰਗੇ ਲੋਕ ਜਿਨ੍ਹਾਂ ਦਾ ਕੰਮ ਲੋਕਾਂ ਨੂੰ ਪ੍ਰਭੂ ਨਾਲ ਜੋੜਨਾ ਹੈ, ਆਪ ਹੀ ਪਰਬਤਾਂ ਉਤੇ ਆ ਬੈਠੇ ਹਨ ਅਤੇ ਰਿਧੀਆਂ-ਸਿੱਧੀਆਂ ਦੇ ਚੱਕਰਾਂ ਵਿਚ ਜੀਵਨ ਅਜਾਈਂ ਗੁਆ ਰਹੇ ਹਨ। ਇਸ ਗੱਲ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ 29ਵੀਂ ਪਉੜੀ ਵਿਚ ਇੰਝ ਕੀਤਾ ਹੈ :

ਫਿਰਿ ਪੁੱਛਣਿ ਸਿਧ ਨਾਨਕਾ, ਮਾਤ ਲੋਕ ਵਿਚਿ ਕਿਆ ਵਰਤਾਰਾ।
ਸਭ ਸਿਧੀ ਇਹ ਬੁਝਿਆ, ਕਲਿ ਤਾਰਨਿ ਨਾਨਕ ਅਵਤਾਰਾ।
ਬਾਬੇ ਆਖਿਆ ਨਾਥ ਜੀ, ਸਚੁ ਚੰਦ੍ਰਮਾ ਕੂੜੁ ਅੰਧਾਰਾ।
ਕੂੜੁ ਅਮਾਵਸਿ ਵਰਤਿਆ, ਹਉ ਭਾਲਣਿ ਚੜ੍ਹਿਆ ਸੰਸਾਰਾ।
ਪਾਪਿ ਗਿਰਾਸੀ ਪਿਰਥਮੀ, ਧਉਲੁ ਖੜਾ ਧਰਿ ਹੇਠ ਪੁਕਾਰਾ।
ਸਿੱਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।
ਜੋਗੀ ਗਿਆਨ-ਵਿਹੂਣਿਆ,
ਨਿਸ ਦਿਨਿ ਅੰਗਿ ਲਗਾਇਨਿ ਛਾਰਾ।
ਬਾਝੁ ਗੁਰੂ ਡੁੱਬਾ ਜਗ ਸਾਰਾ॥

ਸੁਮੇਰ ਪਰਬਤ ਤੋਂ ਗੁਰੂ ਜੀ ਨੇਪਾਲ ਗਏ। ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਬਾਗਮਤੀ ਦੇ ਕਿਨਾਰੇ ਉਤੇ ਪਸ਼ੂਪਤੀ ਮੰਦਰ ਦੇ ਨੇੜੇ ਟਿਕਾਣਾ ਕੀਤਾ। ਸਤਿਸੰਗ ਹੋਣ ਲੱਗਾ, ਕੀਰਤਨ ਦਾ ਪਰਵਾਹ ਚੱਲ ਪਿਆ। ਉਥੋਂ ਦਾ ਰਾਜਾ ਰਘਬੀਰ ਸਿੰਘ ਗੁਰੂ ਜੀ ਦਾ ਸੇਵਕ ਬਣਿਆ।

ਸਿਕਮ ਤੇ ਤਿੱਬਤ ਵਿਚ—ਸੁਣਕੋਸੀ ਅਤੇ ਅਰੁਣ ਦਰਿਆ ਪਾਰ ਕਰਕੇ ਕੰਚਨ ਜੰਗਾ ਤੋਂ ਹੁੰਦੇ ਹੋਏ ਸਿਕਮ ਪੁੱਜੇ। ਸਿਕਮ ਦੀ ਰਾਜਧਾਨੀ ਗੰਗਟੋਕ ਵਿਚ ਵੀ ਗਏ। ਉਥੋਂ ਤਿਬਤ ਵੱਲ ਗਏ। ਤਿਬਤ ਦੇ ਲੋਕੀਂ ਹੁਣ ਵੀ ਗੁਰੂ ਜੀ ਨੂੰ 'ਪਦਮ ਸੰਭਵ' ਦਾ ਅਵਤਾਰ ਕਰਕੇ ਪੂਜਦੇ ਹਨ।

ਤਿਬਤ ਤੋਂ ਲਦਾਖ ਪੁੱਜੇ। ਲੇਹ ਵਿਚ ਆਪ ਜੀ ਦੀ ਯਾਦ ਵਿਚ ਗੁਰਦੁਆਰਾ ਪੱਥਰ ਸਾਹਿਬ ਕਾਇਮ ਹੈ। ਉਥੋਂ ਗਿਲਗਤ, ਅਸਕਰੂਚ ਹੁੰਦੇ ਹੋਏ ਦੱਰਾ ਸਾਸਨਾਥਾ ਪਾਰ ਕਰਕੇ ਅਤੇ ਵੂਲਰ ਝੀਲ ਦੇ ਨੇੜਿਉਂ ਜਿਹਲਮ ਪਾਰ ਕਰਕੇ ਸ੍ਰੀਨਗਰ ਪੁੱਜੇ।

ਕਸ਼ਮੀਰ ਵਿਚ—ਪੁਰਾਣੇ ਸਮਿਆਂ ਤੋਂ ਕਸ਼ਮੀਰ ਵਿਦਵਾਨ ਪੰਡਤਾਂ ਦੀ ਰਿਹਾਇਸ਼ ਦਾ ਕੇਂਦਰੀ ਸਥਾਨ ਚਲਿਆ ਆ ਰਿਹਾ ਸੀ। ਇਸ ਇਲਾਕੇ ਵਿਚ ਧਰਮ-ਸਾਸਤਰਾਂ ਦਾ ਪਰਚਾਰ ਹੋਣਾ ਕੁਦਰਤੀ ਗੱਲ ਸੀ। ਇਸ ਪ੍ਰਚਾਰ ਦੇ ਪ੍ਰਭਾਵ

ਥੱਲੇ ਲੋਕ ਮੂਰਤੀ ਪੂਜਾ, ਸ਼ਿਵਲਿੰਗ ਪੂਜਾ, ਦੇਵੀ-ਦੇਵਤਿਆਂ ਦੀ ਪੂਜਾ, ਵਰਣ ਆਸ਼ਰਮੀ ਕਰਮਾਂ ਕਾਂਡਾਂ ਆਦਿ ਵਿਚ ਰੁਝੇ ਪਏ ਸਨ। ਸਤਿਗੁਰਾਂ ਨੇ ਇਨ੍ਹਾਂ ਦੀ ਥਾਂ ਉਤੇ ਪ੍ਰਭੂ ਦੀ ਯਾਦ ਵਿਚ ਜੁੜੇ ਰਹਿਣ ਨੂੰ ਜੀਵਨ ਦਾ ਸਹੀ ਰਾਹ ਦੱਸਿਆ।

ਗੁਰੂ ਜੀ ਨੇ ਸਾਰੇ ਕਸ਼ਮੀਰ ਦਾ ਰਟਨ ਕੀਤਾ, ਜਿਸ ਬਾਰੇ ਇਤਿਹਾਸ ਵਿਚੋਂ ਹੇਠ ਲਿਖੇ ਥਾਵਾਂ ਤੇ ਜਾਣ ਬਾਰੇ ਹਵਾਲੇ ਮਿਲਦੇ ਹਨ :

ਸ੍ਰੀ ਨਗਰ–ਇਥੇ ਆਪ ਨੇ ਹਰੀ ਪਰਬਤ ਤੇ ਟਿਕਾਣਾ ਕੀਤਾ ਅਤੇ ਸ਼ੰਕਰਚਾਰੀਆਂ ਦੀ ਟੀਸੀ ਉਤੇ ਵੀ ਗਏ।

ਮਟਨ ਸਾਹਿਬ–ਇਥੇ ਆਪ ਜੀ ਦੀ ਇਕ ਵਿਦਵਾਨ ਪੰਡਤ ਬ੍ਰਹਮਦਾਸ ਨਾਲ ਗਿਆਨ-ਚਰਚਾ ਹੋਈ। ਇਹ ਪੰਡਤ ਆਪਣੇ ਨਾਲ ਹਮੇਸ਼ਾ ਪੁਸਤਕਾਂ ਦੇ ਗੱਡੇ ਭਰ ਕੇ ਤੁਰਦਾ ਸੀ ਅਤੇ 'ਗਿਆਨ-ਚਰਚਾ' ਵਿਚ ਹੋਰਨਾਂ ਵਿਦਵਾਨਾਂ ਨੂੰ ਹਰਾਉਣ ਵਿਚ ਲੱਗਾ ਰਹਿੰਦਾ ਸੀ। ਸਤਿਗੁਰਾਂ ਨੇ ਇਸ ਮਾਣ-ਮੱਤੇ ਪੰਡਤ ਨੂੰ ਸਮਝਾਇਆ ਕਿ ਧਾਰਮਕ ਪੁਸਤਕਾਂ ਦਾ ਪਾਠ ਅਤੇ ਹਉਮੈ ਉਪਜਾਉਣ ਵਾਲੀ ਧਰਮ-ਚਰਚਾ ਨਾਲ ਪ੍ਰਭੂ ਨਹੀਂ ਪਤੀਜਦਾ, ਉਹ ਤਾਂ ਪ੍ਰੇਮਾ-ਭਗਤੀ ਦਾ ਭੁਖਾ ਹੈ। ਗਿਆਨ ਪ੍ਰਾਪਤੀ ਬਾਰੇ ਹੇਠ ਲਿਖਿਆ ਉਪਦੇਸ਼ ਦਿਤਾ :

ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ, ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ, ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ, ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ, ਹੋਰੁ ਹਉਮੈ ਝਖਣਾ ਝਾਖ॥੧॥

*(ਆਸਾ ਕੀ ਵਾਰ, ਸਲੋਕ ਮ: ੧, ੪੬੭)*

ਗੁਰ-ਉਪਦੇਸ਼ ਸਦਕਾ ਪੰਡਤ ਬ੍ਰਹਮ ਦਾਸ ਨੇ ਸਿੱਖੀ ਧਾਰਨ ਕੀਤੀ ਅਤੇ ਆਪਣੇ ਸਾਥੀ ਕਮਾਲ ਨੂੰ ਵੀ ਗੁਰਮਤਿ ਦਾ ਧਾਰਨੀ ਬਣਾਇਆ। ਇਹ ਦੋਵੇਂ ਹੀ ਕਸ਼ਮੀਰ ਵਿਚ ਫਿਰ ਫਿਰ ਕੇ ਸਿੱਖੀ ਦਾ ਪਰਚਾਰ ਕਰਨ ਲਗ ਪਏ।

ਅਮਰਨਾਥ–ਗੁਰੂ ਜੀ ਮਟਨ ਤੋਂ ਐਸ਼ ਮੁਕਾਮ, ਪਹਿਲਗਾਮ ਅਤੇ ਅਮਰਨਾਥ ਗਏ। ਅਮਰਨਾਥ ਸ਼ਿਵ ਦਾ ਮੰਦਰ ਹੈ, ਜੋ ਕਿ ਹਿਮਾਲਾ ਪਰਬਤ ਦੀ ਇਕ ਗੁਫਾ ਹੈ। ਇਸ ਦੀ ਛੱਤ ਵਿਚ ਇਕ ਛੇਕ ਹੈ, ਜਿਸ ਰਾਹੀਂ ਉਪਰੋਂ ਪਾਣੀ ਤ੍ਰਿਪਦਾ ਰਹਿੰਦਾ ਹੈ ਅਤੇ ਠੰਢ ਕਾਰਨ, ਹੇਠਾਂ ਡਿਗ ਕੇ ਬਰਫ ਦਾ ਢੇਲਾ ਬਣ ਜਾਂਦਾ ਹੈ। ਇਸਨੂੰ ਸ਼ਰਧਾਲੂ ਸ਼ਿਵਲਿੰਗ ਕਰਕੇ ਪੂਜਦੇ ਹਨ। ਗੁਰਦੇਵ ਨੇ ਲੋਕਾਂ ਨੂੰ ਇਸ ਕੁਕਰਮ ਤੋਂ ਵਰਜਿਆ।

ਵੈਸ਼ਨੋ ਦੇਵੀ ਦਾ ਮੰਦਰ–ਇਹ ਮੰਦਰ ਵੀ ਪਹਾੜ ਦੀ ਗੁਫਾ ਵਿਚ ਹੈ,

ਜਿਸਦਾ ਮੂੰਹ ਬਹੁਤ ਭੀੜਾ ਹੈ। ਗੁਫਾ ਵਿਚੋਂ ਪਹਾੜ ਦਾ ਪਾਣੀ ਬਾਹਿਰ ਆ ਕੇ ਹੇਠਾਂ ਡਿਗਦਾ ਹੈ। ਉਥੇ ਸ਼ਰਧਾਲੂ ਲੋਕ 'ਦੇਵੀ ਦੇ ਚਰਨਾਂ ਵਿਚ' ਇਸ਼ਨਾਨ ਕਰਦੇ ਹਨ। ਉਹ ਗਿਲੇ ਕਪੜੇ ਪਾ ਕੇ ਹੀ ਮੰਦਰ ਵਿਚ ਚਲੇ ਜਾਂਦੇ ਹਨ। ਅੰਦਰ ਰਸਤੇ ਦੇ ਖੱਬੇ ਪਾਸੇ ਇਕ ਲੰਮਾ-ਪਧਰਾ ਪੱਥਰ ਹੈ, ਜਿਸਨੂੰ ਸ਼ਰਧਾਲੂ "ਭੈਰੋ ਦਾ ਧੜ" ਆਖਦੇ ਹਨ। ਅੱਗੇ ਮੰਦਰ ਹੈ, ਜਿਥੇ ਜੋਤਾਂ ਜਗਦੀਆਂ ਰਹਿੰਦੀਆਂ ਹਨ। ਪੁਜਾਰੀਆਂ ਨੇ ਇਹ ਗੱਲ ਫੈਲਾਈ ਹੋਈ ਹੈ ਕਿ ਇਥੇ ਵੈਸ਼ਨੋ ਦੇਵੀ ਨੇ ਭੈਰੋਂ (ਸ਼ਿਵ) ਦਾ ਸਿਰ ਕੱਟ ਦਿਤਾ ਸੀ। ਧੜ ਤਾਂ ਉਥੇ ਹੀ ਡਿਗ ਪਿਆ, ਪਰ ਸਿਰ ਉਥੋਂ ਦੋ ਮੀਲਾਂ ਦੀ ਵਿੱਥ ਉਤੇ ਜਾ ਡਿਗਿਆ। ਲੋਕੀਂ ਦੂਰੋਂ ਦੂਰੋਂ ਇਸ ਮੰਦਰ ਵਿਚ ਦੇਵੀ ਦੇ 'ਦਰਸ਼ਨਾਂ' ਨੂੰ ਜਾਂਦੇ ਹਨ ਅਤੇ ਉਹਨਾਂ ਦਾ ਵਿਸ਼ਵਾਸ ਹੈ ਕਿ ਇੰਝ ਕਰਨ ਨਾਲ ਦੇਵੀ ਪ੍ਰਸੰਨ ਹੋ ਜਾਂਦੀ ਹੈ ਅਤੇ ਭਗਤਾਂ ਨੂੰ ਧਨ-ਮਾਲ ਅਤੇ ਪੁਤਰਾਂ ਦੀਆਂ ਬਖਸ਼ਸ਼ਾਂ ਕਰਦੀ ਹੈ, ਉਹਨਾਂ ਦੇ ਦੁਖ-ਦਰਦ ਦੂਰ ਕਰਦੀ ਹੈ। ਸਤਿਗੁਰਾਂ ਨੇ ਲੋਕਾਂ ਨੂੰ ਅਜਿਹੇ ਅੰਧ ਵਿਸ਼ਵਾਸਾਂ ਨੂੰ ਤਿਆਗਣ ਦਾ ਉਪਦੇਸ਼ ਦਿਤਾ ਅਤੇ ਇਕ ਅਕਾਲ ਪੁਰਖ ਦੀ ਸਿਫਤ-ਸਲਾਹ ਕਰਨ ਤੇ ਉਸਦਾ ਓਟ ਆਸਰਾ ਲੈਣ ਦੀ ਪ੍ਰੇਰਨਾ ਦਿਤੀ।

ਜੰਮੂ ਵਿਚ–ਦੇਵੀ ਦੇ ਮੰਦਰ ਤੋਂ ਚੱਲਕੇ ਸਤਿਗੁਰੂ ਜੀ ਜੰਮੂ ਪੁੱਜੇ ਅਤੇ ਰਘੁਨਾਥ ਮੰਦਰ ਵਿਚ ਟਿਕਾਣਾ ਕੀਤਾ। ਇਸ ਮੰਦਰ ਵਿਚ ਰਾਮ ਚੰਦਰ ਜੀ ਅਤੇ ਹੋਰ ਅਨੇਕਾਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਹਨ। ਗੁਰੂ ਜੀ ਨੇ ਲੋਕਾਂ ਨੂੰ ਪੱਥਰ ਪੂਜਾ ਵੱਲੋਂ ਵਰਜਿਆ।

ਸਿਆਲਕੋਟ–ਇਥੇ ਹਮਜ਼ਾ ਗੌਂਸ ਨਾਮ ਦਾ ਮੁਸਲਮਾਨ ਪੀਰ ਰਹਿੰਦਾ ਸੀ। ਜਦੋਂ ਸਤਿਗੁਰੂ ਉਥੇ ਪੁੱਜੇ ਤਾਂ ਉਹ ਇਕ ਗੁੰਬਜ਼ ਦੇ ਅੰਦਰ ਚਾਲੀ ਦਿਨਾਂ ਦਾ ਵਰਤ ਰੱਖਕੇ ਬੈਠਾ ਹੋਇਆ ਸੀ। ਉਹ ਕਹਿੰਦਾ ਸੀ ਕਿ ਚਾਲੀ ਦਿਨਾਂ ਦੇ ਵਰਤ ਦੇ 'ਪ੍ਰਤਾਪ' ਨਾਲ ਉਹ ਸਾਰੇ ਸ਼ਹਿਰ ਨੂੰ ਗਰਕ ਕਰ ਦੇਵੇਗਾ, ਕਿਉਂਕਿ ਸਾਰਾ ਸ਼ਹਿਰ ਝੂਠੇ ਬੰਦਿਆਂ ਦਾ ਹੈ। ਅਸਲ ਗੱਲ ਇਹ ਹੈ ਕਿ ਪੀਰ ਇਕ ਹਿੰਦੂ ਸੱਜਣ ਉਤੇ ਬਹੁਤ ਨਰਾਜ਼ ਸੀ ਕਿਉਂਕਿ ਉਸਨੇ ਇਕਰਾਰ ਮੁਤਾਬਿਕ ਆਪਣਾ ਬੱਚਾ ਪੀਰ ਜੀ ਦੀ ਸੇਵਾ ਵਿਚ ਹਾਜ਼ਰ ਨਹੀਂ ਸੀ ਕੀਤਾ।

ਸਤਿਗੁਰੂ ਜੀ ਗੁੰਬਜ਼ ਦੇ ਨੇੜ ਬੈਠ ਗਏ। ਭਾਈ ਮਰਦਾਨਾ ਜੀ ਨੇ ਰਬਾਬ ਛੇੜੀ। ਦੋਹਾਂ ਨੇ ਉਚੀ ਸੁਰ ਵਿਚ ਕੀਰਤਨ ਆਰੰਭ ਦਿਤਾ। ਕੀਰਤਨ ਵੱਲ ਧਿਆਨ ਜਾਣ ਕਰਕੇ ਪੀਰ ਦੀ ਸਮਾਧੀ ਟੁੱਟ ਗਈ, ਉਹ ਜਲਦੀ ਨਾਲ ਬਾਹਰ ਨਿਕਲਿਆ। ਹੋਰ ਵੀ ਅਨੇਕਾਂ ਲੋਕੀਂ ਕੀਰਤਨ ਸੁਣਨ ਪੁੱਜ ਚੁਕੇ ਸਨ। ਸਤਿਗੁਰਾਂ ਦਾ ਨੂਰਾਨੀ ਚਿਹਰਾ, ਅਗੰਮੀ ਬਾਣੀ ਦਾ ਕੀਰਤਨ, ਸਰੋਤਿਆਂ ਦਾ ਵਜਦ ਵਿਚ ਆਕੇ ਝੂਮਣਾ–ਸਾਰਾ ਵਾਤਾਵਰਣ ਹੀ ਵਿਸਮਾਦੀ ਹੋਇਆ ਪਿਆ ਸੀ। ਪੀਰ ਦਾ ਗੁੱਸਾ ਜਾਂਦਾ ਰਿਹਾ ਤੇ ਉਹ ਵੀ ਪ੍ਰਭੂ ਦੀ ਸਿਫਤ-ਸਲਾਹ (ਕੀਰਤਨ) ਵਿਚ ਜੁੜ

ਗਿਆ। ਸਤਿਗੁਰਾਂ ਨੇ ਉਸਨੂੰ ਸਮਝਾਇਆ ਕਿ ਸਾਰੇ ਬੰਦੇ ਖ਼ੁਦਾ ਦੀ ਸੰਤਾਨ ਹਨ, ਬੱਚਿਆਂ ਨੂੰ ਦੁਖ-ਕਸ਼ਟ ਮਿਲਣ ਨਾਲ ਪ੍ਰਭੂ-ਪਿਤਾ ਖ਼ੁਸ਼ ਨਹੀਂ ਹੁੰਦਾ।

ਹਮਜ਼ਾ ਗੌਂਸ ਨੂੰ ਇਹ ਦੱਸਣ ਲਈ ਕਿ ਸਾਰਾ ਸ਼ਹਿਰ ਝੂਠਿਆਂ ਦਾ ਨਹੀਂ, ਸਗੋਂ ਉਥੇ ਸਤਿ-ਗਿਆਨ ਦੇ ਧਾਰਨੀ ਵੀ ਵਸਦੇ ਹਨ, ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇਕ ਪੈਸੇ ਦਾ ਸੱਚ, ਤੇ ਇਕ ਇਕ ਪੈਸੇ ਦਾ ਝੂਠ ਖਰੀਦਣ ਲਈ ਭੇਜਿਆ। ਭਾਵੇਂ ਬਹੁਤੇ ਦੁਕਾਨਦਾਰਾਂ ਨੂੰ ਇਸ ਸੌਦੇ ਦੀ ਸਮਝ ਨਹੀਂ ਪਈ, ਪਰ ਇਕ ਦੁਕਾਨਦਾਰ ਭਾਈ ਮੂਲੇ ਨੇ, ਕਾਗਜ਼ ਦੀ ਇਕ ਪਰਚੀ ਉਤੇ 'ਮਰਨਾ ਸੱਚ ਹੈ, ਜੀਉਣਾ ਝੂਠ' ਲਿਖ ਕੇ ਮਰਦਾਨਾ ਜੀ ਨੂੰ ਦੇ ਦਿਤੀ।

ਜਿਸ ਬੇਰੀ ਹੇਠਾਂ ਬੈਠ ਕੇ ਸਤਿਗੁਰਾਂ ਨੇ ਇਲਾਹੀ ਕੀਰਤਨ ਕੀਤਾ ਸੀ, ਉਥੇ ਗੁਰਦੁਆਰਾ ਬਣਿਆ ਹੋਇਆ ਹੈ।

ਪਸਰੂਰ ਵਿਚ—ਸਿਆਲਕੋਟ ਤੋਂ ਪਸਰੂਰ ਆਏ। ਉਥੇ ਮੀਆਂ ਮਿੱਠਾ ਨਾਮ ਦੇ ਫ਼ਕੀਰ ਨਾਲ ਚਰਚਾ ਹੋਈ। ਫ਼ਕੀਰ ਨੇ ਹਲੀਮੀ, ਮਿਠਾਸ ਅਤੇ ਸੇਵਾ-ਭਾਵਨਾ ਨਾਲ ਅਨੇਕਾਂ ਹਿੰਦੂਆਂ ਨੂੰ ਮੁਸਲਮਾਨ ਬਣਾ ਲਿਆ ਸੀ। ਉਸਨੇ ਗੁਰੂ ਪਾਤਸ਼ਾਹ ਨੂੰ ਵੀ ਕਿਹਾ :

ਪਹਿਲਾ ਨਾਉਂ ਖ਼ੁਦਾਇ ਦਾ, ਦੂਜਾ ਨਾਉਂ ਰਸੂਲ।
ਨਾਨਕ ਕਲਮਾ ਜੇ ਪੜੇਂ, ਤਾਂ ਦਰਗਹ ਪਵੇਂ ਕਬੂਲ।

(ਨੋਟ : ਇਹ ਪੰਗਤੀਆਂ ਬਾਣੀ ਦੀਆਂ ਨਹੀਂ ਹਨ।)

ਸਤਿਗੁਰਾਂ ਨੇ ਉਤਰ ਦਿਤਾ ਕਿ ਇਹ ਤਾਂ ਠੀਕ ਹੈ ਕਿ ਪਹਿਲਾ ਨਾਮ ਖ਼ੁਦਾ ਦਾ ਹੈ, ਪਰ ਇਹ ਗੱਲ ਗਲਤ ਹੈ ਕਿ ਦੂਜਾ ਰਸੂਲ ਹੈ। ਖ਼ੁਦਾ ਦੇ ਦਰ ਉਤੇ ਤਾਂ ਅਨੇਕਾਂ ਰਸੂਲ (ਮੁਹੰਮਦ ਸਾਹਿਬ) ਖੜ੍ਹੇ ਹਨ। ਖ਼ੁਦਾ ਨੂੰ ਮਿਲਣ ਲਈ 'ਕਲਮਾ' ਪੜ੍ਹਨ ਦੀ ਥਾਂ ਉਤੇ ਮਨੁੱਖ ਨੂੰ ਨੀਯਤ ਰਾਸ ਕਰਨੀ ਚਾਹੀਦੀ ਹੈ ਅਤੇ ਪ੍ਰੇਮ ਤੇ ਸ਼ਰਧਾ ਨਾਲ ਖ਼ੁਦਾ ਦੀ ਸਿਫ਼ਤ-ਸਲਾਹ ਕਰਨੀ ਚਾਹੀਦੀ ਹੈ।

ਮੀਆਂ ਮਿਠਾ ਨੂੰ ਗੁਰਮਤਿ-ਗਿਆਨ ਦੀ ਬਖਸ਼ਸ਼ ਕਰਨ ਮਗਰੋਂ ਗੁਰੂ ਜੀ ਵਾਪਿਸ ਕਰਤਾਰਪੁਰ ਆ ਗਏ। ਇਸ ਤਰ੍ਹਾਂ ਦੂਜੀ ਪਰਚਾਰ ਫੇਰੀ ਸਮਾਪਤ ਹੋਈ।

# ਤੀਜੀ ਉਦਾਸੀ

(ਸੰਨ 1518 ਤੋਂ 1521)

ਤੀਜੀ ਉਦਾਸੀ ਮੁਸਲਮਾਨ ਮੱਤ ਦੇ ਧਰਮ ਅਸਥਾਨਾਂ ਵੱਲ ਸੀ। ਤਿੰਨ ਸਾਲਾਂ ਦੀ ਇਸ ਉਦਾਸੀ ਵਿਚ ਸਤਿਗੁਰਾਂ ਨੇ ਮੁਸਲਮਾਨਾਂ ਦੇ ਪੀਰਾਂ ਫਕੀਰਾਂ ਤੇ ਮੌਲਵੀਆਂ ਨਾਲ ਵਿਚਾਰਾਂ ਕਰਕੇ ਉਨ੍ਹਾਂ ਨੂੰ ਖੁਦਾ ਤੋਂ ਦੂਰ ਲੈ ਜਾਣ ਵਾਲੇ ਵਿਚਾਰਾਂ ਅਤੇ ਧਾਰਮਕ ਰਸਮਾਂ ਨੂੰ ਤਿਆਗਣ ਦਾ ਉਪਦੇਸ਼ ਦਿਤਾ। ਸੰਨ 1518 ਦੇ ਦੂਜੇ ਅੱਧ ਵਿਚ ਸਤਿਗੁਰੂ ਜੀ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਕਰਤਾਰਪੁਰੋਂ ਚੱਲ ਪਏ।

ਪਾਕਪਟਨ ਵਿਚ–ਮਾਝੇ ਵਿਚ ਦੀ ਹੁੰਦੇ ਹੋਏ ਸਤਿਗੁਰੂ ਜੀ ਕਸੂਰ ਦੇ ਰਸਤੇ ਪਾਕਪਟਨ ਪੁੱਜੇ। ਪਾਕਪਟਨ ਦਾ ਪਹਿਲਾ ਨਾਮ ਅਯੋਧਨ ਸੀ। ਉਥੇ ਬਾਬਾ ਫ਼ਰੀਦ ਜੀ ਦੀ ਗੱਦੀ ਤੇ ਬੈਠੇ ਹੋਏ, ਉਨ੍ਹਾਂ ਦੇ ਗਿਆਰਵੇਂ ਉਤਰਾਧਿਕਾਰੀ ਸ਼ੇਖ ਬ੍ਰਹਮ (ਇਬਰਾਹੀਮ) ਨੂੰ ਮਿਲੇ।

ਬਾਬਾ ਫ਼ਰੀਦ ਜੀ ਦਾ ਅਸਲ ਨਾਮ ਫਰੀਦੁੱਦੀਨ ਮਸਊਦ ਸੀ। ਉਨ੍ਹਾਂ ਦਾ ਜਨਮ ਹਿਜ਼ਰੀ ਸੰਮਤ 569 (ਸੰਨ 1173) ਦੇ ਮਹੀਨਾ ਰਮਜ਼ਾਨ ਦੀ ਪਹਿਲੀ ਤਰੀਕ ਨੂੰ ਮੁਲਤਾਨ ਦੇ ਨਗਰ ਕੋਠੀਵਾਲ (ਦੀਪਾਲਪਰ ਦੇ ਨੇੜੇ) ਹੋਇਆ। ਅੱਜ ਕੱਲ ਇਸ ਨੂੰ "ਚਾਉਲੀ ਮੁਸ਼ੈਖਾਂ" ਆਖਦੇ ਹਨ। 16 ਸਾਲ ਦੀ ਉਮਰ ਵਿਚ ਉਹ ਮੱਕੇ ਹੱਜ ਕਰਨ ਗਏ। ਵਾਪਸ ਆ ਕੇ ਇਸਲਾਮੀ ਵਿਦਿਆ ਦੀ ਪ੍ਰਾਪਤੀ ਲਈ ਕਾਬਲ ਚਲੇ ਗਏ। ਉਥੋਂ ਵਾਪਸ ਆ ਕੇ ਮੁਲਤਾਨ ਵਿਚ ਦਿੱਲੀ ਵਾਲੇ ਖਵਾਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਦੇ ਮੁਰੀਦ ਬਣ ਗਏ। ਖਵਾਜਾ ਜੀ ਦੀ ਮਿਰਤੂ ਮਗਰੋਂ ਅਯੋਧਨ ਆ ਟਿਕੇ। ਇਥੇ ਹੀ 93 ਸਾਲਾਂ ਦੀ ਉਮਰ ਵਿਚ (ਸੰਨ 1266) ਆਪ ਨੇ ਚਲਾਣਾ ਕੀਤਾ। ਇਥੇ ਹੀ ਉਨ੍ਹਾਂ ਦੀ ਗੱਦੀ ਚੱਲ ਪਈ।

ਸ਼ੇਖ ਬ੍ਰਹਮ ਤੋਂ ਗੁਰੂ ਜੀ ਨੇ ਬਾਬਾ ਫ਼ਰੀਦ ਜੀ ਦੀ ਬਾਣੀ ਪ੍ਰਾਪਤ ਕੀਤੀ, ਜਿਸ ਵਿਚ 112 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਸਲੋਕ ਸੇਖ ਫ਼ਰੀਦ ਕੇ' ਸਿਰਲੇਖ ਥੱਲੇ ਕੁਲ 130 ਸਲੋਕ ਦਰਜ ਹਨ। ਇਨ੍ਹਾਂ ਵਿਚ 112 ਸਲੋਕ ਸ਼ੇਖ ਫਰੀਦ ਜੀ ਦੇ ਤੇ ਬਾਕੀ 18 ਸਲੋਕ ਪਹਿਲੇ, ਤੀਜੇ, ਚੌਥੇ ਤੇ ਪੰਜਵੇਂ ਸਤਿਗੁਰਾਂ ਦੇ ਹਨ ਅਤੇ 4 ਸ਼ਬਦ ਸ਼ਾਮਲ ਸਨ। ਬਾਬਾ ਫ਼ਰੀਦ ਜੀ ਦੀ ਬਾਣੀ ਇਸ ਕਰਕੇ ਪ੍ਰਾਪਤ ਕੀਤੀ ਸੀ, ਕਿਉਂਕਿ ਉਹ ਸਤਿਗੁਰਾਂ ਦੀ ਆਪਣੀ ਵਿਚਾਰਧਾਰਾ ਨਾਲ ਬਿਲਕੁਲ ਮੇਲ ਖਾਂਦੀ ਸੀ।

ਤੁਲੰਬੇ ਵਿਚ–ਨਗਰ ਤੁਲੰਬਾ ਲਾਹੌਰ ਤੋਂ ਮੁਲਤਾਨ ਜਾਣ ਵਾਲੀ ਸੜਕ

ਉਤੇ ਹੈ। ਇਥੋਂ ਦੇ ਰਹਿਣ ਵਾਲੇ ਸੱਜਣ ਨਾਮ ਦੇ ਬੰਦੇ ਨੇ, ਇਸ ਨਗਰ ਤੋਂ 9 ਕੁ ਮੀਲਾਂ ਦੀ ਵਿੱਥ ਉਤੇ, ਮਖਦੂਮ ਪੁਰੇ ਦੇ ਨੇੜੇ, ਮੁਸਾਫ਼ਰਖਾਨਾ ਬਣਾਇਆ ਹੋਇਆ ਸੀ। ਸੱਜਣ ਨੇ ਇਹ ਮੁਸਾਫਰਖਾਨਾ ਬਣਾਇਆ ਤਾਂ ਮੁਸਾਫਰਾਂ ਦੀ ਸੇਵਾ ਅਤੇ ਆਰਾਮ ਲਈ ਸੀ, ਪਰ ਭੈੜੇ ਬੰਦਿਆਂ ਦੀ ਸੰਗਤ ਅਤੇ ਰੁਪਏ ਪੈਸੇ ਦੇ ਲਾਲਚ ਨੇ ਉਸ ਨੂੰ ਕੁਰਾਹੇ ਪਾ ਦਿਤਾ ਸੀ। ਉਹ ਆਏ ਗਏ ਧਨਵਾਨ ਮੁਸਾਫ਼ਰਾਂ ਨੂੰ ਲੁੱਟ ਲੈਂਦਾ ਅਤੇ ਉਨ੍ਹਾਂ ਨੂੰ ਮਾਰ ਕੇ ਖੂਹ ਵਿਚ ਸੁਟ ਦਿੰਦਾ ਸੀ। ਨਗਰ ਤੋਂ ਦੂਰ ਇਕ ਪਾਸੇ ਹੋਣ ਕਰਕੇ, ਉਸ ਦੀਆਂ ਇਨ੍ਹਾਂ ਕਰਤੂਤਾਂ ਦਾ ਨਗਰ ਵਾਸੀਆਂ ਨੂੰ ਕੋਈ ਪਤਾ ਨਹੀਂ ਸੀ; ਸਗੋਂ ਉਹ ਤਾਂ ਸੱਜਣ ਨੂੰ ਖਲਕਤ ਦੀ ਸੇਵਾ ਕਰਨ ਵਾਲਾ ਧਰਮੀ ਬੰਦਾ ਸਮਝ ਕੇ ਉਸਦਾ ਮਾਣ-ਆਦਰ ਕਰਦੇ ਸਨ ਤੇ ਪਿਆਰ ਨਾਲ ਸ਼ੇਖ ਜੀ, ਸ਼ੇਖ ਜੀ ਕਰਕੇ ਬੁਲਾਉਂਦੇ ਸਨ।

ਗੁਰੂ ਨਾਨਕ ਪਾਤਸ਼ਾਹ ਅਤੇ ਮਰਦਾਨਾ ਜੀ ਸੱਜਣ ਦੇ ਇਸ ਮੁਸਾਫ਼ਰਖਾਨੇ ਵਿਚ ਪੁੱਜੇ। ਸਤਿਗੁਰਾਂ ਦੇ ਚਿਹਰੇ ਦੀ ਆਭਾ ਵੇਖ ਕੇ ਸੱਜਣ ਨੇ ਇਹ ਸਮਝਿਆ ਕਿ ਅੱਜ ਕੋਈ ਬਹੁਤ ਧਨਵਾਨ ਬੰਦੇ ਆਏ ਹਨ। ਉਸਨੇ ਬਹੁਤ ਆਉ-ਭਗਤ ਕੀਤੀ। ਰਾਤ ਨੂੰ ਉਹ ਉਡੀਕਣ ਲੱਗਾ ਕਿ ਕਦੋਂ ਇਹ ਨਵੇਂ ਮੁਸਾਫ਼ਰ ਸੌਣ ਤੇ ਉਹ ਉਨ੍ਹਾਂ ਦਾ ਧਨ-ਮਾਲ ਆਪਣੇ ਕਬਜ਼ੇ ਵਿਚ ਕਰ ਲਵੇ। ਪਰ ਸਤਿਗੁਰਾਂ ਨੇ ਇਕ ਸ਼ਬਦ ਗਾਇਆ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਸੂਹੀ ਰਾਗ ਵਿਚ, 728 ਪੰਨੇ ਉਤੇ ਦਰਜ ਹੈ। ਇਸਦੀ ਪਹਿਲੀ ਤੁਕ ਹੈ :— ਉਜਲੁ ਕੈਹਾ ਚਿਲਕਣਾ, ਘੋਟਿਮੁ ਕਾਲੜੀ ਮਸੁ।" ਜਿਉਂ ਜਿਉਂ ਸਤਿਗੁਰੂ ਜੀ ਸ਼ਬਦ-ਗਾਇਨ ਕਰਦੇ ਜਾਂਦੇ ਸਨ, ਸੱਜਣ ਨੂੰ ਇਝ ਪ੍ਰਤੀਤ ਹੁੰਦਾ ਸੀ ਕਿ ਉਸਦੇ ਆਪਣੇ ਪਾਪ ਨੰਗੇ ਹੋ ਰਹੇ ਹਨ। ਸ਼ਬਦ ਖਤਮ ਹੋਇਆ। ਸੱਜਣ ਸਤਿਗੁਰਾਂ ਦੇ ਚਰਨਾਂ ਤੇ ਢਹਿ ਪਿਆ। ਆਪਣੇ ਕੀਤੇ ਗੁਨਾਹਾਂ ਦੀ ਮਾਫ਼ੀ ਮੰਗੀ ਅਤੇ ਅੱਗੋਂ ਸੱਚੇ ਧਰਮੀ ਬੰਦਿਆਂ ਵਾਲਾ ਜੀਵਨ ਬਤੀਤ ਕਰਨ ਦਾ ਇਕਰਾਰ ਕੀਤਾ। ਉਸਨੇ ਇਕੱਤਰ ਕੀਤਾ ਧਨ-ਮਾਲ ਗ਼ਰੀਬਾਂ ਵਿਚ ਵੰਡ ਦਿਤਾ ਅਤੇ ਮੁੜ ਤੁਲੰਭੇ ਵਿਚ ਰਹਿਣ ਲੱਗ ਪਿਆ। ਸਤਿਗੁਰਾਂ ਨੇ ਉਸਨੂੰ ਇਲਾਕੇ ਵਿਚ ਗੁਰਮਤਿ-ਪਰਚਾਰ ਕਰਨ ਦਾ ਹੁਕਮ ਕੀਤਾ।

ਮੱਕੇ ਵੱਲ—ਤੁਲੰਭੇ ਤੋਂ ਸਤਿਗੁਰੂ ਜੀ ਮੱਕੇ ਦਾ ਹੱਜ ਕਰਨ ਜਾ ਰਹੇ ਹਾਜੀਆਂ ਨਾਲ ਰਲ ਗਏ। ਪਹਿਰਾਵਾ ਵੀ ਆਪਦਾ ਹਾਜੀਆਂ ਨਾਲ ਮਿਲਦਾ ਜੁਲਦਾ ਸੀ। ਹਾਜੀਆਂ ਵਿਚ ਇਹ ਪਰਚਾਰ ਕਰਦੇ ਰਹੇ ਕਿ ਪਰਮਾਤਮਾ ਹਰ ਪਾਸੇ ਤੇ ਹਰ ਥਾਂ ਮੌਜੂਦ ਹੈ; ਉਸਦਾ ਘਰ ਨਿਰਾ ਕਾਅਬੇ ਵਿਚ ਨਹੀਂ ਹੈ। ਪਰਮਾਤਮਾ ਦੀ ਪ੍ਰਾਪਤੀ ਉਸ ਨਾਲ ਸੱਚੇ ਦਿਲੋਂ ਪ੍ਰੀਤ ਪਾਇਆਂ, ਉਸਦੀ ਸਿਫ਼ਤ-ਕੀਤਿਆਂ ਹੀ ਹੋ ਸਕਦੀ ਹੈ। ਰੋਜ਼ੇ-ਵਰਤ ਰੱਖਣ, ਸੁੰਨਤ ਕਰਵਾਉਣ ਜਾਂ ਧਾਰਮਕ ਅਸਥਾਨਾਂ ਦੀ ਯਾਤਰਾ ਨਾਲ ਨਹੀਂ ਹੋ ਸਕਦੀ। ਪੀਰਾਂ ਫਕੀਰਾਂ ਦੇ ਰੋਜ਼ਿਆਂ-ਮਕਬਰਿਆਂ ਦੀ ਪੂਜਾ, ਪਰਮਾਤਮਾ ਦੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਹੈ।

ਇੰਝ ਪਰਚਾਰ ਕਰਦੇ ਹੋਏ ਸਤਿਗੁਰੂ ਜੀ, ਭਾਈ ਮਰਦਾਨਾ ਜੀ ਸਮੇਤ, ਮੁਲਤਾਨ, ਬਹਾਵਲਪੁਰ, ਸੱਖਰ ਸ਼ਿਕਾਰਪੁਰ ਦੇ ਰਸਤੇ ਲਾਸਾ ਬੇਲਾ ਅਤੇ ਮੇਕਰਾਨ ਦੇ ਇਲਾਕਿਆਂ (ਈਰਾਨ ਦੇ ਦੱਖਣ ਵਿਚ ਸਮੁੰਦਰ ਦੇ ਕੰਢੇ) ਹੁੰਦੇ ਹੋਏ ਹਿੰਗਲਾਜ ਪੁੱਜੇ। ਇਥੋਂ ਸਮੁੰਦਰੀ ਜਹਾਜ਼ ਰਾਹੀਂ ਮੱਕੇ ਵੱਲ ਚੱਲ ਪਏ।

ਮੱਕਾ, ਅਰਬ ਦੇਸ਼ ਦਾ ਸ਼ਹਿਰ ਹੈ। ਇਸ ਵਿਚ ਮੁਸਲਮਾਨਾਂ ਦਾ ਧਰਮ-ਮੰਦਰ 'ਕਾਅਬਾ' ਇਸਥਿਤ ਹੈ। ਪਹਿਲਾਂ ਪਹਿਲ ਇਥੇ ਅਨੇਕਾਂ ਮੂਰਤੀਆਂ ਪਈਆਂ ਹੁੰਦੀਆਂ ਸਨ, ਜਿਨ੍ਹਾਂ ਦੀ ਲੋਕ ਪੂਜਾ ਕਰਦੇ ਸਨ। ਪਰ ਹਜ਼ਰਤ ਮੁਹੰਮਦ ਸਾਹਿਬ ਨੇ ਇਹ ਮੂਰਤੀਆਂ ਤੁੜਵਾ ਦਿਤੀਆਂ ਸਨ ਅਤੇ ਦੇਵੀ-ਦੇਵਤਿਆਂ ਦੀ ਥਾਂ ਉਤੇ ਇਥੇ ਲੋਕਾਂ ਨੂੰ ਖੁਦਾ ਦੀ ਬੰਦਗੀ ਵਿਚ ਲਾ ਦਿਤਾ ਸੀ। ਉਹ ਮੱਕਾ ਜਿਹੜਾ ਪਹਿਲਾਂ ਦੇਵਤਿਆਂ ਦਾ ਘਰ ਹੁੰਦਾ ਸੀ, ਹੁਣ "ਰੱਬ ਦਾ ਘਰ" ਹੋ ਗਿਆ।

ਕਾਅਬੇ ਦੇ ਮੰਦਰ ਵਿਚ ਜ਼ਮੀਨ ਤੋਂ 5 ਫੁਟ ਉਚਾ, ਸੰਗ-ਅਸਵਦ (ਕਾਲਾ ਪੱਥਰ) ਜੜਿਆ ਹੋਇਆ ਹੈ, ਜੋ ਕਿ ਛੇ-ਸੱਤ ਇੰਚ ਲੰਮਾ ਹੈ। ਯਾਤਰੂ (ਹਾਜੀ) ਇਸ ਨੂੰ ਚੁੰਮਦੇ ਹਨ। ਉਥੇ ਇਕ ਹੋਰ ਪੱਥਰ 'ਰੁਕਨੁਲ ਯਮਾਨ' ਹੈ, ਜਿਸਨੂੰ ਹਾਜੀ ਸੱਜੇ ਹੱਥ ਨਾਲ ਛੂੰਹਦੇ ਹਨ। ਕਾਅਬੇ ਦਾ ਮੰਦਰ ਰੇਸ਼ਮੀ ਗਿਲਾਫ਼ ਨਾਲ ਢਕਿਆ ਰਹਿੰਦਾ ਹੈ ਅਤੇ ਇਸ ਦੇ ਚੁਫੇਰੇ ਪਰਕਰਮਾ ਕਰਨ ਲਈ ਖੁੱਲ੍ਹੀ ਥਾਂ ਹੈ।

ਮੁਸਲਮਾਨ ਹਰ ਸਾਲ ਕਾਅਬੇ ਦੀ ਯਾਤਰਾ ਕਰਨ ਜਾਂਦੇ ਹਨ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਕਾਅਬੇ ਦੇ ਮੰਦਰ ਵਿਚ ਨਿਵਾਸ ਕਰਦਾ ਹੈ। ਯਾਤਰੀਆਂ ਨੂੰ ਹਾਜੀ ਕਿਹਾ ਜਾਂਦਾ ਹੈ। ਇਸ ਯਾਤਰਾ (ਹੱਜ) ਦੀ ਵੀ ਆਪਣੀ ਮਰਯਾਦਾ ਹੈ। ਮੱਕੇ ਕੋਲ ਪੁੱਜ ਕੇ ਹਾਜੀ ਸਰੀਰ ਉਤੇ ਸਿਰਫ ਦੋ ਚਾਦਰਾਂ ਹੀ ਧਾਰਨ ਕਰਦੇ ਹਨ, ਤੇ ਪ੍ਰਭੂ ਦੀ ਉਸਤਤ ਦਾ ਗੀਤ "ਤਬਲੀਆ ਗੀਤ" ਗਾਂਦੇ ਹਨ। ਕਾਅਬੇ ਕੋਲ ਪੁੱਜ ਕੇ, ਇਸ਼ਨਾਨ ਕਰਨ ਮਗਰੋਂ, ਕਾਅਬੇ ਮੰਦਰ ਦੀਆਂ ਸੱਤ ਪਰਕਰਮਾਂ ਕਰਦੇ ਹਨ; ਤਿੰਨ ਜਲਦੀ ਜਲਦੀ ਤੇ ਚਾਰ ਹੌਲੀ ਹੌਲੀ। ਹਰੇਕ ਪਰਕਰਮਾ ਮਗਰੋਂ 'ਸੰਗ ਅਸਵਦ' ਨੂੰ ਚੁੰਮਦੇ ਹਨ। ਧਾਰਮਕ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ, ਖੁਤਬਾ (ਇਮਾਮ ਦਾ ਉਪਦੇਸ਼) ਸੁਣਿਆ ਜਾਂਦਾ ਹੈ। ਦਸਵੇਂ ਦਿਨ ਬੱਕਰੇ, ਦੁੰਬੇ, ਗਾਂ ਜਾਂ ਊਠ ਦੀ ਬਲੀ ਦਿਤੀ ਜਾਂਦੀ ਹੈ। ਹਾਜੀ ਪਸ਼ੂ ਦੇ ਸੱਜੇ ਪਾਸੇ ਖਲੋ ਕੇ 'ਅਲਾ ਹੂ ਅਕਬਰ' ਆਖਕੇ ਉਸਦੀ ਗਰਦਨ ਤੇ ਛੁਰੀ ਚਲਾਉਂਦਾ ਹੈ। ਵਾਪਸੀ ਸਮੇਂ ਫਿਰ ਕਾਅਬੇ ਦੀ ਪਰਕਰਮਾ ਕੀਤੀ ਜਾਂਦੀ ਹੈ।

ਗੁਰੂ ਨਾਨਕ ਜੀ ਤੇ ਮਰਦਾਨਾ ਜੀ ਹੋਰਨਾਂ ਹਾਜੀਆਂ ਦੇ ਨਾਲ ਕਾਅਬੇ ਪੁੱਜ ਗਏ। ਇਥੇ ਪੁੱਜ ਕੇ ਸਤਿਗੁਰਾਂ ਨੇ ਜੋ ਕੌਤਕ ਕੀਤਾ ਉਹ ਆਪਣੀ ਮਿਸਾਲ ਆਪ ਹੈ। ਪਹਿਲਾਂ ਤਾਂ ਮੁਸਲਮਾਨਾਂ ਦੇ ਦੇਸ਼ ਅਰਬ ਵਿਚ ਜਾਣਾ ਤੇ ਫਿਰ ਹਾਜੀਆਂ ਦੇ ਨਾਲ ਮੱਕੇ ਪੁੱਜਣਾ ਹੀ ਬਹੁਤ ਕਠਿਨ ਕੰਮ ਸੀ, ਕਿਉਂਕਿ ਹੱਜ ਕੇਵਲ ਮੁਸਲਮਾਨ

ਹੀ ਕਰ ਸਕਦੇ ਹਨ ਹੋਰ ਕੋਈ ਮਨੁੱਖ ਨਹੀਂ। ਇਥੇ ਪੁੱਜ ਕੇ ਜੋ ਦਲੇਰੀ ਅਤੇ ਨਿਡਰਤਾ ਦਾ ਸਬੂਤ ਸਤਿਗੁਰਾਂ ਨੇ ਦਿਤਾ ਉਹ ਵੀ ਬੇਮਿਸਾਲ ਹੈ। ਹਾਜੀਆਂ ਨੂੰ ਇਹ ਸਮਝਾਉਣ ਲਈ ਕਿ ਪ੍ਰਭੂ ਕਾਅਬੇ ਦੇ ਮੰਦਰ ਵਿਚ ਹੀ ਨਹੀਂ ਵਸਦਾ ਸਗੋਂ ਉਹ ਤਾਂ ਹਰ ਥਾਂ, ਹਰ ਸਮੇਂ ਮੌਜੂਦ ਹੈ, ਗੁਰੂ ਜੀ ਨੇ ਅਜੀਬ ਖੇਡ ਵਰਤਾਈ।

ਹੱਜ ਦਾ ਆਖਰੀ ਦਿਨ ਸੀ। ਰਾਤ ਨੂੰ ਗੁਰੂ ਸਾਹਿਬ ਕਾਅਬੇ ਵੱਲ ਨੂੰ ਪੈਰ ਪਸਾਰ ਕੇ ਸੌਂ ਗਏ। ਇਕ ਕਾਜ਼ੀ ਨੇ ਵੇਖਿਆ ਤੇ ਸ਼ੋਰ ਪਾ ਦਿਤਾ ਕਿ ਕਿਹੜਾ ਕਾਫ਼ਰ ਆ ਕੇ "ਰੱਬ ਦੇ ਘਰ" ਵੱਲ ਨੂੰ ਪੈਰ ਕਰਕੇ ਸੁੱਤਾ ਹੋਇਆ ਹੈ। ਹਾਜੀਆਂ ਦੀ ਭੀੜ ਲੱਗ ਗਈ, ਸਭ ਗੁੱਸੇ ਵਿਚ ਸਨ, ਕਾਫ਼ਿਰ ਨੂੰ ਖ਼ੁਦਾ-ਪ੍ਰਸਤ ਜੋ ਬਣਾਉਣਾ ਸੀ। ਸਤਿਗੁਰੂ ਨਿਸਚਿੰਤ ਹੋ ਕੇ ਸੁੱਤੇ ਰਹੇ। ਕਾਜ਼ੀ ਨੇ ਗੁਰੂ ਜੀ ਨੂੰ ਲੱਤ ਕੱਢ ਮਾਰੀ। ਗੁਰੂ ਜੀ ਜਾਗ ਪਏ ਤੇ ਪੁਛਿਆ, 'ਕਾਜ਼ੀ ਜੀ ਕੀ ਗੱਲ ਹੈ, ਇੰਨੇ ਗੁਸੇ ਵਿਚ ਕਿਉਂ ਹੋ, ਮੇਰੇ ਕੋਲੋਂ ਕੀ ਭੁੱਲ ਹੋ ਗਈ ਹੈ।' ਕਾਜ਼ੀ ਨੇ ਗੁੱਸੇ ਵਿਚ ਕਿਹਾ, 'ਰੱਬ ਦੇ ਘਰ ਵੱਲ ਪੈਰ ਕਰਕੇ ਸੁੱਤਾ ਏਂ, ਇਸ ਤੋਂ ਵੱਡਾ ਹੋਰ ਕਿਹੜਾ ਪਾਪ ਏ?' ਗੁਰੂ ਜੀ ਨੇ ਕਿਹਾ, 'ਅੱਛਾ ਭਾਈ, ਜਿਧਰ ਖ਼ੁਦਾ ਦਾ ਘਰ ਨਹੀਂ, ਜਿਧਰ ਖ਼ੁਦਾ ਮੌਜੂਦ ਨਹੀਂ, ਮੇਰੇ ਪੈਰ ਉਧਰ ਨੂੰ ਕਰ ਦਿਉ।' ਇਸ ਛੋਟੇ ਜਿਹੇ ਵਾਕ ਨੇ ਕਾਜ਼ੀ ਨੂੰ ਹੈਰਾਨੀ ਵਿਚ ਪਾ ਦਿਤਾ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਰੱਬ ਦਾ ਵਾਸਾ ਕਿਸ ਪਾਸੇ ਨਹੀਂ ਹੈ। ਉਸਨੂੰ ਹਰ ਪਾਸੇ ਹੀ ਕਾਅਬਾ ਨਜ਼ਰ ਆਉਣ ਲੱਗਾ। ਉਹ ਸਤਿਗੁਰਾਂ ਦੇ ਚਰਨਾਂ ਉਤੇ ਡਿਗ ਪਿਆ ਤੇ ਭੁੱਲ ਲਈ ਮਾਫ਼ੀ ਮੰਗੀ। ਹਜ਼ਾਰਾਂ ਹਾਜੀਆਂ ਨੂੰ ਵੀ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ।

ਇਹ ਸੁਣ ਕੇ ਕਿ ਕੋਈ ਪਹੁੰਚਿਆ ਹੋਇਆ ਬੰਦਾ ਕਾਅਬੇ ਆਇਆ ਹੈ, ਦੂਜੇ ਦਿਨ ਪੜ੍ਹੇ ਲਿਖੇ ਮੁਸਲਮਾਨ, ਪੀਰ, ਫ਼ਕੀਰ ਤੇ ਮੌਲਵੀ ਗੁਰੂ ਜੀ ਨਾਲ ਧਾਰਮਕ ਵਿਚਾਰ ਕਰਨ ਲਈ ਆ ਪੁੱਜੇ। ਸਤਿਗੁਰੂ ਆਪਣੇ ਨਾਲ ਥੈਲੇ ਵਿਚ ਉਹ ਬਾਣੀ ਵੀ ਰਖਦੇ ਸਨ ਜਿਹੜੀ ਉਨ੍ਹਾਂ ਨੇ ਆਪ ਲਿਖੀ ਤੇ ਜਿਹੜੀ ਭਗਤਾਂ ਪਾਸੋਂ ਪ੍ਰਾਪਤ ਕੀਤੀ ਸੀ। ਉਸ ਪੋਥੀ ਨੂੰ ਵੇਖਕੇ ਚਰਚਾ ਕਰਨ ਆਏ ਲੋਕਾਂ ਨੇ ਪੁੱਛਿਆ ਕਿ ਤੁਸੀਂ ਆਪਣੀ ਕਿਤਾਬ ਖੋਲ੍ਹ ਕੇ ਦੱਸੋ ਕਿ ਹਿੰਦੂ ਵੱਡੇ ਹਨ, ਜਾਂ ਮੁਸਲਮਾਨ। ਸਤਿਗੁਰਾਂ ਜੁਆਬ ਦਿੱਤਾ, 'ਸਭ ਖ਼ੁਦਾ ਦੀ ਸੰਤਾਨ ਹਨ, ਇਸ ਲਈ ਸਭ ਬਰਾਬਰ ਹਨ। ਪਰ ਨਿਰਾ ਹਿੰਦੂ ਜਾਂ ਮੁਸਲਮਾਨ ਹੋਣ ਨਾਲ ਬੰਦਾ ਖ਼ੁਦਾ ਦੀਆਂ ਨਜ਼ਰਾਂ ਵਿਚ ਕਬੂਲ ਨਹੀਂ ਪੈਂਦਾ। ਖ਼ੁਦਾ ਨੂੰ ਤਾਂ ਉਹੀ ਬੰਦਾ ਚੰਗਾ ਲਗਦਾ ਹੈ ਜਿਹੜਾ ਉਚੇ ਆਚਰਨ ਵਾਲਾ ਹੋਵੇ ਜਿਸਦੇ ਅਮਲ ਨੇਕ ਹੋਣ।' ਇਸ ਵਿਚਾਰ-ਚਰਚਾ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਇੰਝ ਕੀਤਾ ਹੈ :

ਪੁੱਛਨਿ ਗਲ ਈਮਾਨ ਦੀ, ਕਾਜ਼ੀ ਮੁਲਾਂ ਇਕੱਠੇ ਹੋਈ।
ਵਡਾ ਸਾਂਗ ਵਰਤਾਇਆ, ਲਖਿ ਨ ਸਕੈ ਕੁਦਰਤਿ ਕੋਈ।

ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ, ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗੁ ਕੁਸੰਭ ਦਾ, ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ, ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ।

ਇਝ ਹਾਜੀਆਂ ਦਾ ਉਧਾਰ ਕਰਦੇ ਹੋਏ, ਉਨ੍ਹਾਂ ਦੇ ਨਾਲ ਹੀ ਗੁਰੂ ਜੀ ਮਦੀਨੇ ਵੱਲ ਨੂੰ ਚੱਲ ਪਏ।

ਮਦੀਨੇ ਵਿਚ—ਮਦੀਨਾ ਮੱਕੇ ਤੋਂ ਤਿੰਨ ਕੁ ਸੌ ਮੀਲਾਂ ਦੇ ਫ਼ਾਸਲੇ ਤੇ ਹੈ। ਇਥੇ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ ਸੀ। ਵੀਹ ਕੁ ਦਿਨਾਂ ਵਿਚ ਗੁਰੂ ਜੀ ਇਥੇ ਪੁੱਜ ਗਏ। ਹੁਣ ਤਾਂ ਬਹੁਤ ਸਾਰੇ ਹਾਜੀ ਉਨ੍ਹਾਂ ਦੇ ਸ਼ਰਧਾਲੂ ਬਣ ਚੁਕੇ ਸਨ। ਰਸਤੇ ਵਿਚ ਸਵੇਰੇ ਸ਼ਾਮ ਸਤਿਸੰਗ ਹੋਣ ਲੱਗ ਪਿਆ—ਇਲਾਹੀ ਕੀਰਤਨ ਦੀ ਵਰਖਾ ਹੁੰਦੀ।

ਮਦੀਨੇ ਤੋਂ ਹਾਜੀ ਆਪਣੇ ਆਪਣੇ ਦੇਸ਼ ਪਰਤ ਪੈਂਦੇ ਹਨ। ਸਤਿਗੁਰੂ ਜੀ ਵੀ ਪੰਜਾਬ ਨੂੰ ਪਰਤ ਪਏ। ਛੇ ਕੁ ਸੌ ਮੀਲਾਂ ਦੀ ਵਿਥ ਤੇ ਬਸਰੇ ਪੁੱਜੇ, ਉਥੋਂ ਬਗਦਾਦ ਨੂੰ ਚੱਲ ਪਏ। ਰਸਤੇ ਵਿਚ ਕਰਬਲਾ ਗਏ, ਜਿਥੇ 'ਖਿਲਾਫਤ' ਦੇ ਝਗੜੇ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਦੋਹਤ੍ਰਾ ਇਮਾਮ ਹੁਸੈਨ 18 ਅਕਤੂਬਰ, ਸੰਨ 680 ਨੂੰ ਮਾਰਿਆ ਗਿਆ ਸੀ। ਹਾਜੀ ਲੋਕ ਇਥੇ ਵੀ ਆਉਂਦੇ ਹਨ।

ਬਗਦਾਦ ਵਿਚ—ਕਰਬਲਾ ਤੋਂ ਬਗਦਾਦ ਪੁੱਜੇ। ਇਥੇ ਲੋਕਾਂ ਦਾ ਇਕ ਹੋਰ ਭਰਮ ਤੋੜਿਆ। ਮੁਸਲਮਾਨ ਇਹ ਸਮਝਦੇ ਸਨ ਕਿ ਸੰਗੀਤ ਦੀ ਵਰਤੋਂ ਨਾਚੀਆਂ ਜਾਂ ਕੰਜਰੀਆਂ ਕਰਦੀਆਂ ਹਨ, ਇਸ ਲਈ ਖ਼ੁਦਾ ਦੀ ਬੰਦਗੀ ਵਿਚ ਇਸ ਦੀ ਕੋਈ ਥਾਂ ਨਹੀਂ। ਇਸ ਵਿਸ਼ਵਾਸ ਦੇ ਅਧੀਨ ਹੀ ਉਹ ਰਾਗ ਨੂੰ ਹਰਾਮ ਕਹਿੰਦੇ ਸਨ। ਸਤਿਗੁਰਾਂ ਨੇ ਉਨ੍ਹਾਂ ਨੂੰ (ਬਗਦਾਦ ਵਾਸੀਆਂ ਨੂੰ) ਸਮਝਾਇਆ ਕਿ ਸੰਗੀਤ ਜਾਂ ਰਾਗ ਆਪਣੇ ਆਪ ਵਿਚ ਮਾੜਾ ਨਹੀਂ, ਸਗੋਂ ਮਾੜੀ ਜਾਂ ਚੰਗੀ ਤਾਂ ਇਸ ਦੀ ਵਰਤੋਂ ਹੈ। ਇਸਦੀ ਵਰਤੋਂ ਕਾਮ-ਉਕਸਾਊ ਰਚਨਾਵਾਂ ਨੂੰ ਗਾਉਣ ਲਈ ਕੀਤੀ ਜਾਵੇ, ਤਾਂ ਤੇ ਇਹ ਨਿਸਚੇ ਹੀ 'ਮਾੜਾ' ਹੁੰਦਾ ਹੈ, ਪਰ ਜੇ ਇਸ ਦੀ ਵਰਤੋਂ ਪ੍ਰਭੂ ਦੀ ਸਿਫਤ-ਸਲਾਹ ਦੇ ਸ਼ਬਦਾਂ ਨੂੰ ਗਾਉਣ ਲਈ ਕੀਤੀ ਜਾਵੇ ਤਾਂ ਇਹ ਸਰਬੋਤਮ ਵਸਤੂ ਹੋ ਨਿਬੜਦਾ ਹੈ।

ਕੀਰਤਨ ਇਕ ਅਜਿਹਾ ਸਾਧਨ ਹੈ, ਜਿਹੜਾ ਮਨੁੱਖ ਦੀ ਸੁਰਤ ਨੂੰ ਪ੍ਰਭੂ ਨਾਲ ਜੋੜਨ ਵਿਚ ਸਭ ਤੋਂ ਵੱਧ ਸਹਾਈ ਹੁੰਦਾ ਹੈ। ਇਸ ਗੱਲ ਦਾ ਪ੍ਰਤੱਖ ਸਬੂਤ ਗੁਰੂ ਜੀ ਨੇ ਬਗਦਾਦ ਵਿਚ ਹੀ ਦਿਤਾ ਸੀ।

ਸ਼ਹਿਰ ਤੋਂ ਬਾਹਰ ਸਤਿਗੁਰਾਂ ਨੇ ਇਲਾਹੀ ਕੀਰਤਨ ਕਰਨਾ ਆਰੰਭ ਕਰ ਦਿਤਾ। ਪਲਾਂ ਵਿਚ ਹੀ ਇਹ ਖਬਰ ਪੀਰ ਦਸਤਗੀਰ ਅਤੇ ਹੋਰਨਾਂ ਮੁੱਲਾਂ-ਮੌਲਾਣਿਆਂ ਤਕ ਪੁੱਜ ਗਈ ਕਿ ਮੁਸਲਮਾਨੀ ਸ਼ਹਿਰ ਵਿਚ ਕੋਈ ਸਾਧੂ ਗਾ ਕੇ ਬੰਦਗੀ ਕਰ ਰਿਹਾ ਹੈ। ਫਿਰ ਕੀ ਸੀ, ਮੁਸਲਮਾਨੀ ਆਗੂ ਅਤੇ ਉਨ੍ਹਾਂ ਦੇ ਅਨੁਯਾਈ ਹੱਥਾਂ ਵਿਚ ਪੱਥਰ ਚੁੱਕ ਕੇ ਉਧਰ ਨੂੰ ਵਾਹੋ ਦਾਹੀ ਨੱਸ ਪਏ, ਜਿਧਰ ਸਤਿਗੁਰੂ ਬਾਬਾ ਜੀ ਕੀਰਤਨ ਕਰ ਰਹੇ ਸਨ। ਉਥੇ ਪੁੱਜੇ, ਪੱਥਰ ਹੱਥਾਂ ਵਿਚ ਫੜੇ ਹੀ ਰਹਿ ਗਏ। ਸਤਿਗੁਰਾਂ ਦੇ ਤੇਜਸਵੀ ਚਿਹਰੇ, ਅਡੋਲਤਾ, ਨਿਰਭੈਤਾ ਅਤੇ ਕੀਰਤਨ ਦੀਆਂ ਮਧੁਰ ਧੁਨਾਂ ਨੇ ਉਨ੍ਹਾਂ ਲੋਕਾਂ ਤੇ ਅਜਿਹਾ ਪ੍ਰਭਾਵ ਪਾਇਆ ਕਿ ਸਭ ਨੇ ਪੱਥਰ ਸੁੱਟ ਘੱਤੇ। ਜੋ ਆਉਂਦਾ ਸਤਿਗੁਰਾਂ ਦੇ ਚਰਨਾਂ ਵਿਚ ਬੈਠ ਜਾਂਦਾ ਅਤੇ ਪ੍ਰਭੂ ਦੀ ਉਸਤਤ ਸੁਣ ਕੇ ਝੂਮਣ ਲਗ ਜਾਂਦਾ।

ਇਥੇ ਸਤਿਗੁਰਾਂ ਦੀ ਪੀਰ ਦਸਤਗੀਰ ਅਤੇ ਸ਼ੇਖ ਬਹਿਲੋਲ ਨਾਲ ਧਰਮ ਚਰਚਾ ਹੋਈ। ਇਸ ਚਰਚਾ ਵਿਚ ਸਤਿਗੁਰਾਂ ਨੇ ਬਗਦਾਦ ਦੇ ਲੋਕਾਂ ਨੂੰ ਇਹ ਵੀ ਸਮਝਾਇਆ ਕਿ ਖ਼ੁਦਾ ਸਰਬ-ਵਿਆਪਕ ਹੈ, ਉਹ (ਮੁਸਲਮਾਨੀ ਵਿਸ਼ਵਾਸ ਅਨੁਸਾਰ) ਕਿਸੇ ਸੱਤਵੇਂ ਅਸਮਾਨ ਉਤੇ ਨਹੀਂ ਰਹਿੰਦਾ। ਇਹ ਵੀ ਦੱਸਿਆ ਕਿ ਅਕਾਲ ਪੁਰਖ ਦੀ ਰਚਨਾ ਵਿਚ ਅਨੇਕਾਂ ਹੀ ਪਾਤਾਲ ਅਤੇ ਆਕਾਸ਼ ਹਨ; ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ।

ਬਗਦਾਦ ਨਿਵਾਸੀ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਉਨ੍ਹਾਂ ਨੇ ਸਤਿਗੁਰਾਂ ਦੇ ਉਥੇ ਜਾਣ ਦੀ ਯਾਦ ਵਿਚ ਤੁਰਕੀ ਬੋਲੀ ਵਿਚ 'ਕੁਤਬਾ' ਲਾਇਆ ਹੋਇਆ ਹੈ, ਜੋ ਕਿ ਹੁਣ ਰੇਲਵੇ ਸਟੇਸ਼ਨ ਬਗਦਾਦ ਤੋਂ ਡੇਢ ਮੀਲ ਦੀ ਦੂਰੀ ਉਤੇ ਹੈ। ਇਸ ਦਾ ਪੰਜਾਬੀ ਅਨੁਵਾਦ ਇਸ ਪ੍ਰਕਾਰ ਹੈ :—

"ਦੇਖੋ, ਹਜ਼ਰਤ ਪਰਵਦਗਾਰ ਬਜ਼ੁਰਗ ਨੇ ਕੇਹੀ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਤਾਅਮੀਰ ਨਵੇਂ ਸਿਰੇ ਬਣ ਗਈ। ਸੱਤ ਵੱਡੇ ਵਲੀਆਂ ਨੇ ਇਸ ਵਿਚ ਸਹਾਇਤਾ ਕੀਤੀ। ਉਸਦੀ ਤਾਰੀਖ਼ ਇਹ ਨਿਕਲੀ ਕਿ ਨੇਕ ਬਖ਼ਤ ਮੁਰੀਦ ਨੇ ਪਾਣੀ ਲਈ ਜ਼ਮੀਨ ਵਿਚ ਫੈਜ਼ ਦਾ ਚਸ਼ਮਾਂ ਜਾਰੀ ਕਰ ਦਿਤਾ।"

ਇਸ ਕੁਤਬੇ ਦੇ ਨੇੜੇ ਹੀ ਇਕ ਮਿਠੇ ਪਾਣੀ ਦਾ ਖੂਹ ਹੈ, ਜੋ ਸਤਿਗੁਰਾਂ ਲਗਵਾਇਆ ਸੀ। ਇਲਾਕੇ ਦੇ ਹੋਰਨਾਂ ਖੂਹਾਂ ਦਾ ਪਾਣੀ ਖਾਰਾ ਹੈ, ਪਰ ਇਸਦਾ ਪਾਣੀ ਮਿਠਾ ਹੈ। ਉਪ੍ਰੋਕਤ 'ਕੁਤਬੇ' ਵਿਚ ਇਸੇ ਖੂਹ ਨੂੰ 'ਫੈਜ਼ ਦਾ ਚਸ਼ਮਾ' ਆਖਿਆ ਗਿਆ ਹੈ।

**ਪੰਜਾਬ ਨੂੰ ਵਾਪਸੀ** — ਬਗਦਾਦ ਤੋਂ ਸਤਿਗੁਰੂ ਜੀ ਆਪਣੇ ਦੇਸ਼ ਪਰਤ ਪਏ। ਈਰਾਨ, ਤੁਰਕਿਸਤਾਨ ਹੁੰਦੇ ਹੋਏ ਅਫਗਾਨਿਸਤਾਨ ਦੇ ਸ਼ਹਿਰ ਕਾਬਲ ਪੁੱਜੇ। ਸਤਿਗੁਰਾਂ ਦੇ ਆਗਮਨ ਦੀ ਯਾਦ ਵਿਚ ਇਥੇ ਇਕ ਧਰਮਸਾਲ ਕਾਇਮ ਹੈ।

ਕਾਬਲ ਤੋਂ ਜਲਾਲਾਬਾਦ ਪੁੱਜੇ। ਇਥੇ ਆਪ ਦੀ ਯਾਦ ਵਿਚ ਚਸ਼ਮਾ ਅਤੇ ਧਰਮਸਾਲ ਹੈ, ਜਿਸਦਾ ਨਾਮ "ਚੋਹਾ ਸਾਹਿਬ" ਹੈ। ਉਥੋਂ ਚੱਲ ਕੇ ਸ਼ਾਹੀ ਰਸਤੇ ਰਾਹੀਂ ਦੱਰਾ ਖ਼ੈਬਰ ਪਾਰ ਕਰਕੇ ਪਿਸ਼ਾਵਰ ਪੁੱਜੇ, ਤੇ ਉਥੋਂ ਹਸਨ ਅਬਦਾਲ ਆ ਗਏ।

ਹਸਨ ਅਬਦਾਲ-ਪੰਜਾ ਸਾਹਿਬ – ਇਥੇ ਵਲੀ ਕੰਧਾਰੀ ਦਾ ਮਾਣ ਤੋੜਿਆ। ਇਹ ਫ਼ਕੀਰ ਕਰਾਮਾਤਾਂ ਦੇ ਆਸਰੇ ਲੋਕਾਂ ਉਤੇ ਆਪਣਾ ਪ੍ਰਭਾਵ ਪਾਈ ਰਖਦਾ ਸੀ। ਉਸਦੇ 'ਸਰਾਪ' ਦੇ ਡਰ ਕਾਰਨ ਲੋਕ ਉਸਦੇ ਡੇਰੇ ਵਿਚ ਆਉਂਦੇ ਰਹਿੰਦੇ ਸਨ ਅਤੇ ਭੇਟਾਵਾਂ ਚਾੜ੍ਹਦੇ ਰਹਿੰਦੇ ਸਨ। ਉਹ ਇਕ ਛੋਟੀ ਜਿਹੀ ਪਹਾੜੀ ਦੇ ਉਤੇ ਰਹਿੰਦਾ ਸੀ। ਭਾਈ ਮਰਦਾਨਾ ਜੀ ਉਸ ਕੋਲ ਪਾਣੀ ਪੀਣ ਗਏ ਅਤੇ ਸਤਿਗੁਰਾਂ ਦੀ ਆਮਦ ਬਾਰੇ ਦੱਸਿਆ। ਪਾਣੀ ਦੇਣ ਦੀ ਥਾਂ ਫ਼ਕੀਰ ਨੇ ਉਲਟਾ ਆਖਿਆ ਕਿ ਜੇ ਤੇਰਾ ਗੁਰੂ ਇੰਨੀ ਅਜ਼ਮਤ ਵਾਲਾ ਹੈ, ਤਾਂ ਆਤਮਕ ਸ਼ਕਤੀ ਨਾਲ ਪਾਣੀ ਥੱਲੇ ਲੈ ਜਾਵੇ। ਭਾਈ ਮਰਦਾਨਾ ਜੀ ਮੁੜ ਆਏ, ਸਾਰੀ ਗੱਲ ਸਤਿਗੁਰਾਂ ਨੂੰ ਦੱਸੀ। ਗੁਰੂ ਜੀ ਦੇ ਕਹਿਣ ਉਤੇ ਆਪ ਦੋ-ਤਿੰਨ ਵਾਰ ਵਲੀ ਕੋਲ ਪਾਣੀ ਲੈਣ ਗਏ, ਪਰ ਨਿਰਾਸਤਾ ਹੀ ਹੋਈ। ਅੰਤ, ਸਤਿਗੁਰਾਂ ਨੇ ਪਹਾੜੀ ਦੇ ਥਲਿਓਂ ਇਕ ਪੱਥਰ ਚੁਕਿਆ ਤਾਂ ਉਥੇ ਝਰਨਾ ਵਹਿ ਤੁਰਿਆ। ਫ਼ਕੀਰ ਨੇ ਗੁੱਸੇ ਵਿਚ ਉਪਰੋਂ ਇਕ ਭਾਰਾ ਪੱਥਰ ਹੇਠਾਂ ਵੱਲ ਰੋੜ ਦਿਤਾ। ਥੱਲੇ ਮਰਦਾਨਾ ਜੀ ਪਾਣੀ ਪੀ ਰਹੇ ਸਨ। ਸਤਿਗੁਰਾਂ ਨੇ ਖੜੇ ਕੇ ਉਸ ਪੱਥਰ ਨੂੰ ਹੱਥ ਨਾਲ ਫੜ ਲਿਆ ਤੇ ਪੱਥਰ ਉਥੇ ਹੀ ਰੁਕ ਗਿਆ। ਇਸ ਪੱਥਰ ਉਤੇ ਸਤਿਗੁਰਾਂ ਦੇ ਪੰਜੇ ਦਾ ਨਿਸ਼ਾਨ ਅਜੇ ਤੱਕ ਕਾਇਮ ਹੈ। ਵਲੀ ਬਹੁਤ ਹੈਰਾਨ ਹੋਇਆ ਅਤੇ ਇਹ ਸਮਝ ਕੇ ਕਿ ਭਾਈ ਮਰਦਾਨਾ ਜੀ ਦਾ ਗੁਰੂ, ਅੱਲਾ ਤਕ ਪਹੁੰਚਿਆ ਹੋਇਆ ਬੰਦਾ ਹੈ, ਪਹਾੜੀ ਦੇ ਹੇਠਾਂ ਆਇਆ ਤੇ ਸਤਿਗੁਰਾਂ ਦੇ ਚਰਨਾਂ ਉਤੇ ਢਹਿ ਪਿਆ। ਗੁਰੂ ਜੀ ਨੇ ਉਸਨੂੰ ਸਮਝਾਇਆ ਕਿ ਪ੍ਰਭੂ ਦੇ ਬੰਦਿਆਂ ਦਾ ਕੰਮ ਲੋਕਾਂ ਨੂੰ ਕਰਾਮਤਾਂ ਵਿਖਾ ਕੇ ਪ੍ਰੇਸ਼ਾਨ ਕਰਨਾ ਅਤੇ ਆਪਣੇ ਚੇਲੇ-ਚਾਟੜੇ ਬਣਾਉਣਾ ਨਹੀਂ ਹੈ, ਸਗੋਂ ਨਿਰਮਲ ਮਨ ਨਾਲ ਖ਼ੁਦਾ ਦੀ ਬੰਦਗੀ ਕਰਨਾ ਅਤੇ ਖ਼ੁਦਾ ਦੀ ਸੰਤਾਨ—ਮਨੁੱਖ ਜਾਤੀ—ਦੀ ਸੇਵਾ ਕਰਨਾ ਹੈ। ਇਥੇ ਹੁਣ ਪ੍ਰਸਿਧ ਇਤਿਹਾਸਕ ਗੁਰਦੁਆਰਾ, ਪੰਜਾ ਸਾਹਿਬ ਕਾਇਮ ਹੈ।

ਸੈਦਪੁਰ ਵੱਲ—ਹਸਨ ਅਬਦਾਲ ਤੋਂ ਸੈਦਪੁਰ ਵੱਲ ਤੁਰ ਪਏ। ਰਸਤੇ ਵਿਚ ਜ਼ਿਲਾ ਗੁਜਰਾਤ ਦੇ ਨਗਰ ਡਿੰਗਾ ਵਿਖੇ ਇਕ ਯੋਗੀ-ਸਾਧੂ ਨੂੰ ਚਾਲੀਹੇ ਕੱਟ ਕੇ ਲੋਕਾਂ ਵਲੋਂ ਵਾਹ-ਵਾਹ ਕਰਵਾਉਣ ਤੋਂ ਰੋਕਿਆ। ਉਸਨੂੰ ਪ੍ਰਮਾਤਮਾ ਦੀ ਸਿਫ਼ਤ ਸਲਾਹ ਵਿਚ ਜੁੜਨ ਦਾ ਉਪਦੇਸ਼ ਦਿਤਾ। ਪਿੰਡ ਪਿੰਡ ਧਰਮ-ਪਰਚਾਰ ਕਰਦੇ ਹੋਏ ਸਤਿਗੁਰੂ ਜੀ ਸੈਦਪੁਰ ਪੁੱਜੇ। ਇਥੇ ਉਨ੍ਹਾਂ ਦਾ ਸ਼ਰਧਾਲੂ ਭਾਈ ਲਾਲੋ ਰਹਿੰਦਾ ਸੀ, ਜਿਸ ਪਾਸ ਪਹਿਲੀ ਉਦਾਸੀ ਦੇ ਆਰੰਭ ਵਿਚ ਹੀ ਆਏ ਸਨ। ਹੁਣ ਵੀ ਉਸ ਪਾਸ ਜਾ ਠਹਿਰੇ। ਖਬਰਾਂ ਪੁੱਜੀਆਂ ਕਿ ਬਾਬਰ ਕਾਬਲ ਤੋਂ ਚੜ੍ਹਾਈ ਕਰਕੇ ਆ ਰਿਹਾ ਹੈ।

ਹੋਣ ਵਾਲੀ ਲੁੱਟ-ਮਾਰ ਦੇ ਡਰ ਕਾਰਨ ਲੋਕ ਭੈ-ਭੀਤ ਹੋ ਗਏ। ਸਤਿਗੁਰਾਂ ਨੇ ਲੋਕਾਂ ਨੂੰ ਨਿਡਰ ਹੋਣ ਦਾ ਉਪਦੇਸ਼ ਦਿਤਾ। ਸਤਿਗੁਰੂ ਆਪ ਵੀ ਉਥੇ ਹੀ ਰਹੇ ਤਾਂ ਜੋ ਲੋਕਾਂ ਦਾ ਧੀਰਜ ਨਾ ਟੁੱਟੇ ਅਤੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨ ਦੀ ਅਮਲੀ ਸਿਖਿਆ ਦਿਤੀ ਜਾ ਸਕੇ।

ਬਾਬਰ ਨੇ ਹਮਲਾ ਕਰ ਦਿਤਾ। ਉਧਰ ਪਠਾਣ ਹਾਕਮਾਂ ਨੇ ਮੁਕਾਬਲਾ ਕਰਨ ਦੀ ਥਾਂ ਮੁਲਾਣਿਆਂ ਨੂੰ ਕਲਾਮਾਂ ਪੜ੍ਹਨ (ਕੁਰਾਨ ਦਾ ਪਾਠ ਕਰਨ) ਤੇ ਲਾ ਦਿਤਾ, ਤਾਂ ਜੁ ਆਫ਼ਤ ਤੋਂ ਬਚਿਆ ਜਾ ਸਕੇ। ਉਧਰ ਬਾਬਰ ਨੇ ਲੁੱਟ ਮਚਾ ਦਿਤੀ। ਲੁੱਟ, ਕਤਲ, ਸਾੜ-ਫੂਕ ਤੇ ਇਸਤ੍ਰੀਆਂ ਉਪਰ ਹੋਏ ਅਤਿਆਚਾਰਾਂ ਕਾਰਨ ਸਭ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਿਆ। ਜੋ ਮਰਦ-ਇਸਤ੍ਰੀਆਂ ਬਚ ਗਏ, ਉਹਨਾਂ ਨੂੰ ਕੈਦ ਕਰ ਲਿਆ ਗਿਆ। ਸਤਿਗੁਰੂ ਜੀ ਤੇ ਭਾਈ ਮਰਦਾਨਾ ਜੀ ਵੀ ਕੈਦ ਹੋ ਗਏ। ਕੈਦ ਵਿੱਚ ਹੀ ਸਤਿਗੁਰੂ ਜੀ ਬਾਬਰ ਦੇ ਜ਼ੁਲਮਾਂ ਬਾਰੇ ਦੂਜੇ ਕੈਦੀਆਂ ਨਾਲ ਨਿਡਰ ਹੋ ਕੇ ਗੱਲਾਂ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਨਿਰਭਉ ਹੋਣ ਦੀ ਪ੍ਰੇਰਨਾ ਦੇ ਰਹੇ ਸਨ। ਜਿਥੇ ਹੋਰ ਕੈਦੀ ਡਰੇ ਤੇ ਸਹਿਮੇ ਹੋਏ ਸਨ, ਉਥੇ ਗੁਰੂ ਪਾਤਸ਼ਾਹ ਚੜ੍ਹਦੀਆਂ ਕਲਾਂ ਵਿਚ ਸਨ। ਬਾਬਰ ਨੂੰ ਇਸ ਅਨੋਖੇ ਅਤੇ ਨਿਧੜਕ "ਫ਼ਕੀਰ" ਬਾਰੇ ਖ਼ਬਰ ਪਹੁੰਚਾਈ ਗਈ। ਉਹ ਸਤਿਗੁਰਾਂ ਨੂੰ ਮਿਲਿਆ। ਗੁਰੂ ਜੀ ਨੇ ਬੜੀ ਨਿਡਰਤਾ ਨਾਲ ਬਾਬਰ ਨੂੰ ਸਮਝਾਇਆ ਕਿ ਖ਼ੁਦਾ ਦੀ ਖਲਕਤ ਨੂੰ ਤੰਗ ਕਰਨ ਨਾਲ ਮਨੁੱਖ ਨੂੰ ਕਦੇ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ। ਸਤਿਗੁਰਾਂ ਦੀ ਨਿਡਰਤਾ ਅਤੇ ਫਕੀਰੀ ਬਾਣੇ ਨੂੰ ਵੇਖ ਕੇ ਬਾਬਰ ਡਰ ਗਿਆ, ਅਤੇ ਉਸ ਨੇ ਸਾਰੇ ਕੈਦੀਆਂ ਨੂੰ ਰਿਹਾ ਕਰਨ ਦਾ ਹੁਕਮ ਦੇ ਦਿਤਾ। ਉਧਰੋਂ ਖ਼ਬਰਾਂ ਪੁੱਜੀਆਂ ਕਿ ਕੰਧਾਰ ਉਤੇ ਹਮਲਾ ਹੋ ਗਿਆ ਹੈ। ਬਾਬਰ ਵਾਪਸ ਪਰਤ ਗਿਆ।

ਬਾਬਰ ਦੇ ਇਸ ਹਮਲੇ ਬਾਰੇ ਸਤਿਗੁਰਾਂ ਨੇ ਹੇਠ ਲਿਖੇ ਚਾਰ ਸ਼ਬਦ ਉਚਾਰੇ ਹਨ :

1) ਆਸਾ ਮਹਲਾ ੧, ਪੰਨਾ ੩੬੦ (ਖੁਰਾਸਾਨ ਖਸਮਾਨਾ ਕੀਆ...)
2) ਆਸਾ ਮਹਲਾ ੧, ਅਸਟਪਦੀਆਂ, ਪੰਨਾ ੪੧੭ (ਜਿਨਿ ਸਿਰਿ ਸੋਹਨਿ ਪਟੀਆਂ...)
3) ਆਸਾ ਮਹਲਾ ੧, ਪੰਨਾ ੪੧੭ (ਕਹਾ ਸੁ ਖੇਲ ਤਬੇਲਾ ਘੋੜੇ...)
4) ਤਿਲੰਗ ਮਹਲਾ ੧, ਪੰਨਾ ੭੨੨ (ਜੈਸੀ ਮੈ ਆਵੈ ਖਸਮ ਕੀ ਬਾਣੀ...)

ਇਨ੍ਹਾਂ ਸ਼ਬਦਾਂ ਵਿਚ ਜਿਥੇ ਸਤਿਗੁਰਾਂ ਨੇ ਬਾਬਰ ਨੂੰ ਪਾਪ ਦੀ ਜੰਞ ਲੈ ਕੇ ਲੋਕਾਂ ਤੋਂ ਜ਼ੁਲਮ ਕਰਕੇ 'ਦਾਨ' ਖੋਹਣ ਵਾਲਾ ਲੁਟੇਰਾ ਆਖਿਆ ਹੈ, ਉਥੇ ਜੰਗ ਸਮੇਂ ਮੱਚੀ ਲੁੱਟ, ਹਾਹਾਕਾਰ, ਇਸਤ੍ਰੀਆਂ ਦੀ ਹੋਈ ਬੇਪਤੀ ਦਾ ਭੀ ਬੜਾ ਕਰੁਣਾਮਈ ਜ਼ਿਕਰ ਕੀਤਾ ਹੈ। ਇਥੋਂ ਦੇ ਪਠਾਣ ਹਾਕਮਾਂ ਨੂੰ ਵੀ ਖਰੀਆਂ-ਖਰੀਆਂ

ਸੁਣਾਈਆਂ ਹਨ ਕਿ ਉਹ ਜਨਤਾ ਨੂੰ ਚੰਗਾ-ਰਾਜ ਪ੍ਰਬੰਧ ਦੇਣ ਦੀ ਥਾਂ ਉਤੇ ਆਪਣੇ ਮਹਿਲਾਂ ਵਿਚ ਰੰਗ-ਰਲੀਆਂ ਮਨਾਉਣ ਵਿਚ ਹੀ ਉਲਝੇ ਰਹੇ। ਹਮਲੇ ਤੋਂ ਪਹਿਲਾਂ ਵੀ ਉਨ੍ਹਾਂ ਮੁਕਾਬਲੇ ਲਈ ਤਿਆਰੀ ਨਾ ਕੀਤੀ। ਜਦ ਹਮਲਾ ਹੋਇਆ ਤਾਂ ਫੌਜਾਂ ਨੂੰ ਜੰਗ ਵਿਚ ਜੂਝਣ ਦੀ ਹੱਲਾ ਸ਼ੇਰੀ ਦੇਣ ਦੀ ਥਾਂ ਉਤੇ ਮੌਲਵੀਆਂ ਪਾਸੋਂ ਧਰਮ ਪੁਸਤਕਾਂ ਦੇ ਪਾਠ ਆਰੰਭ ਕਰਵਾ ਦਿਤੇ। ...ਜੇ ਉਨ੍ਹਾਂ ਦੀ ਹਾਰ ਨਾ ਹੁੰਦੀ, ਤਾਂ ਕੀ ਹੁੰਦਾ? ਇਹ ਹੋਣਾ ਹੀ ਸੀ, ਕਿਉਂਕਿ—

'ਅਗੋ ਦੇ ਜੇ ਚੇਤੀਐ, ਤਾਂ ਕਾਇਤੁ ਮਿਲੈ ਸਜਾਇ।'

ਉਜੜੇ-ਪੁਜੜੇ ਤੇ ਡਰੇ ਹੋਏ ਲੋਕਾਂ ਨੂੰ ਢਾਰਸ ਦੇਣ ਲਈ ਗੁਰੂ ਜੀ ਕੁਝ ਦਿਨ ਸੈਦਪੁਰ (ਅੱਜ ਕੱਲ੍ਹ ਐਮਨਾਬਾਦ) ਵਿਚ ਹੀ ਠਹਿਰੇ ਰਹੇ।

ਸੈਦਪੁਰ ਤੋਂ ਚੱਲ ਕੇ ਆਪਣੀ ਵਸਾਈ ਨਗਰੀ ਕਰਤਾਰਪੁਰ ਆ ਪਹੁੰਚੇ। ਇੰਞ ਤੀਜੀ ਉਦਾਸੀ ਸਮਾਪਤ ਹੋਈ। ਉਦੋਂ ਸੰਨ 1521 ਦਾ ਨਵੰਬਰ ਮਹੀਨਾ ਸੀ।

# ਉਦਾਸੀਆਂ ਦੇ ਮਗਰੋਂ

(1521-1539)

ਵੱਡੇ ਵੱਡੇ ਪਰਚਾਰ-ਦੌਰੇ ਖਤਮ ਕਰਨ ਮਗਰੋਂ ਗੁਰੂ ਜੀ ਨੇ ਬਾਕੀ ਉਮਰ ਕਰਤਾਰਪੁਰ ਵਿਚ ਗੁਜ਼ਾਰਨ ਦਾ ਫੈਸਲਾ ਕੀਤਾ ਅਤੇ ਉਮਰ ਦੇ ਆਖਰੀ 18 ਸਾਲ ਇਥੇ ਹੀ ਗੁਜ਼ਾਰੇ। ਇਥੇ ਆਕੇ ਵੀ ਆਪ ਪੰਜਾਬ (ਅੱਜ ਕੱਲ ਦੇ ਪੰਜਾਬ ਹਰਿਆਣਾ ਤੇ ਹਿਮਾਚਲ) ਵਿਚ ਦੂਰ ਦੂਰ ਤਕ ਧਰਮ-ਪਰਚਾਰ ਕਰਨ ਜਾਂਦੇ ਰਹੇ। ਬਿਰਧ ਉਮਰ ਵਿਚ ਵੀ ਗੁਰੂ ਜੀ ਕਰਤਾਰਪੁਰੋਂ ਚਲਦੇ ਅਤੇ ਦੋ-ਦੋ, ਤਿੰਨ-ਤਿੰਨ ਸੌ ਮੀਲ ਦੀ ਪ੍ਰਚਾਰ ਫੇਰੀ ਲਾ ਕੇ ਵਾਪਿਸ ਆ ਜਾਂਦੇ।

ਕਰਤਾਰਪੁਰ ਵਿਚ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਨਾਮ ਜਪਣ, ਧਰਮ ਦੀ ਕਿਰਤ ਕਰਨ ਅਤੇ ਵੰਡ ਛਕਣ ਦੀ ਅਮਲੀ ਸਿਖਿਆ ਦਿਤੀ। ਅੰਮ੍ਰਿਤ ਵੇਲੇ 'ਜਪੁਜੀ' ਤੇ ਹੋਰ ਬਾਣੀਆਂ ਦੇ ਪਾਠ ਮਗਰੋਂ ਕੀਰਤਨ ਦੀ ਝੜੀ ਲੱਗ ਜਾਂਦੀ। ਫਿਰ ਸਤਿਗੁਰੂ ਜੀ ਤੇ ਹੋਰ ਲੋਕੀਂ ਆਪਣੇ ਆਪਣੇ ਖੇਤਾਂ ਵਿਚ ਚਲੇ ਜਾਂਦੇ ਜਾਂ ਹੋਰਨਾਂ ਕੰਮਾਂ ਵਿਚ ਰੁਝ ਜਾਂਦੇ। ਲੋਕੀਂ ਆਪਣੀ ਕਿਰਤ ਕਮਾਈ ਦਾ ਕੁਝ ਹਿੱਸਾ ਅਨਾਜ ਦੇ ਰੂਪ ਵਿਚ ਧਰਮਸਾਲਾ ਵਿਚ ਦਿੰਦੇ, ਜਿਸ ਨਾਲ ਲੰਗਰ ਜਾਰੀ ਰਹਿੰਦਾ ਅਤੇ ਲੋੜਵੰਦਾਂ ਦੀਆਂ ਹੋਰ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ। ਸ਼ਾਮ ਨੂੰ ਫਿਰ 'ਸੋ-ਦਰੁ' ਦਾ ਪਾਠ ਹੁੰਦਾ, ਸਤਿਗੁਰੂ ਜੀ ਲੋਕਾਂ ਨੂੰ ਆਪਣੇ ਧਰਮ ਦੇ ਸਿਧਾਂਤਾਂ ਤੋਂ ਜਾਣੂ ਕਰਾਉਂਦੇ ਅਤੇ ਫਿਰ ਪ੍ਰਭੂ ਦੀ ਸਿਫਤ ਸਲਾਹ ਗਾਇਨ ਕੀਤੀ ਜਾਂਦੀ।

ਜਿਵੇਂ ਉਪਰ ਲਿਖਿਆ ਹੈ, ਕਰਤਾਰਪੁਰ ਤੋਂ ਗੁਰੂ ਜੀ ਪਿੰਡ-ਪਿੰਡ ਧਰਮ ਪ੍ਰਚਾਰ ਲਈ ਗਏ। ਕਈ ਥਾਈਂ ਤਾਂ ਗੁਰੂ ਜੀ ਦੀ ਆਗਮਨ ਦੀ ਯਾਦ ਵਿਚ ਗੁਰਦੁਆਰੇ ਵੀ ਬਣੇ ਹੋਏ ਹਨ। ਸਿਆਲਕੋਟ, ਅੱਜ ਕੱਲ ਦੇ ਜਿਲਾ ਅੰਮ੍ਰਿਤਸਰ, ਗੁਰਦਾਸਪੁਰ, ਲਾਹੌਰ, ਮਿੰਟਗੁਮਰੀ, ਫੀਰੋਜ਼ਪੁਰ, ਲੁਧਿਆਣਾ, ਪਟਿਆਲਾ, ਹੁਸ਼ਿਆਰਪੁਰ ਆਦਿਕ ਜ਼ਿਲਿਆਂ ਦੇ ਕਈ ਪਿੰਡਾਂ ਵਿਚ ਅਜਿਹੇ ਯਾਦਗਾਰੀ ਗੁਰਦੁਆਰੇ ਬਣੇ ਹੋਏ ਹਨ। ਅਜੋਕੇ ਜ਼ਿਲਾ ਰੋਪੜ ਵਿਚ, ਜਿਥੇ ਹੁਣ ਕੀਰਤਪੁਰ ਵਸਿਆ ਹੋਇਆ ਹੈ, ਸਾਈਂ ਬੁੱਢਣ ਸ਼ਾਹ ਜੀ ਨੂੰ ਮਿਲੇ। ਪਿੰਜੌਰ (ਚੰਡੀਗੜ੍ਹ ਦੇ ਨੇੜੇ), ਸ਼ਿਮਲੇ ਦੀ ਰਿਆਸਤ ਬਸ਼ਹਰ ਵਿਚ ਵੀ ਗਏ।

ਸਤਿਗੁਰਾਂ ਦਾ ਬਿਰਧ ਉਮਰ ਵਿਚ ਵੀ ਥਾਂ-ਥਾਂ ਜਾਕੇ ਧਰਮ ਪਰਚਾਰ ਕਰਨਾ ਇਹ ਗੱਲ ਦ੍ਰਿੜ ਕਰਾਉਂਦਾ ਹੈ ਕਿ ਭਾਵੇਂ ਕੋਈ ਧਰਮ ਕਿੰਨਾ ਵੀ ਚੰਗਾ ਹੋਵੇ ਉਹ ਪ੍ਰਚਾਰ ਤੋਂ ਬਿਨਾਂ ਫੈਲ ਨਹੀਂ ਸਕਦਾ। ਧਰਮ ਪਰਚਾਰ ਲਈ ਜਿਥੇ ਪਰਚਾਰਕ ਨੂੰ ਗਿਆਨਵਾਨ ਅਤੇ ਉਚੇ-ਸੁੱਚੇ ਅਮਲੀ ਜੀਵਨ ਵਾਲਾ ਹੋਣ ਦੀ

ਲੋੜ ਹੈ; ਉਥੇ ਇਨ੍ਹਾਂ ਗੁਣਾਂ ਤੋਂ ਵੀ ਵਧ ਧਰਮ ਪ੍ਰਚਾਰ ਲਈ ਤੀਬਰ ਲਗਨ (ਹੁੱਬ) ਦੀ ਵੀ ਲੋੜ ਹੁੰਦੀ ਹੈ।

ਅਚਲ, ਮੁਲਤਾਨ ਤੇ ਸਿਆਲਕੋਟ ਦੀ ਪਰਚਾਰ ਫੇਰੀ—ਸਤਿਗੁਰਾਂ ਨੇ ਇਹ ਪ੍ਰਚਾਰ ਫੇਰੀ 61 ਸਾਲਾਂ ਦੀ ਬਿਰਧ ਉਮਰ ਵਿਚ ਲਗਾਈ ਸੀ। ਇੰਨ੍ਹਾਂ ਸਮਾਂ ਕਰਤਾਰਪੁਰ ਵਿਚ ਟਿਕੇ ਰਹਿਣ ਕਰਕੇ, ਪਿੰਡ-ਪਿੰਡ ਪਰਚਾਰ ਕਰਨ ਕਰਕੇ ਸਤਿਗੁਰਾਂ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਗਈ ਸੀ। ਸਤਿਗੁਰੂ ਜੀ ਜਿਥੇ ਵੀ ਜਾਂਦੇ ਲੋਕ ਭਾਰੀ ਗਿਣਤੀ ਵਿਚ ਪਹੁੰਚ ਜਾਂਦੇ ਸਨ। ਇਨ੍ਹਾਂ ਵਿਚ ਗੁਰੂ ਜੀ ਦੇ ਉਹ ਵੀ ਸਿੱਖ ਹੁੰਦੇ ਸਨ, ਜਿਹੜੇ ਚਰਨ-ਪਾਹੁਲ (ਚਰਨਾਮਿਤ) ਲੈ ਕੇ ਸਿੱਖੀ ਵਿਚ ਦਾਖਲ ਹੋ ਚੁਕੇ ਹੁੰਦੇ ਸਨ।

ਕਰਤਾਰਪੁਰੋਂ ਚੱਲ ਕੇ ਸਤਿਗੁਰੂ ਤੇ ਭਾਈ ਮਰਦਾਨਾ ਜੀ ਮਾਰਚ 1530 ਵਿਚ ਸ਼ਿਵਰਾਤ੍ਰੀ ਦੇ ਸਮੇਂ, ਅਚੱਲ ਪਹੁੰਚੇ। ਇਥੇ ਮਹਾਂਦੇਵ (ਸ਼ਿਵ ਜੀ) ਦਾ ਮੰਦਰ ਬਣਿਆ ਹੋਇਆ ਹੈ। ਮੰਦਰ ਅਤੇ ਪਿੰਡ ਦੋਹਾਂ ਦਾ ਨਾਮ 'ਅਚਲ' ਹੀ ਹੈ। ਇਹ ਪਿੰਡ ਜ਼ਿਲਾ ਗੁਰਦਾਸਪੁਰ ਵਿਚ, ਵਟਾਲੇ ਤੋਂ ਤਿੰਨ ਮੀਲਾਂ ਦੀ ਵਿਥ ਉਤੇ ਹੈ। ਇਥੇ ਹਰ ਸ਼ਿਵਰਾਤ੍ਰੀ ਨੂੰ ਸਿੱਧਾਂ-ਯੋਗੀਆਂ ਦਾ ਇਕੱਠ ਹੁੰਦਾ ਸੀ—ਮੇਲਾ ਲਗਦਾ ਸੀ।

ਜਦੋਂ ਸਤਿਗੁਰੂ ਜੀ ਮੇਲੇ ਤੇ ਪਹੁੰਚੇ ਤਾਂ ਭਾਰੀ ਗਿਣਤੀ ਵਿਚ ਲੋਕ ਸਤਿਗੁਰਾਂ ਦੇ ਉਪਦੇਸ਼ ਸੁਣਨ ਲਈ ਉਹਨਾਂ ਦੀ ਸਤਿ-ਸੰਗਤ ਵਿਚ ਆ ਗਏ, ਯੋਗੀਆਂ ਵਾਲੇ ਪਾਸੇ ਬਹੁਤ ਹੀ ਘੱਟ ਲੋਕੀਂ ਗਏ। ਇਸ ਨਾਲ ਯੋਗੀਆਂ ਨੂੰ ਬਹੁਤ ਈਰਖਾ ਹੋਈ। ਸਤਿਗੁਰੂ ਜੀ ਦੇ ਕੋਲ ਰਾਸਧਾਰੀਏ (ਡਰਾਮਾ ਕਰਨ ਵਾਲੇ) ਰਾਸ ਪਾ ਰਹੇ ਸਨ। ਯੋਗੀਆਂ ਨੇ ਕਰਾਮਾਤ ਨਾਲ ਉਨ੍ਹਾਂ ਦਾ ਪੈਸਿਆਂ ਵਾਲਾ ਲੋਟਾ ਲੁਕਾ ਦਿਤਾ। ਇਝ ਉਨ੍ਹਾਂ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿਚਣ ਲਈ ਕੀਤਾ ਸੀ। ਗਰੀਬ ਰਾਸ-ਧਾਰੀਏ ਯੋਗੀਆਂ ਅਗੇ ਤਰਲੇ ਲੈਣ ਲੱਗੇ, ਪਰ ਉਨ੍ਹਾਂ ਲੋਟਾ ਵਾਪਸ ਨਾ ਦਿਤਾ। ਗਰੀਬਾਂ ਦੇ ਦਰਦੀ, ਸਤਿਗੁਰੂ ਜੀ ਗਰੀਬਾਂ ਦਾ ਇਹ ਨਿਰਾਦਰ ਸਹਾਰ ਨਾ ਸਕੇ ਤੇ ਉਨ੍ਹਾਂ ਲੋਟਾ ਲੱਭ ਕੇ ਉਨ੍ਹਾਂ ਨੂੰ ਦੇ ਦਿਤਾ। ਸੋ ਸਿੱਧਾਂ ਦਾ ਕਰਾਮਾਤ ਦਾ ਹਥਿਆਰ ਫੇਲ੍ਹ ਹੋ ਗਿਆ। ਫਿਰ ਯੋਗੀ ਬਹਿਸ ਕਰਨ ਤੇ ਉਤਰ ਆਏ। ਉਨ੍ਹਾਂ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਇਕ ਵਾਰ ਫਕੀਰੀ ਬਾਣਾ ਧਾਰਨ ਕਰਨ ਮਗਰੋਂ ਮੁੜ ਕੇ ਗ੍ਰਿਹਸਤੀ ਕਿਉਂ ਬਣ ਗਏ ਹੋ? ਤੁਸੀਂ ਤਾਂ ਦੁਧ ਵਿਚ ਕਾਂਜੀ ਪਾ ਦਿਤੀ ਹੈ। ਸਤਿਗੁਰਾਂ ਨੇ ਬੜੇ ਪਿਆਰ ਨਾਲ ਸਮਝਾਇਆ ਕਿ ਮੈਂ ਫਕੀਰੀ ਨਹੀਂ ਸੀ ਧਾਰਨ ਕੀਤੀ, ਮੈਂ ਤਾਂ ਆਪਣੇ ਮੱਤ ਦੇ ਪਰਚਾਰ ਲਈ ਥਾਂ-ਥਾਂ ਜਾਂਦਾ ਰਿਹਾ ਹਾਂ। ਦੂਜਾ, ਤੁਸੀਂ ਗ੍ਰਿਹਸਤੀਆਂ ਨੂੰ ਨਿੰਦਦੇ ਚੰਗੇ ਨਹੀਂ ਲਗਦੇ ਕਿਉਂਕਿ ਤੁਸੀਂ ਆਪ ਅੰਨ-ਦਾਣੇ ਅਤੇ ਬਸਤਰਾਂ ਲਈ ਇਨ੍ਹਾਂ ਗ੍ਰਿਹਸਤੀਆਂ ਦੇ ਦਰ ਤੇ ਜਾ ਕੇ ਅਲੱਖ ਜਗਾਉਂਦੇ ਹੋ। ਤੁਹਾਡੇ ਵਰਗੇ ਵਿਹਲੜ ਲੋਕਾਂ ਨਾਲੋਂ ਮਿਹਨਤਕਸ਼ ਗ੍ਰਿਹਸਤੀ

ਹਜ਼ਾਰ ਦਰਜਾ ਚੰਗੇ ਹਨ, ਜਿਹੜੇ ਹੱਥੀਂ ਕਾਰ ਕਰਕੇ ਆਪਣਾ ਨਿਰਬਾਹ ਚਲਾਉਂਦੇ ਹਨ; ਆਏ ਗਏ ਦੀ ਸੇਵਾ ਕਰਦੇ ਹਨ ਅਤੇ ਤੁਹਾਡੇ ਵਰਗੇ ਵਿਹਲੜਾਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ।

ਯੋਗੀ ਨਿਰੁੱਤਰ ਹੋ ਗਏ ਪਰ ਉਨ੍ਹਾਂ ਹਠ ਨਾ ਤਿਆਗਿਆ। ਸਗੋਂ ਗੁਰੂ ਜੀ ਨੂੰ ਕਰਾਮਾਤ ਵਿਖਾਉਣ ਲਈ ਆਖਣ ਲੱਗੇ। ਗੁਰੂ ਜੀ ਨੇ ਕਿਹਾ ਕਿ ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਵਸਾਉਣਾ ਹੀ ਸਭ ਤੋਂ ਵੱਡੀ ਕਰਾਮਾਤ ਹੈ। ਪ੍ਰਭੂ ਆਪਣੇ ਸੇਵਕਾਂ ਦੇ ਪਰਦੇ ਢਕਦਾ ਹੈ ਅਤੇ ਉਨ੍ਹਾਂ (ਸੇਵਕਾਂ) ਦੇ ਮਨ ਨੂੰ ਦੁਖ ਸੁਖ ਸਮੇਂ ਅਡੋਲ ਰਹਿਣ ਦਾ ਬਲ ਬਖਸ਼ਦਾ ਹੈ। ਉਸਦੇ ਸੇਵਕ ਉਸਦੀ ਰਜ਼ਾ ਵਿਚ ਖੁਸ਼ ਰਹਿੰਦੇ ਹਨ—ਉਹ ਭਲਾ ਕਰਾਮਾਤ ਕਿਉਂ ਵਿਖਾਉਣ? ਗੁਰੂ ਜੀ ਦੀ ਇਹ ਗੱਲ ਸਭ ਲੋਕਾਂ ਨੂੰ ਪਸੰਦ ਆਈ ਅਤੇ ਯੋਗੀ, ਲੋਕਾਂ ਉਤੇ ਆਪਣਾ ਪ੍ਰਭਾਵ ਪਾਉਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੇ। ਇਸ ਚਰਚਾ ਵਿਚ ਭੰਗਰਨਾਥ, ਚਰਪਟ, ਲੋਹਾਰੀਪਾ ਆਦਿਕ ਯੋਗੀਆਂ ਨੇ ਵਿਸ਼ੇਸ਼ ਤੌਰ ਤੇ ਸਤਿਗੁਰਾਂ ਪਾਸੋਂ ਅਨੇਕ ਸਵਾਲ ਪੁਛੇ ਸਨ।

ਅਚਲ ਵਟਾਲੇ ਯੋਗੀਆਂ ਨਾਲ ਜਿਹੜੀ ਚਰਚਾ ਹੋਈ ਸੀ, ਸਤਿਗੁਰਾਂ ਨੇ ਉਸਨੂੰ ਆਪਣੀ ਬਾਣੀ "ਸਿਧ ਗੋਸਟਿ" ਵਿਚ ਕਲਮਬੰਦ ਕੀਤਾ ਹੈ, ਜੋ ਕਿ ਰਾਮਕਲੀ ਰਾਗ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।

ਇਸ ਚਰਚਾ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ (ਪਉੜੀ 39 ਤੋਂ 43) ਵਿਚ ਕੀਤਾ ਹੈ।

ਮੁਲਤਾਨ ਵਿਚ—ਗੁਰੂ ਜੀ ਤੇ ਭਾਈ ਮਰਦਾਨਾ ਜੀ ਅਚੱਲ ਵਟਾਲੇ ਤੋਂ ਮੁਲਤਾਨ ਆ ਗਏ। ਮੁਲਤਾਨ ਪੀਰਾਂ, ਫਕੀਰਾਂ ਦਾ ਗੜ੍ਹ ਸੀ। ਇਥੇ, ਗਜ਼ਨੀ ਤੋਂ ਆਏ ਪ੍ਰਸਿਧ ਸੂਫੀ ਸ਼ਮਸ ਤਬਰੇਜ਼ ਦਾ ਮਕਬਰਾ ਸੀ। ਸ਼ਮਸ ਅਨਲ ਹੱਕ (ਮੈਂ ਰੱਬ ਹਾਂ, ਮੈਂ ਬ੍ਰਹਮ ਹਾਂ) ਦਾ ਨਾਅਰਾ ਲਾਉਂਦਾ ਸੀ। ਇਹ ਨਾਅਰਾ ਕੱਟੜ ਮੁਸਲਮਾਨਾਂ ਨੂੰ ਪਸੰਦ ਨਾ ਆਇਆ। ਕੱਟੜ ਮੌਲਵੀਆਂ ਦੇ ਫ਼ਤਵੇ ਅਨੁਸਾਰ ਸ਼ਮਸ ਦੀ ਖੱਲ ਉਤਾਰ ਕੇ, ਉਸਨੂੰ ਕਤਲ ਕਰ ਦਿਤਾ ਗਿਆ। ਉਸ ਦੇ ਸ਼ਰਧਾਲੂਆਂ ਨੇ ਸ਼ਹਾਦਤ ਵਾਲੀ ਥਾਂ ਉਤੇ ਮਕਬਰਾ ਤਿਆਰ ਕਰ ਦਿਤਾ ਅਤੇ ਹੌਲੀ ਹੌਲੀ ਉਸ ਮਕਬਰੇ ਦੀ ਹੀ ਪੂਜਾ ਕਰਨ ਲੱਗ ਪਏ।

ਸਤਿਗੁਰੂ ਜੀ ਮੁਲਤਾਨ ਪੁੱਜੇ। ਸ਼ਮਸ ਦੇ ਰੋਜ਼ੇ ਵਿਚ ਜਾ ਡੇਰਾ ਕੀਤਾ। ਨੇੜੇ ਦੇ ਬਗੀਚੇ ਵਿਚ ਗਏ। ਉਥੇ ਰੋਜ਼ੇ ਦੇ ਪੀਰ, ਇਹ ਦੱਸਣ ਲਈ ਕਿ ਸਾਡਾ ਮਤ ਦੁਧ ਦੀ ਤਰ੍ਹਾਂ ਨਿਰਮਲ ਤੇ ਬੇਦਾਗ ਹੈ, ਦੁਧ ਦਾ ਕਟੋਰਾ ਭਰ ਲਿਆਏ ਅਤੇ ਗੁਰੂ ਜੀ ਨੂੰ ਪੇਸ਼ ਕੀਤਾ। ਜਾਣੀ ਜਾਣ ਸਤਿਗੁਰ ਜੀ ਨੇ ਬਗੀਚੇ ਵਿਚੋਂ ਚੰਬੇਲੀ ਦਾ ਫੁੱਲ ਲੈ ਕੇ ਦੁਧ ਉਤੇ ਰੱਖ ਦਿਤਾ। ਉਹ ਦੱਸਣਾ ਚਾਹੁੰਦੇ ਸਨ ਕਿ ਬੇਦਾਗ ਜੀਵਨ

ਜੀਉਣ ਲਈ ਸੰਸਾਰ ਵਿਚ ਮਾਇਆ ਤੋਂ ਇਉਂ ਨਿਰਲੇਪ ਰਹਿਣਾ ਚਾਹੀਦਾ ਹੈ, ਜਿਵੇਂ ਚਮੇਲੀ ਦਾ ਫੁਲ ਦੁੱਧ ਉਤੇ ਤਾਰੀਆਂ ਲਾ ਰਿਹਾ ਹੈ। ਪੀਰਾਂ-ਫਕੀਰਾਂ ਨੂੰ ਇਹ ਵੀ ਸਮਝਾਇਆ ਕਿ ਮਕਬਰਿਆਂ ਦੀ ਜਿਆਰਤ ਅਤੇ ਪੂਜਾ—ਪੱਥਰ-ਪੂਜਾ ਹੀ ਹੈ। ਇਸ ਦੀ ਥਾਂ ਉਤੇ ਖ਼ੁਦਾ ਦੀ ਬੰਦਗੀ ਹੀ ਕਰਨੀ ਚਾਹੀਦੀ ਹੈ। ਆਪਣੇ ਆਪ ਨੂੰ 'ਬ੍ਰਹਮ' ਨਹੀਂ ਆਖਣਾ ਚਾਹੀਦਾ, ਸਗੋਂ ਤੂੰ ਹੀ, ਤੂੰ ਹੀ, ਕਰਦਿਆਂ ਖ਼ੁਦਾ ਵਿਚ ਅਭੇਦ ਹੋ ਜਾਣਾ ਚਾਹੀਦਾ ਹੈ। ਮਨੁੱਖ ਖ਼ੁਦਾ ਦਾ ਅੰਸ਼ ਹੁੰਦਾ ਹੋਇਆ ਵੀ, ਖ਼ੁਦਾ ਦੇ ਮੁਕਾਬਲੇ ਬਹੁਤ ਨਿਗੂਣੀ ਜਿਹੀ ਹਸਤੀ ਦਾ ਮਾਲਕ ਹੈ।

ਪੀਰਾਂ ਨੇ ਆਪਣੀ ਗਲਤੀ ਨੂੰ ਸਮਝਿਆ। ਗੁਰੂ ਜੀ ਦੀ ਯਾਦ ਨੂੰ ਤਾਜ਼ਾ ਰੱਖਣ ਲਈ, ਉਨ੍ਹਾਂ ਨੇ ਕਾਗਜ਼ ਉਪਰ ਸਤਿਗੁਰਾਂ ਦੇ ਪੰਜੇ ਦਾ ਨਿਸ਼ਾਨ ਲਵਾ ਕੇ ਰੱਖ ਲਿਆ।

ਸਿਆਲਕੋਟ ਵਿਚ ਦੂਜੀ ਵਾਰ – ਮੁਲਤਾਨ ਤੋਂ ਚੱਲ ਕੇ, ਪਿੰਡਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ, ਸਤਿਗੁਰੂ ਜੀ ਸਿਆਲਕੋਟ ਪੁੱਜੇ। ਆਪ ਉਥੇ ਦੂਜੀ ਉਦਾਸੀ ਵਿਚ ਵੀ ਆਏ ਸਨ। ਭਾਈ ਮੂਲਾ ਉਨ੍ਹਾਂ ਦਾ ਸ਼ਰਧਾਲੂ ਬਣਿਆ ਸੀ। ਉਥੇ ਸਤਿਸੰਗ ਵੀ ਚਾਲੂ ਹੋ ਗਿਆ ਸੀ। ਇਸ ਵਾਰ ਜਦੋਂ ਸਤਿਗੁਰੂ ਜੀ ਉਥੇ ਪੁੱਜੇ ਤਾਂ ਹੋਰ ਸਤਿਸੰਗੀ ਤਾਂ ਉਨ੍ਹਾਂ ਦੇ ਦਰਸ਼ਨ ਕਰਨ ਆਏ, ਪਰ ਭਾਈ ਮੂਲਾ ਨਾ ਆਇਆ। ਵਪਾਰ ਵਿਚ ਵਾਧੇ ਅਤੇ ਰੁਪਏ ਪੈਸੇ ਦੀ ਬਹੁਤਾਤ ਨੇ ਮੂਲੇ ਦਾ ਮਨ ਹੀ ਬਦਲ ਦਿਤਾ ਸੀ। ਉਹ ਮੂਲਾ ਜਿਹੜਾ ਕਦੇ ਕਹਿੰਦਾ ਸੀ ਕਿ "ਜੀਉਣਾ ਝੂਠ ਹੈ, ਮਰਨਾ ਸੱਚ", ਹੁਣ ਧਨ ਜੋੜਨ ਵਿਚ ਹੀ ਲੱਗਾ ਹੋਇਆ ਸੀ। ਉਹ ਇੰਨਾਂ ਹੰਕਾਰੀ ਹੋ ਗਿਆ ਸੀ ਕਿ ਸਤਿਸੰਗ ਵਿਚ ਜਾਣ ਨੂੰ ਅਤੇ ਗੁਰਮੁਖਾਂ ਦੀ ਸੰਗਤ ਕਰਨ ਨੂੰ ਉਹ ਫਾਲਤੂ ਦਾ ਕੰਮ ਸਮਝਦਾ ਸੀ।

ਸਤਿਗੁਰਾਂ ਨੇ ਭਾਈ ਮਰਦਾਨਾ ਜੀ ਨੂੰ ਮੂਲੇ ਨੂੰ ਸੱਦਣ ਭੇਜਿਆ। ਪਰ ਮੂਲੇ ਨੇ ਆਪਣੀ ਪਤਨੀ ਰਾਹੀਂ ਇਹ ਅਖਵਾ ਦਿਤਾ ਕਿ ਮੂਲਾ ਘਰ ਨਹੀਂ ਹੈ। ਇਨ੍ਹਾਂ ਹੀ ਦਿਨਾਂ ਵਿਚ ਉਸ ਦੀ ਸੱਪ ਲੜਨ ਨਾਲ ਮੌਤ ਹੋ ਗਈ। ਸਤਿਗੁਰੂ ਜੀ ਨੂੰ ਬੜਾ ਤਰਸ ਆਇਆ—ਉਹਨਾਂ ਦਾ ਇਕ ਸਿੱਖ ਜਿਹਨੇ ਕੁਝ ਸਾਲ ਪਹਿਲਾਂ ਮਾਇਆ ਦੀ ਅਸਲੀਅਤ ਨੂੰ ਪਛਾਣਿਆ ਸੀ, ਉਹ ਮਾਇਆ ਦਾ ਦਾਸ ਬਣ ਕੇ ਇਸ ਸੰਸਾਰ ਤੋਂ ਤੁਰ ਗਿਆ। ਇਸ ਤਰਸ ਨੂੰ ਗੁਰੂ ਜੀ ਨੇ ਆਪਣੀ ਬਾਣੀ ਵਿਚ ਇੰਝ ਪ੍ਰਗਟ ਕੀਤਾ :

**ਨਾਲਿ ਕਿਰਾੜਾ ਦੋਸਤੀ, ਕੂੜੈ ਕੂੜੀ ਪਾਇ॥**
**ਮਰਣੁ ਨ ਜਾਪੈ ਮੂਲਿਆ, ਆਵੈ ਕਿਤੈ ਥਾਇ॥**

*(ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨)*

ਭਾਈ ਮੂਲੇ ਪ੍ਰਤਿ ਉਚਾਰੇ ਇਸ ਸਲੋਕ ਨੂੰ ਜੇ ਸਤਿਗੁਰਾਂ ਦੇ ਸ਼ਰਧਾਲੂ ਅੱਜ

ਆਪਣੇ ਮਨ ਵਿਚ ਵਸਾ ਲੈਣ ਤਾਂ ਉਨ੍ਹਾਂ ਦਾ ਵੀ ਲੋਕ-ਪ੍ਰਲੋਕ ਸੰਵਰ ਸਕਦਾ ਹੈ।

ਕੁਝ ਦਿਨ ਸਿਆਲਕੋਟ ਵਿਚ ਰਹਿ ਕੇ ਗੁਰਦੇਵ ਫਿਰ ਕਰਤਾਰਪੁਰ ਆ ਗਏ।

**ਬਾਬਾ ਬੁੱਢਾ ਜੀ** — ਗੁਰੂ ਨਾਨਕ ਦੇਵ ਜੀ ਧਰਮ-ਪ੍ਰਚਾਰ ਲਈ ਕਈ ਵਾਰ ਰਾਵੀ ਤੋਂ ਉਰਲੇ ਪਾਸੇ ਵੀ ਆਇਆ ਕਰਦੇ ਸਨ। ਇਕ ਵਾਰ ਆਪ ਜੀ ਰਮਦਾਸ ਪਿੰਡ ਆਏ, ਜਿੱਥੇ ਉਨ੍ਹਾਂ ਦੀ ਇਕ ਅਨੋਖੇ ਬਾਲਕ "ਬੂੜਾ" ਜੀ ਨਾਲ ਮੁਲਾਕਾਤ ਹੋਈ। ਇਹ ਬੂੜਾ ਜੀ ਹੀ ਮਗਰੋਂ ਸਿੱਖ ਇਤਿਹਾਸ ਵਿਚ ਬਾਬਾ ਬੁੱਢਾ ਜੀ ਕਰ ਕੇ ਪ੍ਰਸਿੱਧ ਹੋਏ।

"ਬੂੜਾ" ਜੀ ਦਾ ਜਨਮ ਪਿੰਡ ਕੱਥੂ ਨੰਗਲ ਵਿਖੇ ਅਕਤੂਬਰ 1506 ਵਿਚ ਹੋਇਆ ਸੀ। ਛੋਟੀ ਉਮਰੇ ਆਪ ਬਕਰੀਆਂ ਚਾਰਿਆ ਕਰਦੇ ਸਨ, ਜਿਵੇਂ ਕਿ ਅੱਜ ਕੱਲ੍ਹ ਵੀ ਜੱਟ-ਜ਼ਿਮੀਦਾਰਾਂ ਦੇ ਬੱਚੇ ਪਿੰਡਾਂ ਵਿਚ ਮੱਝਾਂ, ਬੱਕਰੀਆਂ ਆਦਿ ਚਾਰਦੇ ਹਨ। 12 ਵਰ੍ਹਿਆਂ ਦੀ ਉਮਰ ਵਿਚ ਬੂੜੇ ਨੂੰ ਸਤਿਗੁਰਾਂ ਦੇ ਦਰਸ਼ਨ ਹੋਏ ਸਨ। ਇਸ ਨੇ ਬੜੇ ਪਿਆਰ ਨਾਲ ਸਤਿਗੁਰਾਂ ਨੂੰ ਬੱਕਰੀ ਦਾ ਦੁਧ ਪੇਸ਼ ਕੀਤਾ ਸੀ ਅਤੇ ਆਤਮਕ ਜੀਵਨ ਨਾਲ ਸਬੰਧ ਰੱਖਣ ਵਾਲੇ ਕਈ ਸੁਆਲ ਪੁਛੇ ਸਨ। ਸਤਿਗੁਰੂ ਜੀ ਇਸ ਤੀਖਣ-ਬੁਧ ਦੇ ਬਾਲਕ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ ਸਨ। ਇਸ ਨਿੱਕੇ ਜਿਹੇ 'ਬ੍ਰਹਮ ਗਿਆਨੀ' ਨੂੰ ਸਤਿਗੁਰਾਂ ਸਹਿਜ-ਸੁਭਾ ਆਖਿਆ ਸੀ ਕਿ 'ਕਾਕਾ! ਤੂੰ ਤਾਂ ਨਿੱਕੀ ਉਮਰ ਵਿਚ ਹੀ ਬੁੱਢਿਆਂ ਵਾਲੀਆਂ ਗੱਲਾਂ ਕਰਦਾ ਏਂ—ਤੂੰ 'ਬੂੜਾ', ਨਹੀਂ 'ਬੁੱਢਾ' ਏਂ।" ਤਦੋਂ ਹੀ ਆਪ ਦਾ ਨਾਮ ਬੁੱਢਾ ਜੀ ਪੈ ਗਿਆ। ਉਹ ਵੀ ਸਤਿਗੁਰੂ ਜੀ ਦੀ ਸੇਵਾ ਵਿਚ ਕਰਤਾਰਪੁਰ ਆ ਗਏ। ਸਤਿਗੁਰਾਂ ਅਤੇ ਸੰਗਤਾਂ ਦੀ ਅਣਥੱਕ ਸੇਵਾ ਕਰਨ ਕਰਕੇ ਆਪ ਮੁੱਖੀ ਸਿੱਖਾਂ ਵਿਚ ਗਿਣੇ ਜਾਣ ਲੱਗੇ।

ਮਾਤਾ ਪਿਤਾ ਦਾ ਦੇਹਾਂਤ — ਬਾਬਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਸੰਮਤ 1579 (ਸੰਨ 1522) ਵਿਚ ਕਰਤਾਰਪੁਰ ਵਿਚ ਹੀ ਚੜ੍ਹਾਈ ਕਰ ਗਏ।

ਭਾਈ ਮਰਦਾਨਾ ਜੀ ਦਾ ਦੇਹਾਂਤ — ਭਾਈ ਮਰਦਾਨਾ ਜੀ, ਜੋ ਬਚਪਨ ਤੋਂ ਹੀ ਸਤਿਗੁਰਾਂ ਦੇ ਸਾਥੀ ਸਨ ਅਤੇ ਸਾਰੀਆਂ ਉਦਾਸੀਆਂ ਵਿਚ ਸਤਿਗੁਰਾਂ ਦੇ ਨਾਲ ਰਹੇ ਸਨ, 13 ਮੱਘਰ, ਸੰਮਤ 1591 (ਸੰਨ 1534) ਨੂੰ ਕਰਤਾਰਪੁਰ ਵਿਚ ਅਕਾਲ ਚਲਾਣਾ ਕਰ ਗਏ।

ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ਣੀ — ਭਾਈ ਲਹਿਣਾ ਜੀ ਦਾ ਜਨਮ 31 ਮਾਰਚ, 1504 ਨੂੰ ਪਿੰਡ 'ਮੱਤੇ ਦੀ ਸਰਾਂ', ਜ਼ਿਲਾ ਫ਼ੀਰੋਜ਼ਪੁਰ, ਵਿਚ ਹੋਇਆ ਸੀ। ਰਾਜਸੀ ਗੜਬੜ ਅਤੇ ਲੁੱਟ-ਮਾਰਾਂ ਕਾਰਨ ਇਹੋ ਪਿੰਡ ਤਬਾਹ ਹੋ

ਗਿਆ ਤੇ ਮੁੜ ਕੇ ਇਕ ਨਾਂਗੇ ਸਾਧੂ ਨੇ ਵਸਾਇਆ। ਜਿਸ ਕਰ ਕੇ ਹੁਣ ਇਸ ਦਾ ਨਾਮ 'ਨਾਂਗੇ ਦੀ ਸਰਾਂ' ਹੈ। ਇਨ੍ਹਾਂ ਦੇ ਪਿਤਾ ਬਾਬਾ ਫੇਰੂ ਮੱਲ ਜੀ ਇਹ ਪਿੰਡ ਛੱਡ ਕੇ ਪਹਿਲਾਂ 'ਹਰੀ ਕੇ' ਤੇ ਫਿਰ ਖਡੂਰ ਆ ਗਏ ਅਤੇ ਹੱਟੀ ਪਾ ਲਈ। ਬਾਬਾ ਫੇਰੂ ਜੀ ਵੇਦਾਂ-ਸ਼ਾਸਤਰਾਂ ਦੇ ਸਨਾਤਨੀ ਧਰਮ ਨੂੰ ਮੰਨਣ ਵਾਲੇ ਸਨ ਅਤੇ ਹਰ ਸਾਲ ਵੈਸ਼ਨੋ ਦੇਵੀ ਦੀ ਯਾਤਰਾ ਲਈ ਜਥਾ ਲੈ ਕੇ ਜੰਮੂ ਜਾਂਦੇ ਸਨ। 1526 ਵਿਚ ਉਹ ਚਲਾਣਾ ਕਰ ਗਏ ਅਤੇ ਸੰਗ (ਜਥੇ) ਨੂੰ ਹਰ ਸਾਲ ਵੈਸ਼ਨੋ ਦੇਵੀ ਦੀ ਯਾਤਰਾ ਲਈ ਲੈ ਜਾਣ ਦਾ ਹੁਕਮ ਭਾਈ ਲਹਿਣਾ ਜੀ ਨੂੰ ਕਰ ਗਏ। ਭਾਈ ਲਹਿਣਾ ਜੀ ਪੰਜ ਸਾਲ ਦੇਵੀ ਦੀ ਯਾਤਰਾ ਨੂੰ ਜਾਂਦੇ ਰਹੇ।

ਭਾਈ ਲਹਿਣਾ ਜੀ ਨੇ ਖਡੂਰ ਵਿਚ ਗੁਰੂ ਨਾਨਕ ਪਾਤਸ਼ਾਹ ਦੇ ਇਕ ਸਿੱਖ ਭਾਈ ਜੋਧ ਕੋਲੋਂ ਗੁਰਬਾਣੀ ਸੁਣੀ। ਇਹ ਬਾਣੀ ਪ੍ਰਚਲਤ ਲੋਕ ਬੋਲੀ ਵਿਚ ਸੀ, ਜੋ ਭਾਈ ਲਹਿਣਾ ਜੀ ਨੂੰ ਸਹਿਜੇ ਹੀ ਸਮਝ ਆ ਗਈ। ਆਪ ਨੇ ਭਾਈ ਜੋਧ ਕੋਲੋਂ ਗੁਰੂ ਜੀ ਦਾ ਥਾਂ-ਪਤਾ ਪੁੱਛ ਕੇ ਉਨ੍ਹਾਂ ਦੇ ਦਰਸ਼ਨ ਕਰਨ ਦਾ ਮਨ ਬਣਾਇਆ।

ਸੰਨ 1532 ਵਿਚ ਦੇਵੀ-ਦਰਸ਼ਨ ਨੂੰ ਜਾਂਦਿਆਂ ਹੋਇਆਂ ਭਾਈ ਲਹਿਣਾ ਜੀ ਕਰਤਾਰਪੁਰ ਆਏ। ਸਤਿਗੁਰਾਂ ਦੇ ਦਰਸ਼ਨ ਕੀਤੇ, ਗੁਰਬਾਣੀ ਦਾ ਕੀਰਤਨ ਸੁਣਿਆ ਅਤੇ ਸਤਿਗੁਰਾਂ ਦੇ ਬਚਨ ਸੁਣੇ। ਇਸ ਸਭ ਕਾਸੇ ਦਾ ਇੰਨਾ ਪ੍ਰਭਾਵ ਪਿਆ ਕਿ ਭਾਈ ਲਹਿਣਾ ਜੀ ਗੁਰੂ ਨਾਨਕ ਪਾਤਸ਼ਾਹ ਜੋਗੇ ਹੋ ਕੇ ਹੀ ਰਹਿ ਗਏ। ਆਪ ਨੇ 'ਸੰਗ' ਨੂੰ ਕਹਿ ਦਿਤਾ ਕਿ ਉਨ੍ਹਾਂ ਨੂੰ 'ਸੱਚਾ ਗੁਰੂ' ਮਿਲ ਗਿਆ ਹੈ ਹੁਣ ਅਖੌਤੀ ਦੇਵੀ-ਦੇਵਤਿਆਂ ਦੀ ਪੂਜਾ ਦੀ ਲੋੜ ਨਹੀਂ ਰਹੀ। ਇਸ ਲਈ ਉਹ ਦੇਵੀ-ਦਰਸ਼ਨਾਂ ਨੂੰ ਨਹੀਂ ਜਾਣਗੇ, ਬਾਕੀ 'ਸੰਗ' ਭਾਵੇਂ ਚਲਾ ਜਾਵੇ।

ਭਾਈ ਲਹਿਣਾ ਜੀ ਦਾ ਪਲਾਂ ਵਿਚ ਹੀ ਮਨਮਤ ਅਤੇ ਵਿਅਰਥ ਦੇ ਕਰਮ-ਕਾਂਡਾਂ ਨੂੰ ਤਿਆਗ ਦੇਣਾ ਅਤੇ ਗੁਰੂ-ਮਤ ਨੂੰ ਅਪਨਾ ਲੈਣਾ ਸੰਗਤਾਂ ਲਈ ਬਹੁਤ ਹੈਰਾਨ ਕਰਨ ਵਾਲੀ ਗੱਲ ਸੀ। ਸਤਿਗੁਰੂ ਜੀ ਵੀ ਭਾਈ ਲਹਿਣਾ ਜੀ ਦੀ ਇਸ ਦ੍ਰਿੜ੍ਹਤਾ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਭਾਈ ਲਹਿਣਾ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾਉਣ ਦਾ ਫੈਸਲਾ ਕਰ ਲਿਆ।

ਭਾਈ ਲਹਿਣਾ ਜੀ ਨੇ ਸੰਨ 1532 ਤੋਂ 1539 ਤਕ ਗੁਰੂ ਸਾਹਿਬ ਅਤੇ ਸਿੱਖ ਸੰਗਤਾਂ ਦੀ ਸੇਵਾ ਕੀਤੀ। ਇਸ ਸਮੇਂ ਦੌਰਾਨ ਆਪ ਦੁਕਾਨ ਦਾ ਕੰਮ ਵੇਖਣ ਲਈ ਕਦੇ ਕਦੇ ਖਡੂਰ ਵੀ ਜਾਂਦੇ ਰਹਿੰਦੇ ਸਨ।

ਗੁਰੂ ਨਾਨਕ ਪਾਤਸ਼ਾਹ ਨੇ ਭਾਈ ਲਹਿਣਾ ਜੀ ਨੂੰ 'ਗੁਰੂ' ਬਣਾਉਣ ਦੀ ਤਿਆਰੀ ਆਰੰਭ ਦਿਤੀ। ਕੀਰਤਨ, ਕਥਾ ਅਤੇ ਉਪਦੇਸ਼ਾਂ ਰਾਹੀਂ ਭਾਈ ਲਹਿਣਾ ਜੀ ਨੂੰ ਗੁਰਮਤਿ-ਵਿਚਾਰਧਾਰਾ ਦ੍ਰਿੜ੍ਹ ਕਰਵਾਈ। ਫਿਰ ਹੁਕਮ ਮੰਨਣ ਦੀ ਸਿਖਿਆ ਦਿਤੀ। ਸਿੱਖ ਇਤਿਹਾਸ ਵਿਚ 6-7 ਸਾਖੀਆਂ ਪ੍ਰਸਿਧ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਭਾਈ ਲਹਿਣਾ ਜੀ ਨੇ ਗੁਰੂ-ਹੁਕਮਾਂ ਨੂੰ ਮੰਨਣ ਦੀਆਂ

ਉਚਤਮ ਉਦਾਹਰਣਾ ਪੇਸ਼ ਕੀਤੀਆਂ। ਗੁਰੂ ਜੀ ਨੇ ਜਾਣ ਬੁਝ ਕੇ ਭਾਈ ਲਹਿਣਾ ਜੀ ਨੂੰ ਉਹ ਕੰਮ ਕਰਨ ਲਈ ਆਖਿਆ ਜਿਹੜੇ ਕੰਮ ਬ੍ਰਾਹਮਣੀ ਸਮਾਜ ਵਿਚ ਸ਼ੂਦਰ ਲੋਕ ਹੀ ਕਰਦੇ ਸਨ। ਜਿਥੇ ਹੋਰਨਾਂ ਸਿੱਖਾਂ ਨੇ ਇਹ ਹੁਕਮ ਮੰਨਣ ਵਿਚ ਕੁਝ ਝਿਜਕ ਵਿਖਾਈ, ਉਥੇ ਭਾਈ ਲਹਿਣਾ ਜੀ ਬਿਨਾਂ ਕਿਸੇ ਹਿਚਕਚਾਹਟ ਦੇ, ਬੜੀ ਸ਼ਰਧਾ ਸਹਿਤ ਗੁਰੂ-ਹੁਕਮਾਂ ਤੇ ਫੁੱਲ ਚੜ੍ਹਾਉਂਦੇ ਰਹੇ। ਹੁਕਮ ਮੰਨਣ ਦੀਆਂ ਜੋ ਸਾਖੀਆਂ ਪ੍ਰਸਿਧ ਹਨ, ਉਹ ਇਹ ਹਨ—ਨਦੀਣ ਦੀਆਂ ਚਿੱਕੜ ਨਾਲ ਚੋਂਦੀਆਂ ਪੰਡਾਂ ਚੁਕਣਾ, ਗੰਦੇ ਟੋਏ ਵਿਚੋਂ ਕਟੋਰਾ ਕੱਢ ਲਿਆਉਣਾ, ਧਰਮਸਾਲਾ ਵਿਚੋਂ ਮਰੀ ਹੋਈ ਚੂਹੀ ਚੁੱਕ ਕੇ ਬਾਹਰ ਸੁੱਟਣਾ, ਸਿਆਲ ਦੀ ਰੁੱਤ ਵਿਚ ਅੱਧੀ ਰਾਤ ਨੂੰ ਧਰਮਸਾਲਾ ਦੀ ਕੰਧ ਉਸਾਰਨੀ, ਸਿਆਲ ਵਿਚ ਹੀ ਰਾਤ ਸਮੇਂ ਰਾਵੀ ਦਰਿਆ ਤੇ ਕਪੜੇ ਧੋਣ ਜਾਣਾ ਅਤੇ ਸਤਿਗੁਰਾਂ ਦੇ ਕਹਿਣ ਉਤੇ ਮੁਰਦਾ ਖਾਣ ਲਈ ਵੀ ਤਿਆਰ ਹੋ ਜਾਣਾ।

ਹੁਕਮ ਮੰਨਣ ਦੀਆਂ ਇਨ੍ਹਾਂ ਘਟਨਾਵਾਂ ਤੋਂ ਗੁਰੂ ਨਾਨਕ ਪਾਤਸ਼ਾਹ ਬਹੁਤ ਪ੍ਰਸੰਨ ਹੋਏ। ਹੁਕਮ ਮੰਨਣ ਵਾਲਾ ਹੀ ਹੋਰਨਾਂ ਨੂੰ ਹੁਕਮ ਕਰਨ ਦਾ ਅਧਿਕਾਰ ਰਖਦਾ ਹੈ। ਇਸੇ ਲਈ ਭਾਈ ਲਹਿਣਾ ਜੀ ਨੂੰ ਗੁਰੂ ਜੀ ਨੇ ਹੁਕਮ ਮੰਨਣ ਦੀ ਟ੍ਰੇਨਿੰਗ ਦਿਤੀ ਸੀ।

ਜਦੋਂ ਸਤਿਗੁਰਾਂ ਦੀ ਪੂਰੀ ਤਸੱਲੀ ਹੋ ਗਈ ਕਿ ਭਾਈ ਲਹਿਣਾ ਜੀ ਉਨ੍ਹਾਂ ਦੁਆਰਾ ਆਰੰਭੀ ਗਈ ਸਿੱਖ-ਲਹਿਰ ਦੀ ਅਗਵਾਈ ਕਰਨ ਦੇ ਯੋਗ ਹੋ ਗਏ ਹਨ ਤਾਂ ਸਤਿਗੁਰਾਂ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ੀ ਅਤੇ ਉਨ੍ਹਾਂ ਦਾ ਨਾਮ ਗੁਰੂ ਅੰਗਦ ਦੇਵ ਰੱਖ ਦਿਤਾ। ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਅੱਗੇ ਮੱਥਾ ਟੇਕਿਆ ਅਤੇ ਮਗਰੋਂ ਸਾਰੀ ਸੰਗਤ ਨੇ ਦੂਜੇ ਗੁਰੂ ਜੀ ਦੇ ਚਰਨਾਂ ਵਿਚ ਸੀਸ ਨਿਵਾਇਆ।

ਗੁਰਗੱਦੀ ਬਖਸ਼ਣ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਬਾਣੀ ਦੀ ਉਹ ਪੋਥੀ ਵੀ ਦੇ ਦਿਤੀ ਜਿਸ ਵਿਚ ਉਨ੍ਹਾਂ ਦੀ ਆਪਣੀ ਬਾਣੀ ਅਤੇ ਭਗਤਾਂ ਦੀ ਬਾਣੀ ਸ਼ਾਮਲ ਸੀ। 'ਪੁਰਾਤਨ ਜਨਮ ਸਾਖੀ' ਵਿਚ ਇਸ ਗੱਲ ਦਾ ਜ਼ਿਕਰ ਇੰਝ ਕੀਤਾ ਗਿਆ ਹੈ :—

ਤਿਤੁ ਮਹਲਿ ਜੋ ਸਬਦੁ ਹੋਆ, ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ॥

ਮਿਹਰਬਾਨ ਦੀ ਪੋਥੀ ਵਿਚ ਲਿਖਿਆ ਮਿਲਦਾ ਹੈ : "ਤਬ ਗੁਰੂ ਨਾਨਕ ਜੀ ਗੁਰੂ ਅੰਗਦ ਕਉ ਸ਼ਬਦ ਕੀ ਥਾਪਣਾ ਦੇ ਕਰ ਸੰਮਤ ੧੫੯੬ ਅਸੂ ਵਦੀ ੧੦ ਦਸਮੀ ਕਉ ਆਪ ਸਚਖੰਡ ਸਿਧਾਰੇ।"

ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣ ਮਗਰੋਂ ਗੁਰੂ ਨਾਨਕ ਪਾਤਸ਼ਾਹ 22 ਸਤੰਬਰ, 1539 ਨੂੰ ਜੋਤੀ ਜੋਤ ਸਮਾ ਗਏ।

# ਗੁਰੂ ਨਾਨਕ ਦੇਵ ਜੀ ਦੀ ਬਾਣੀ

ਗੁਰਬਾਣੀ ਉਹ ਰੱਬੀ ਗਿਆਨ ਹੈ, ਜਿਹੜਾ ਸਤਿਗੁਰੂ ਅਤੇ ਅਕਾਲ ਪੁਰਖ ਦੀ ਅਭੇਦਤਾ ਤੋਂ ਉਪਜਦਾ ਹੈ। ਜਦੋਂ ਗੁਰੂ, ਅਕਾਲ ਪੁਰਖ ਵਿਚ ਲੀਨ ਹੋ ਜਾਂਦਾ ਹੈ, ਉਸ ਅਤੇ ਅਕਾਲ ਪੁਰਖ ਵਿਚ ਭਿੰਨ-ਭੇਦ ਖਤਮ ਹੋ ਜਾਂਦਾ ਹੈ, ਤਾਂ ਦੋਵੇਂ ਇਕ ਰੂਪ ਹੋ ਜਾਂਦੇ ਹਨ। ਐਸੀ ਅਵਸਥਾ ਵਿਚ ਸਤਿਗੁਰਾਂ ਦੇ ਕਹੇ ਹੋਏ ਬਚਨ ਹੀ ਬਾਣੀ ਕਹਾਉਂਦੇ ਹਨ। ਇੰਝ ਇਹ ਬਾਣੀ ਗੁਰੂ ਦੀ ਆਪਣੀ ਸਮਝ, ਸੋਚ ਜਾਂ ਅਕਲ ਦੀ ਉਪਜ ਨਹੀਂ ਹੁੰਦੀ, ਸਗੋਂ ਅਕਾਲ ਪੁਰਖ ਦੀ ਆਪਣੀ ਬਾਣੀ ਹੁੰਦੀ ਹੈ, ਜਿਸ ਦੀ ਸੋਝੀ ਅਕਾਲ ਪੁਰਖ ਗੁਰੂ ਨੂੰ ਕਰਵਾਉਂਦਾ ਹੈ। ਇਹ ਪਰਮ ਸਤਿ ਦਾ ਗਿਆਨ ਹੁੰਦਾ ਹੈ, ਜਿਸਦੀ ਪ੍ਰਾਪਤੀ ਗੁਰੂ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਹੁੰਦੀ ਇਸੇ ਨੂੰ ਹੀ 'ਸ਼ਬਦ' ਦਾ ਨਾਮ ਦਿਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਵੱਖ ਵੱਖ ਸਰੂਪਾਂ ਵਿਚ ਉਚਾਰੀ ਬਾਣੀ ਵਿਚ ਇਹ ਗੱਲ ਸਪਸ਼ਟ ਕਰ ਦਿਤੀ ਸੀ ਕਿ ਬਾਣੀ ਉਚਾਰਨ ਦੀ ਪ੍ਰੇਰਨਾ ਅਕਾਲ ਪੁਰਖ ਆਪ ਦਿੰਦਾ ਹੈ।

ਪਹਿਲੇ ਜਾਮੇ ਵਿਚ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਇਹ ਫੁਰਮਾਇਆ ਸੀ ਕਿ ਮੈਂ ਉਹੀ ਕੁਝ ਕਿਹਾ ਹੈ, ਜੋ ਅਕਾਲ ਪੁਰਖ ਨੇ ਮੇਰੇ ਕੋਲੋਂ ਕਹਾਇਆ ਹੈ :

'ਤਾ ਮੈ ਕਹਿਆ ਕਹਣੁ, ਜਾ ਤੁਝੈ ਕਹਾਇਆ॥

*(ਵਡਹੰਸ, ਮ: ੧-੫੬੬)*

ਆਪ ਜੀ ਹੀ ਆਖਦੇ ਹਨ ਕਿ ਅਕਾਲ ਪੁਰਖ ਗੁਰੂ ਨਾਲ ਸਮਾਉਣ (ਅਭੇਦ ਹੋਣ) ਮਗਰੋਂ ਸ਼ਬਦ ਦੀ ਦਾਤ ਬਖਸ਼ਦਾ ਹੈ:—

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥

*(ਮਲਾਰ ਕੀ ਵਾਰ, ਮ: ੧-੧੨੭੯)*

ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਹੋਇਆਂ ਵੀ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਸੀ ਕਿ ਮੈਨੂੰ ਜਿਸ ਤਰ੍ਹਾਂ ਦੀ ਬਾਣੀ ਫੁਰਦੀ ਹੈ, ਮੈਂ ਉਸੇ ਤਰ੍ਹਾਂ ਬਿਆਨ ਕਰਦਾ ਹਾਂ :—

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥ *(ਤਿਲੰਗ, ਮ: ੧-੭੨੨)*

ਆਪਣੇ ਚੌਥੇ ਜਾਮੇ, ਗੁਰੂ ਰਾਮਦਾਸ ਜੀ ਦੇ ਸਰੂਪ ਵਿਚ ਵੀ ਗੁਰੂ ਨਾਨਕ ਪਾਤਿਸ਼ਾਹ ਨੇ ਇਹੀ ਆਖਿਆ ਸੀ—

ਸਤਿਗੁਰ ਕੀ ਬਾਣੀ, ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥

*(ਗਉੜੀ ਕੀ ਵਾਰ, ਮ: ੪-੩੦੮)*

ਗੁਰੂ ਅਰਜੁਨ ਪਾਤਸ਼ਾਹ ਉਪੋਕਤ ਵਿਚਾਰ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਕਰਦੇ ਹਨ :–

ਹਉ ਆਪਹੁ ਬੋਲਿ ਨ ਜਾਣਦਾ,
ਮੈ ਕਹਿਆ ਸਭੁ ਹੁਕਮਾਉ ਜੀਉ॥

*(ਗੁਣਵੰਤੀ; ਸੂਹੀ, ਮ: ੫–ਪੰਨਾ ੭੬੩)*

ਗੁਰੂ ਨਾਨਕ ਪਾਤਿਸ਼ਾਹ ਨੂੰ (ਪਹਿਲੇ ਜਾਮੇ-ਸਰੀਰ ਵਿਚ) ਜਿਹੜਾ ਗਿਆਨ ਪ੍ਰਭੂ ਪਾਸੋਂ ਪ੍ਰਾਪਤ ਹੋਇਆ, ਅਥਵਾ ਜਿਹੜੀ ਬਾਣੀ ਉਨ੍ਹਾਂ ਨੇ ਉਚਾਰੀ ਉਸਦਾ ਵੇਰਵਾ ਹੇਠਾਂ ਦਿਤਾ ਜਾਂਦਾ ਹੈ। ਇਹ ਵੇਰਵਾ ਗੁਰਬਾਣੀ ਦੇ ਪ੍ਰਸਿਧ ਟੀਕਾਕਾਰ ਪ੍ਰਿੰਸੀਪਲ ਸਾਹਿਬ ਸਿੰਘ ਜੀ ਦੀ ਪੁਸਤਕ 'ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ' ਵਿਚੋਂ ਲਿਆ ਗਿਆ ਹੈ।

ਗੁਰੂ ਜੀ ਨੇ 'ਜਪੁ ਜੀ' ਨੂੰ ਛੱਡਕੇ ਬਾਕੀ ਸਾਰੀ ਬਾਣੀ ਰਾਗਾਂ ਵਿਚ ਰਚੀ ਹੈ। ਆਪ ਜੀ ਨੇ 19 ਰਾਗਾਂ ਦੀ ਵਰਤੋਂ ਕੀਤੀ ਹੈ।

**ਬਾਣੀ ਦਾ ਵੇਰਵਾ :**

1) 'ਜਪੁ'–ਇਹ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਆਰੰਭ ਵਿਚ ਹੀ ਹੈ।
2) ਸਿਰੀ ਰਾਗ–ਸ਼ਬਦ ੩੩, ਅਸ਼ਟਪਦੀਆਂ ੧੭+੧, ਪਹਰੇ ੨, ਸਲੋਕ ੭ ('ਵਾਰ' ਵਿਚ ਦਰਜ)।
3) ਮਾਝ–ਅਸਟਪਦੀ ੧, 'ਵਾਰ'–੨੭ ਪਉੜੀਆਂ, ਸਲੋਕ ੪੬ (ਵਾਰ ਵਿਚ)
4) ਗਉੜੀ–ਸ਼ਬਦ ੨੦, ਅਸ਼ਟਪਦੀਆਂ ੧੮, ਛੰਤ ੨
5) ਆਸਾ–ਸ਼ਬਦ ੪੦, ਅਸ਼ਟਪਦੀਆਂ ੨੨, ਪਟੀ ੧, ਛੰਤ ੫, 'ਵਾਰ' ੨੪ ਪਉੜੀਆਂ ਦੀ, ਸਲੋਕ ੪੪ (ਵਾਰ ਵਿਚ)।
6) ਗੂਜਰੀ–ਸ਼ਬਦ ੨, ਅਸ਼ਟਪਦੀਆਂ ੫
7) ਬਿਹਾਗੜਾ–ਕੇਵਲ ਸਲੋਕ ੫ ('ਵਾਰ' ਵਿਚ ਦਰਜ ਹਨ)। ਇਸ ਰਾਗ ਵਿਚ ਆਪਦੀ ਕੋਈ ਬਾਣੀ ਨਹੀਂ।
8) ਵਡਹੰਸ–ਸ਼ਬਦ ੩, ਛੰਤ ੨, ਅਲਾਹਣੀਆਂ ੫, ਸਲੋਕ ੩ (ਵਾਰ ਵਿਚ)

9) ਸੋਰਠਿ–ਸ਼ਬਦ ੧੨, ਅਸ਼ਟਪਦੀਆਂ ੪, ਸਲੋਕ ੨ (ਵਾਰ ਵਿਚ)

10) ਧਨਾਸਰੀ–ਸ਼ਬਦ ੮, ਅਸ਼ਟਪਦੀਆਂ ੨, ਛੰਤ ੩

11) ਤਿਲੰਗ–ਸ਼ਬਦ ੫, ਅਸ਼ਟਪਦੀ ੧

12) ਸੂਹੀ–ਸ਼ਬਦ ੯, ਅਸ਼ਟਪਦੀਆਂ ੫, ਕੁਚਜੀ-ਸੁਚਜੀ ੨, ਛੰਤ ੫, ਸਲੋਕ ੨੧ (ਵਾਰ ਵਿਚ)

13) ਬਿਲਾਵਲ–ਸ਼ਬਦ ੪, ਅਸ਼ਟਪਦੀਆਂ ੨, ਛੰਤ ੨, ਸਲੋਕ ੨ (ਵਾਰ ਵਿਚ)

14) ਰਾਮਕਲੀ–ਸ਼ਬਦ ੧੧, ਅਸ਼ਟਪਦੀਆਂ ੯, 'ਓਅੰਕਾਰ' ੫੪ ਪਉੜੀਆਂ, 'ਸਿਧ ਗੋਸਟਿ' ੭੩ ਪਉੜੀਆਂ, ਸਲੋਕ ੧੯ (ਵਾਰਾਂ ਵਿਚ)

15) ਮਾਰੂ–ਸ਼ਬਦ ੧੨, ਅਸ਼ਟਪਦੀਆਂ ੧੧, ਸੋਲਹੇ ੨੨, ਸਲੋਕ ੧੮ (ਵਾਰਾਂ ਵਿਚ)

16) ਤੁਖਾਰੀ–ਛੰਤ ੬, (ਬਾਰਹਾਮਾਹਾ)

17) ਭੈਰਉ–ਸ਼ਬਦ ੮, ਅਸ਼ਟਪਦੀ ੧

18) ਬਸੰਤ–ਸ਼ਬਦ ੧੦, ਅਸ਼ਟਪਦੀਆਂ ੮

19) ਸਾਰੰਗ–ਸ਼ਬਦ ੩, ਅਸ਼ਟਪਦੀਆਂ ੨, ਸਲੋਕ ੩੩ ('ਵਾਰ' ਵਿਚ)

20) ਮਲਾਰ–ਸ਼ਬਦ ੯, ਅਸ਼ਟਪਦੀਆਂ ੫, 'ਵਾਰ' ੨੭ ਪਉੜੀਆਂ ਦੀ, ਸਲੋਕ ੨੫ (ਵਾਰ ਵਿਚ)।

21) ਪ੍ਰਭਾਤੀ–ਸ਼ਬਦ ੧੭, ਅਸ਼ਟਪਦੀਆਂ ੭

22) ਸਲੋਕ ਵਾਰਾਂ ਤੇ ਵਧੀਕ–੩੨

ਕੁਲ ਬਾਣੀ ਸ਼ਬਦ-੨੦੬, ਅਸ਼ਟਪਦੀਆਂ-੧੨੧, ਛੰਤ-੨੫, ਵਾਰਾਂ-੩, (ਇਨ੍ਹਾਂ ਵਾਰਾਂ ਦੀਆਂ ਪਉੜੀਆਂ ੭੮), ਸਲੋਕ ੨੫੬ (੧੨ 'ਵਾਰਾਂ' ਵਿਚ ਤੇ 'ਵਾਰਾਂ ਤੇ ਵਧੀਕ') ਉਚੇਚੀਆਂ ਬਾਣੀਆਂ--ਪਹਰੇ ੨, ਪਟੀ ੧, ਅਲਾਹਣੀਆਂ ੫, ਕੁਚੱਜੀ-੧, ਸੁਚੱਜੀ-੧, ਓਅੰਕਾਰ-੫੪ ਪਉੜੀਆਂ, ਸਿਧ ਗੋਸਟਿ-੭੩ ਪਉੜੀਆਂ, ਸੋਲਹੇ ੨੨।

# ਗੁਰੂ ਨਾਨਕ ਸਾਹਿਬ ਦੇ ਧਰਮ-ਸਿਧਾਂਤ

ਗੁਰੂ ਨਾਨਕ ਦੇਵ ਜੀ ਦੇ ਧਰਮ ਸਿਧਾਂਤਾਂ ਨੂੰ ਸਮਝਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਗੁਰਬਾਣੀ ਵਿਚ 'ਧਰਮ' ਦੀ ਵਿਆਖਿਆ ਕਿਵੇਂ ਕੀਤੀ ਗਈ ਹੈ।

ਗੁਰਬਾਣੀ ਦੇ ਅਧਿਐਨ ਤੋਂ ਇਹ ਗਲ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ-ਗੁਰੂਆਂ ਨੇ 'ਧਰਮ' ਨੂੰ ਨਿਰਾ ਪ੍ਰਭੂ ਦੀ ਜਾਣਕਾਰੀ, ਉਸ ਨਾਲ ਮੇਲ ਦੇ ਸਾਧਨਾਂ ਜਾਂ ਪੂਜਾ-ਵਿਧੀਆਂ ਤੱਕ ਸੀਮਤ ਨਹੀਂ ਕੀਤਾ, ਸਗੋਂ ਇਸਨੂੰ ਇਕ ਸੰਪੂਰਨ ਅਤੇ ਆਦਰਸ਼ਕ ਜੀਵਨ-ਜਾਚ ਦੇ ਅਰਥਾਂ ਵਿਚ ਲਿਆ ਹੈ। ਧਰਮ ਦਾ ਸੰਬੰਧ ਮਨੁਖੀ-ਜੀਵਨ ਦੇ ਸਭ ਪੱਖਾਂ ਨਾਲ ਹੁੰਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਜਿਥੇ ਪ੍ਰਭੂ ਦੇ ਸਰੂਪ ਦੀ ਵਿਆਖਿਆ ਕੀਤੀ ਹੈ, ਪ੍ਰਭੂ-ਪ੍ਰਾਪਤੀ ਦਾ ਮਾਰਗ ਦਸਿਆ ਹੈ, ਵਜਦ ਵਿਚ ਆਕੇ ਪ੍ਰਭੂ-ਭਗਤੀ ਦੇ ਗੀਤ ਗਾਏ ਹਨ; ਉਥੇ ਸਮਾਜ ਵਿਚ ਆਈਆਂ ਬੁਰਾਈਆਂ ਦਾ ਜ਼ਿਕਰ ਕਰਕੇ, ਉਨ੍ਹਾਂ ਦੇ ਹੱਲ ਵੀ ਸੁਝਾਏ ਹਨ; ਸਮਾਜ ਦੇ ਆਰਥਕ ਢਾਂਚੇ ਅਤੇ ਰਾਜ-ਪ੍ਰਬੰਧ ਬਾਰੇ ਵੀ ਵਿਚਾਰ ਦਿੱਤੇ ਹਨ। ਆਪਣੇ ਜੀਵਨ ਕਾਲ ਵਿਚ ਉਨ੍ਹਾਂ ਨੇ ਅਧਰਮੀ (ਪਾਪੀ, ਜ਼ਬਰ-ਜ਼ੁਲਮ ਕਰਨ ਵਾਲੇ) ਰਾਜਿਆਂ ਦੀ ਬੜੇ ਸਖ਼ਤ ਸ਼ਬਦਾਂ ਵਿਚ ਅਲੋਚਨਾ ਕੀਤੀ ਹੈ। ਉਹ ਅਤੇ ਉਨ੍ਹਾਂ ਦੇ ਹੋਰ ਉਤਰਾਧਿਕਾਰੀ ਆਪਣੇ ਆਪਣੇ ਸਮੇਂ ਸਮਾਜ ਸੁਧਾਰ ਵਿਚ ਜੁਟੇ ਰਹੇ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਕਰਕੇ ਰਾਜਿਆਂ ਦੀ ਕ੍ਰੋਪੀ ਦਾ ਸ਼ਿਕਾਰ ਵੀ ਬਣੇ।

ਗੁਰੂ ਅਰਜੁਨ ਦੇਵ ਜੀ ਨੇ ਧਰਮ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ :—

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ॥ *(ਗਉੜੀ, ਸੁਖਮਨੀ—੨੬੬)*

ਇਸਦਾ ਅਰਥ ਹੈ : ਪ੍ਰਭੂ ਦਾ ਨਾਮ ਜਪਣਾ ਅਤੇ ਨਿਰਮਲ ਕੰਮ ਕਰਨਾ ਹੀ ਸਰੇਸ਼ਟ ਧਰਮ ਹੈ। 'ਨਿਰਮਲ ਕੰਮਾਂ' ਵਿਚ ਆਪਣੇ ਆਚਰਨ ਨੂੰ ਉਚਾ-ਸੁਚਾ ਰੱਖਣਾ, ਨਿਰਭਉ ਅਤੇ ਨਿਰਵੈਰ ਹੋਣਾ, ਨਾ ਕਿਸੇ ਨੂੰ ਡਰਾਉਣਾ ਤੇ ਨਾ ਹੀ ਜਬਰ-ਜ਼ੁਲਮ ਅੱਗੇ ਗੋਡੇ ਟੇਕਣਾ, ਸਮੂਹ ਮਨੁੱਖ ਜਾਤੀ ਦੀ ਬਿਨਾਂ ਦੇਸ਼, ਧਰਮ, ਜਾਤ, ਲਿੰਗ, ਰੰਗ ਦੇ ਵਿਤਕਰੇ ਦੇ ਸੇਵਾ ਕਰਨਾ... ਆਦਿ ਸਭ ਕੁਝ ਆ ਜਾਂਦਾ ਹੈ।

ਇੰਝ ਧਰਮ ਦਾਂ ਮਕਸਦ ਇਕ ਆਦਰਸ਼ਕ ਮਨੁੱਖ ਦੀ ਘਾੜਤ ਘੜਨਾ ਹੈ

ਜਾਂਦਾ ਹੈ ਜੋ ਜੀਵਨ ਦੇ ਸਭ ਪੱਖਾਂ—ਅਧਿਆਤਮਕ, ਸਮਾਜਕ, ਸਦਾਚਾਰਕ, ਆਰਥਕ, ਰਾਜਨੀਤਕ ਆਦਿ ਬਾਰੇ ਸਹੀ ਸੋਚਣੀ ਦਾ ਮਾਲਕ ਹੋਵੇ ਅਤੇ ਉਸ 'ਸੋਚਣੀ' ਮੁਤਾਬਿਕ ਅਮਲ ਵੀ ਕਰਦਾ ਹੋਵੇ।

ਉਪ੍ਰੋਕਤ ਵਿਚਾਰ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨੂੰ ਮੋਟੇ ਤੌਰ ਤੇ ਤਿੰਨ ਭਾਗਾਂ ਵਿਚ ਵੰਡਣਾ ਪਵੇਗਾ, ਉਹ ਹਨ—ਅਧਿਆਤਮਕ, ਸਮਾਜਕ ਅਤੇ ਰਾਜਨੀਤਕ।

**ੳ) ਅਧਿਆਤਮਕ ਵਿਚਾਰਧਾਰਾ**

1. ਮਨੁਖਾ-ਜੀਵਨ ਦਾ ਮਕਸਦ : ਮਨੁੱਖ ਲਈ ਸਭ ਤੋਂ ਵੱਡਾ ਸਵਾਲ ਹੀ ਇਹੀ ਹੈ ਕਿ ਉਸਦੇ ਜੀਵਨ ਦਾ ਮਕਸਦ ਕੀ ਹੈ; ਉਹ ਸੰਸਾਰ ਵਿਚ ਕਿਉਂ ਆਇਆ ਹੈ। ਨਾਸਤਕ ਅਤੇ ਪਦਾਰਥਵਾਦੀ ਮੱਤ ਤਾਂ ਮਨੁਖ ਨੂੰ 'ਖਾਓ, ਪੀਓ ਕਰੋ ਆਨੰਦ' ਦਾ ਉਪਦੇਸ਼ ਦਿੰਦੇ ਹਨ, ਪਰ ਧਰਮ ਤੇ ਖਾਸ ਤੌਰ ਤੇ ਗੁਰੂ ਨਾਨਕ ਦਾ ਧਰਮ ਇਹ ਚਾਹੁੰਦਾ ਹੈ ਕਿ ਮਨੁੱਖ ਉਚੇ-ਸੁਚੇ ਕਿਰਦਾਰ ਦਾ ਮਾਲਕ ਬਣ ਕੇ, ਸ਼ੁਭ ਗੁਣਾਂ ਨੂੰ ਅਪਣਾ ਕੇ, ਦੁਖ-ਸੁਖ ਤੋਂ ਨਿਰਲੇਪ ਰਹਿਣ ਦੀ ਅਵੱਸਥਾ ਨੂੰ ਪ੍ਰਾਪਤ ਕਰੇ ਅਤੇ ਵਿਕਾਰ-ਰਹਿਤ ਜੀਵਨ ਜੀਉਂਦਿਆਂ ਹੋਇਆਂ ਸਰਬ-ਸੰਸਾਰ ਦੇ ਭਲੇ ਲਈ ਸਰਗਰਮ ਰਹੇ। ਪਰ ਇਹੋ ਜਿਹਾ ਜੀਵਨ ਗੱਲਾਂ ਨਾਲ ਨਹੀਂ ਬਣ ਜਾਂਦਾ। ਅਜਿਹੇ ਜੀਵਨ ਦੀ ਘਾੜਤ ਪ੍ਰਭੂ ਦੀ ਸਿਫ਼ਤ-ਸਲਾਹ ਕਰਨ ਨਾਲ ਹੀ ਘੜੀ ਜਾ ਸਕਦੀ ਹੈ। ਪ੍ਰਭੂ ਆਪ ਸਮੂਹ ਗੁਣਾਂ ਦਾ ਖਜ਼ਾਨਾ ਹੈ, ਉਸ ਨੂੰ ਜਪਣ ਵਾਲੇ ਵੀ ਪ੍ਰਭੂ ਗੁਣਾਂ ਦੇ ਧਾਰਨੀ ਹੋ ਜਾਂਦੇ ਹਨ। ਉਹ ਪ੍ਰਭੂ ਨੂੰ ਆਪਣੇ ਅੰਗ ਸੰਗ ਪ੍ਰਤੀਤ ਕਰਕੇ ਵੱਡੀ ਤੋਂ ਵੱਡੀ ਔਕੜ ਅਤੇ ਦੁਖ ਦਾ ਸਾਹਮਣਾ ਵੀ ਸਹਿਜੇ ਹੀ ਕਰ ਲੈਂਦੇ ਹਨ। ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ :

ਜੈ ਸਿਉ ਰਾਤਾ, ਤੈਸੋ ਹੋਵੈ॥
ਆਪੇ ਕਰਤਾ ਕਰੇ ਸੁ ਹੋਵੈ॥ *(ਰਾਗ ਆਸਾ, ਮ: ੧-੪੧੧)*

ਇੰਝ ਮਨੁਖਾ ਜੀਵਨ ਨੂੰ ਸਕਾਰਥ ਕਰਨ ਲਈ ਪ੍ਰਭੂ ਦਾ ਨਾਮ ਜਪਣਾ, ਉਸਦੀ ਸਿਫ਼ਤ-ਸਲਾਹ ਕਰਨੀ, ਗੁਣ ਗਾਉਣੇ ਮਨੁੱਖ ਦਾ ਸਭ ਤੋਂ ਜ਼ਰੂਰੀ ਫਰਜ਼ ਬਣ ਜਾਂਦਾ ਹੈ :

ਵਣਜੁ ਕਰਹੁ ਵਣਜਾਰਿਹੋ, ਵਖਰੁ ਲੇਹੁ ਸਮਾਲਿ॥
ਤੈਸੀ ਵਸਤੁ ਵਿਸਾਹੀਐ, ਜੈਸੀ ਨਿਬਹੈ ਨਾਲਿ॥
ਅਗੈ ਸਾਹੁ ਸੁਜਾਣੁ ਹੈ, ਲੈਸੀ ਵਸਤੁ ਸਮਾਲਿ॥੧॥
ਭਾਈ ਰੇ, ਰਾਮੁ ਕਹਹੁ ਚਿਤੁ ਲਾਇ॥
ਹਰਿਜਸੁ ਵਖਰੁ ਲੈ ਚਲਹੁ, ਸਹੁ ਦੇਖੈ ਪਤੀਆਇ॥
*(ਸਿਰੀਰਾਗ, ਮ: ੧-੨੨)*

ਅਕਾਲ ਪੁਰਖ ਦਾ ਨਾਮ ਜਪਣ, ਅਥਵਾ ਉਸਦੀ ਸਿਫ਼ਤ ਸਲਾਹ ਕਰਨ ਨਾਲ ਮਨੁੱਖ ਦੇ ਮਨ ਤੋਂ ਵਿਕਾਰਾਂ ਅਤੇ ਪਾਪਾਂ ਦੀ ਮੈਲ ਲੱਥ ਜਾਂਦੀ ਹੈ, ਦੁਖਾਂ-ਕਲੇਸ਼ਾਂ ਦਾ ਨਾਸ ਹੁੰਦਾ ਹੈ ਅਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ :

—ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ *(ਜਪੁ ਜੀ-੪)*

**—ਗਾਵੀਐ ਸੁਣੀਐ ਮਨਿ ਰਖੀਐ ਭਾਉ॥**
**ਦੁਖ ਪਰਹਰਿ, ਸੁਖੁ ਘਰਿ ਲੈ ਜਾਇ॥** *(ਜਪੁ ਜੀ-੨)*

ਜਪੁ ਜੀ ਸਾਹਿਬ ਵਿਚ ਹੀ, ਮੰਨੈ ਦੀਆਂ ਪਉੜੀਆਂ, ਪਉੜੀ ਨੰ: ੧੨ ਤੋਂ ੧੫ ਤਕ, ਵਿਚ ਗੁਰੂ ਨਾਨਕ ਪਾਤਸ਼ਾਹ ਨੇ ਸਪੱਸ਼ਟ ਕਰ ਦਿਤਾ ਹੈ ਕਿ ਅਕਾਲ ਪੁਰਖ ਦਾ ਨਾਮ ਜਪਣ ਵਾਲੇ ਮਨੁੱਖ ਦੀ ਅਵਸਥਾ ਇੰਨੀ ਉਚੀ ਹੋ ਜਾਂਦੀ ਹੈ ਕਿ ਉਸਦਾ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਉਸਦੀ ਸੁਰਤ ਉਚੀ ਹੋ ਜਾਂਦੀ ਹੈ, ਮਨ ਵਿਚ ਜਾਗ੍ਰਤੀ ਆ ਜਾਂਦੀ ਹੈ, ਉਹ ਵਿਕਾਰਾਂ ਦੀਆਂ ਚੋਟਾਂ ਨਹੀਂ ਖਾਂਦਾ, ਜਨਮ ਮਰਨ ਦੇ ਗੇੜ ਤੋਂ ਬਚ ਜਾਂਦਾ ਹੈ, ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ।

ਜਿਹੜੇ ਮਨੁੱਖ ਆਪਣੇ ਜੀਵਨ ਵਿਚ ਪ੍ਰਭੂ ਦੀ ਸਿਫ਼ਤ-ਸਲਾਹ ਕਰਦੇ ਹਨ, ਉਸਦੇ ਗੁਣਾਂ ਦੀ ਵਿਚਾਰ ਕਰਦੇ ਹਨ, ਉਸਦੀ ਯਾਦ ਨੂੰ ਹਮੇਸ਼ਾ ਆਪਣੇ ਮਨ ਵਿਚ ਟਿਕਾਈ ਰਖਦੇ ਹਨ ਅਤੇ ਨਾਮ-ਮਾਰਗ ਉਪਰ ਚੱਲ ਕੇ ਸੱਚਾ-ਸੁੱਚਾ ਤੇ ਸਰਬਤ ਦੇ ਭਲੇ ਵਾਲਾ ਜੀਵਨ ਬਤੀਤ ਕਰਦੇ ਹਨ, ਉਹ ਇਥੋਂ ਆਪਣਾ ਜੀਵਨ ਸਫਲ ਕਰਕੇ ਜਾਂਦੇ ਹਨ ਅਤੇ ਪ੍ਰਭੂ-ਨਜ਼ਰਾਂ ਵਿਚ ਕਬੂਲ ਪੈਂਦੇ ਹਨ। ਜਪੁ ਜੀ ਦੇ ਅਖੀਰ ਵਿਚ, ਸਲੋਕ ਵਿਚ, ਗੁਰਦੇਵ ਫੁਰਮਾਉਂਦੇ ਹਨ।

ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ॥੧॥ *(ਜਪੁ ਜੀ-੮)*

2. ਪ੍ਰਭੂ ਦੀ ਪਛਾਣ-ਸਰੂਪ—ਨਾਮ ਸਿਮਰਨ ਦੇ ਮਾਰਗ ਉਪਰ ਤੁਰਨ ਤੋਂ ਪਹਿਲਾਂ ਇਸ ਗੱਲ ਦਾ ਪਤਾ ਵੀ ਲੱਗ ਜਾਣਾ ਚਾਹੀਦਾ ਹੈ ਕਿ ਕਿਸ 'ਪ੍ਰਭੂ' ਦਾ ਨਾਮ ਸਿਮਰਨਾ ਹੈ। ਭਾਰਤ ਵਿਚ ਲੋਕੀਂ ਕਈ ਸਾਰੇ ਦੇਵੀ-ਦੇਵਤਿਆਂ ਨੂੰ ਰੱਬ ਸਮਝ ਕੇ ਉਨ੍ਹਾਂ ਦੀ ਪੂਜਾ ਕਰਦੇ ਸਨ; ਮੂਰਤੀ ਪੂਜਾ ਜੋਰਾਂ ਤੇ ਸੀ। ਪਹਿਲਾਂ ਦੇ ਧਰਮਾਂ ਨੇ ਇਹ ਵਿਚਾਰ ਫੈਲਾਇਆ ਹੋਇਆ ਸੀ ਕਿ ਪ੍ਰਭੂ, ਮਨੁਖਾ ਦੇਹ (ਸਰੀਰ) ਧਾਰ ਕੇ ਦੇਵਤਿਆਂ ਦੇ ਰੂਪ ਵਿਚ ਸੰਸਾਰ ਵਿਚ ਆਉਂਦਾ ਹੈ। ਇਸੇ ਵਿਸ਼ਵਾਸ ਅਧੀਨ ਹੀ ਦੇਵ-ਪੂਜਾ ਪ੍ਰਚਲਤ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਇਸ ਵਿਚਾਰ ਨਾਲ ਉਕਾ ਹੀ ਸਹਿਮਤ ਨਹੀਂ ਹਨ; ਉਹ ਤਾਂ ਕਹਿੰਦੇ ਹਨ ਕਿ ਪ੍ਰਭੂ ਕਦੇ ਵੀ ਜਨਮ ਨਹੀਂ ਲੈਂਦਾ ਅਤੇ ਦੇਵੀ-ਦੇਵਤਿਆਂ ਦੀ ਪੂਜਾ ਮਨੁੱਖ ਨੂੰ ਪ੍ਰਭੂ ਨਾਲੋਂ

ਤੋੜਦੀ ਹੈ। ਜਿਹੜੇ ਮਨੁੱਖ ਇਕ ਅਕਾਲ ਪੁਰਖ ਨੂੰ ਛੱਡਕੇ ਕਿਸੇ ਹੋਰ ਦੇਵੀ-ਦੇਵਤੇ ਦੀ ਪੂਜਾ ਕਰਦੇ ਹਨ, ਉਨ੍ਹਾਂ ਦਾ ਜੀਵਨ ਵਿਅਰਥ ਚਲਾ ਜਾਂਦਾ ਹੈ—ਉਹ ਸੰਸਾਰ ਸਾਗਰ ਨੂੰ ਤਰਨ ਦੀ ਥਾਂ, ਇਸ ਵਿਚ ਡੁੱਬ ਜਾਂਦੇ ਹਨ:

ਖਸਮੁ ਛੋਡਿ ਦੂਜੇ ਲਗੇ, ਡੁਬੇ ਸੇ ਵਣਜਾਰਿਆ॥

*(ਆਸਾ ਕੀ ਵਾਰ, ੪੭੦)*

ਸਿੱਖਾਂ ਨੂੰ ਦੇਵੀ-ਦੇਵਤਿਆਂ ਦੀ ਪੂਜਾ ਤੋਂ ਬਚਾਉਣ ਲਈ, ਗੁਰੂ ਨਾਨਕ ਦੇਵ ਜੀ ਨੇ 'ਮੂਲ ਮੰਤ੍ਰ' ਵਿਚ ਪ੍ਰਭੂ ਦੇ ਸਰੂਪ ਦਾ ਬਿਆਨ ਕੀਤਾ ਹੈ। ਕਵੀ ਲੋਕ ਕੋਈ ਨਵੀਂ ਰਚਨਾ ਕਰਨ ਸਮੇਂ ਆਪਣੇ ਇਸ਼ਟ ਦੀ ਉਸਤਤ ਵਿਚ 'ਮੰਗਲਾ ਚਰਣ' ਲਿਖਿਆ ਕਰਦੇ ਸਨ। 'ਮੂਲ ਮੰਤ੍ਰ' ਵੀ ਮੰਗਲਾਚਰਣ ਹੀ ਹੈ, ਜੋ ਹਰੇਕ ਰਾਗ ਅਥਵਾ ਬਾਣੀ ਦੇ ਆਰੰਭ ਵਿਚ ਲਿਖਿਆ ਹੁੰਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਆਰੰਭ ਵਿਚ, 'ਜਪੁ' ਜੀ ਨੂੰ ਲਿਖਣ ਤੋਂ ਪਹਿਲਾਂ ਵੀ 'ਮੂਲ-ਮੰਤ੍ਰ' ਲਿਖਿਆ ਗਿਆ ਹੈ; ਜੋ ਇਸ ਪ੍ਰਕਾਰ ਹੈ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਇਸਦਾ ਅਰਥ ਹੈ : ਅਕਾਲ ਪੁਰਖ ਇਕ ਹੈ, ਉਸਦਾ ਨਾਮ ਹੋਂਦ ਵਾਲਾ ਹੈ (ਭਾਵ ਉਸਦੀ ਹੋਂਦ ਹਰ ਸਮੇਂ ਹੈ), ਉਹ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ, ਸਭ ਵਿਚ ਵਿਆਪਕ ਹੈ, ਡਰ ਰਹਿਤ ਹੈ, ਵੈਰ ਰਹਿਤ ਹੈ, ਉਸਦਾ ਸਰੂਪ ਕਾਲ ਤੋਂ ਪਰੇ ਹੈ (ਭਾਵ ਉਹ ਨਾਸ-ਰਹਿਤ ਹੈ), ਉਹ ਜੂਨਾਂ ਵਿਚ ਨਹੀਂ ਆਉਂਦਾ—ਜਨਮ ਨਹੀਂ ਲੈਂਦਾ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੀ ਹੋਇਆ ਹੈ ਭਾਵ, ਉਸਨੂੰ ਪੈਦਾ ਕਰਨ/ਬਣਾਉਣ ਵਾਲਾ ਕੋਈ ਹੋਰ ਨਹੀਂ ਹੈ; ਉਹ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।

ਮੂਲ ਮੰਤ੍ਰ ਅਥਵਾ ਮੰਗਲਾਚਰਣ ਸਿੱਖ-ਵਿਚਾਰਧਾਰਾ ਦਾ ਕੇਂਦਰੀ ਧੁਰਾ ਹੈ। ਇਸਦੇ ਉਪਰ ਸਿੱਖ ਫਲਸਫੇ ਦੀ ਉਸਾਰੀ ਹੋਈ ਹੈ। ਇਸ ਵਿਚਲੇ ਵਿਚਾਰਾਂ ਨੂੰ ਮੁੜ ਮੁੜ ਦੁਹਰਾਇਆ ਗਿਆ ਹੈ ਅਤੇ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਆਏ ਕੁਝ ਵਿਚਾਰ ਹੇਠਾਂ ਅੰਕਤ ਕੀਤੇ ਜਾਂਦੇ ਹਨ।

**(i) ਅਕਾਲ ਪੁਰਖ ਕੇਵਲ ਇਕ ਹੈ।**

—ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥

*(ਬਿਲਾਵਲੁ, ਮ: ੧, ਪੰਨਾ ੮੩੮)*

—ਏਕੰਕਾਰੁ ਅਵਰ ਨਹੀ ਦੂਜਾ, ਨਾਨਕ ਏਕੁ ਸਮਾਈ॥
(ਰਾਮਕਲੀ, ਮ: ੧, ਪੰਨਾ ੯੩੦)

—ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥
(ਆਸਾ, ਮ: ੧, ਪੰਨਾ ੩੫੦)

—ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾ ਧਰਾ॥
ਅਸਤਿ ਏਕ, ਦਿਗਰਿ ਕੁਈ॥ ਏਕ ਤੁਈ ਏਕ ਤੁਈ॥
(ਮਾਝ ਕੀ ਵਾਰ, ਸਲੋਕ ਮ: ੧, ਪੰਨਾ ੧੪੩)

—ਤਿਸਹਿ ਸਰੀਕੁ ਨ ਦੀਸੈ ਕੋਈ,
ਆਪੇ ਅਪਰ ਅਪਾਰਾ ਹੇ॥ (ਮਾਰੂ, ਮ: ੧, ਪੰਨਾ ੧੦੨੬)

**(ii) ਅਕਾਲ ਪੁਰਖ ਹੋਂਦ ਵਾਲਾ ਹੈ :**

—ਆਦਿ ਸਚੁ, ਜੁਗਾਦਿ ਸਚੁ॥
ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ॥ (ਜਪੁ ਜੀ)

—ਤੂ ਸਦਾ ਸਲਾਮਤਿ ਨਿਰੰਕਾਰ॥ (ਜਪੁ ਜੀ)

—ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥ (ਜਪੁ ਜੀ)

—ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥
(ਮਾਰੂ, ਸੋਲਹੇ, ਮ: ੫, ਪੰਨਾ ੧੦੮੩)

**(iii) ਅਕਾਲ ਪੁਰਖ ਸਾਰੇ ਬ੍ਰਹਮੰਡ ਨੂੰ ਬਣਾਉਣ ਵਾਲਾ ਹੈ ਤੇ ਉਸ ਵਿਚ ਸਰਬ ਵਿਆਪਕ ਹੈ :**

—ਤੂੰ ਕਰਤਾ ਪੁਰਖੁ ਅਗੰਮੁ ਹੈ, ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ, ਬਹੁ ਬਹੁ ਬਿਧਿ ਭਾਤੀ॥
ਤੂੰ ਜਾਣਹਿ ਜਿਨਿ ਉਪਾਈਐ, ਸਭੁ ਖੇਲੁ ਤੁਮਾਤੀ॥
(ਮਾਝ ਕੀ ਵਾਰ, ਪੰਨਾ ੧੩੮)

—ਤੁਧੁ ਸੰਸਾਰੁ ਉਪਾਇਆ॥ ਸਿਰੇ ਸਿਰਿ ਧੰਧੇ ਲਾਇਆ॥
ਵੇਖਹਿ ਕੀਤਾ ਆਪਣਾ, ਕਰਿ ਕੁਦਰਤਿ ਪਾਸਾ ਢਾਲਿ ਜੀਉ॥
(ਸ੍ਰੀ ਰਾਗ, ਮ: ੧-੭੧)

—ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ, ਆਪੇ ਕਰਤਾ ਕਾਰੀ॥
(ਰਾਮਕਲੀ, ਮ: ੧-੯੦੮)

—ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥ ਰਹਾਉ॥
ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ,
ਅਕਲ ਕਲਾ ਭਰਪੂਰਿ ਰਹਿਆ॥

*(ਆਸਾ ਕੀ ਵਾਰ, ਸਲੋਕ ਮ: ੧-੪੬੯)*

—ਸਭ ਮਹਿ ਜੋਤਿ, ਜੋਤਿ ਹੈ ਸੋਇ॥
ਤਿਸ ਕੈ ਚਾਨਣਿ, ਸਭ ਮਹਿ ਚਾਨਣੁ ਹੋਇ॥

*(ਧਨਾਸਰੀ, ਮ: ੧-੬੬੩)*

—ਪੁੜੁ ਧਰਤੀ, ਪੁੜੁ ਪਾਣੀ, ਆਸਣੁ ਚਾਰਿ ਕੁੰਟ ਚਉਬਾਰਾ॥
ਸਗਲ ਭਵਣ ਕੀ ਮੂਰਤਿ ਏਕਾ, ਮੁਖਿ ਤੇਰੈ ਟਕਸਾਲਾ॥੧॥
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ,
ਆਪੇ ਸਰਬ ਸਮਾਣਾ॥ ਰਹਾਉ॥
ਜਹ ਜਹ ਦੇਖਾ ਤਹਿ ਜੋਤਿ ਤੁਮਾਰੀ, ਤੇਰਾ ਰੂਪੁ ਕਿਨੇਹਾ॥
ਇਕਤੁ ਰੂਪਿ ਫਿਰਹਿ ਪਰਛੰਨਾ, ਕੋਇ ਨ ਕਿਸਹੀ ਜੇਹਾ॥੨॥
ਅੰਡਜ ਜੇਰਜ ਉਤਭੁਜ ਸੇਤਜ, ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ, ਤੂ ਸਭਨਾ ਮਾਹਿ ਰਵੰਤਾ॥

*(ਸੋਰਠਿ, ਮ: ੧-੫੯੬)*

**(iv) ਅਕਾਲ ਪੁਰਖ ਕਿਸੇ ਤੋਂ ਵੀ ਨਹੀਂ ਡਰਦਾ, ਭੈ-ਰਹਿਤ ਹੈ :**

—ਸਗਲਿਆ ਭਉ ਲਿਖਿਆ ਸਿਰਿ ਲੇਖੁ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥

*(ਆਸਾ ਕੀ ਵਾਰ, ਮ: ੧-੪੬੪)*

—ਨਾਨਕ ਨਿਰਭਉ ਨਿਰੰਕਾਰੁ, ਹੋਰਿ ਕੇਤੇ ਰਾਮ ਰਵਾਲ॥

*(ਆਸਾ ਕੀ ਵਾਰ, ਮ: ੧-੪੬੪)*

—ਏਕੋ ਕਉ ਨਾਹੀ ਭਉ ਕੋਇ॥
ਕਰਤਾ ਕਰੇ ਕਰਾਵੈ ਸੋਇ॥ *(ਬਿਲਾਵਲ, ਮ: ੧-੭੯੬)*

**(v) ਅਕਾਲ ਪੁਰਖ ਨਿਰਵੈਰ ਹੈ :**

—ਜੁਗਿ ਜੁਗਿ ਥਾਪਿ, ਸਦਾ ਨਿਰਵੈਰੁ॥
ਜਨਮਿ ਮਰਣਿ ਨਹੀ ਧੰਧਾ ਧੈਰੁ॥ *(ਰਾਮਕਲੀ, ਮ: ੧-੯੩੧)*

—ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥

(ਸੋਰਠਿ, ਮ: ੧-੫੯੬)

(vi) ਅਕਾਲ ਪੁਰਖ ਦੀ ਹੋਂਦ ਉਤੇ ਸਮੇਂ ਦਾ ਕੋਈ ਅਸਰ ਨਹੀਂ; ਉਸ ਨੂੰ ਮੌਤ ਨਹੀਂ ਆਉਂਦੀ ਅਤੇ ਉਸ ਦੀ ਹੋਂਦ ਸਦੀਵੀ ਹੈ :

—ਆਦਿ ਸਚੁ, ਜੁਗਾਦਿ ਸਚੁ॥
ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ॥ (ਜਪੁ ਜੀ ੧)

—ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ॥

(ਜਪੁ ਜੀ ੭)

—ਤੂ ਅਕਾਲ ਪੁਰਖੁ, ਨਾਹੀ ਸਿਰਿ ਕਾਲਾ॥ (ਮਾਰੂ, ਮ: ੧-੧੦੩੮)

—ਅਸਥਿਰੁ ਕਰਤਾ ਦੇਖੀਐ, ਹੋਰੁ ਕੇਤੀ ਆਵੈ ਜਾਇ॥

(ਸਿਰੀ ਰਾਗ, ਅਸ਼ਟਪਦੀ, ਮ: ੧-੫੪)

—ਨਾ ਓਹੁ ਮਰੈ, ਨ ਹੋਵੈ ਸੋਗੁ॥ (ਆਸਾ ਮ: ੧ ਚਉਪਦੇ ੩੪੯)

(vii) ਅਕਾਲ ਪੁਰਖ ਅਜੂਨੀ ਹੈ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ :

—ਨਾ ਤਿਸੁ ਬਾਪੁ ਨ ਮਾਇ, ਕਿਨਿ ਤੂ ਜਾਇਆ॥
ਨਾ ਤਿਸੁ ਰੂਪ ਨ ਰੇਖ, ਵਰਨ ਸਬਾਇਆ॥

(ਮਲਾਰ ਕੀ ਵਾਰ, ਮ: ੧-੧੨੭੯)

—ਜਾਤਿ ਅਜਾਤਿ ਅਜੋਨੀ ਸੰਭਉ, ਨਾ ਤਿਸੁ ਭਾਉ ਨ ਭਰਮਾ॥

(ਸੋਰਠਿ, ਮ: ੧-੫੯੭)

(viii) ਅਕਾਲ ਪੁਰਖ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੀ ਹੋਇਆ ਹੈ :

—ਥਾਪਿਆ ਨ ਜਾਇ, ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥ (ਜਪੁ ੨)

—ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ॥

(ਆਸਾ ਕੀ ਵਾਰ, ਮ: ੧-੪੬੩)

—ਸਚੁ ਸਿਰੰਦਾ ਸਚਾ ਜਾਣੀਐ, ਸਚੜਾ ਪਰਵਦਗਾਰੋ॥
ਜਿਨਿ ਆਪੀਨੈ ਆਪੁ ਸਾਜਿਆ, ਸਚੜਾ ਅਲਖ ਅਪਾਰੋ॥

(ਵਡਹੰਸ, ਮ: ੧-੫੮੦)

(ix) ਅਕਾਲ ਪੁਰਖ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ :

ਗੁਰੂ ਨਾਨਕ ਸਾਹਿਬ ਨੇ ਇਹ ਗੱਲ ਬੜੀ ਸਪਸ਼ਟ ਕਰ ਕੇ ਆਖੀ ਹੈ ਕਿ ਪ੍ਰਭੂ ਦੀ ਪ੍ਰਾਪਤੀ ਗੁਰੂ ਦੀ ਸ਼ਰਨ ਵਿਚ ਆਉਣ ਤੋਂ ਬਿਨਾਂ ਨਹੀਂ ਹੋ ਸਕਦੀ :

—ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ, ਜਿਨਿ ਵਿਚਹੁ ਮੋਹੁ ਚੁਕਾਇਆ॥
ਉਤਮੁ ਏਹੁ ਬੀਚਾਰੁ ਹੈ, ਜਿਨਿ ਸਚੇ ਸਿਉ ਚਿਤੁ ਲਾਇਆ॥
ਜਗ ਜੀਵਨੁ ਦਾਤਾ ਪਾਇਆ॥ *(ਆਸਾ ਕੀ ਵਾਰ, ਮ: ੧-੪੬੬)*

ਗੁਰੂ,ਹੀ ਮਨੁੱਖ ਨੂੰ ਪ੍ਰਭੂ ਦਾ ਮਿਲਾਪ ਕਰਾਉਂਦਾ ਹੈ :

—ਪ੍ਰਭੁ ਹਰਿਮੰਦਰੁ ਸੋਹਣਾ, ਤਿਸੁ ਮਹਿ ਮਾਣਕ ਲਾਲ॥
ਮੋਤੀ ਹੀਰਾ ਨਿਰਮਲਾ, ਕੰਚਨ ਕੋਟ ਰੀਸਾਲ॥
ਬਿਨੁ ਪਉੜੀ ਗੜਿ ਕਿਉ ਚੜਉ, ਗੁਰ ਹਰਿ ਧਿਆਨ ਨਿਹਾਲ॥੨॥
ਗੁਰੁ ਪਉੜੀ, ਬੇੜੀ ਗੁਰੂ, ਗੁਰੁ ਤੁਲਹਾ ਹਰਿਨਾਉ॥
ਗੁਰੁ ਸਰੁ ਸਾਗਰੁ ਬੋਹਿਥੋ, ਗੁਰੁ ਤੀਰਥੁ ਦਰੀਆਉ॥
ਜੇ ਤਿਸੁ ਭਾਵੈ ਊਜਲੀ, ਸਤਸਰਿ ਨਾਵਣ ਜਾਉ॥
*(ਸ੍ਰੀ ਰਾਗ, ਮ: ੧-੧੭)*

—ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ,
ਬਿਨੁ ਨਾਮੈ ਭਰਮੁ ਨ ਜਾਈ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ, ਆਵਣੁ ਜਾਣੁ ਰਹਾਈ॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ, ਮਨੁ ਨਿਰਮਲੁ ਸਾਚਿ ਸਮਾਈ॥
ਗੁਰੁ ਸੇਵੇ ਸੋ ਬੂਝੈ ਭਾਈ, ਗੁਰ ਬਿਨੁ ਮਗੁ ਨ ਪਾਈ॥੪॥
*(ਸੋਰਠਿ, ਮ: ੧-੬੩੫)*

ਪ੍ਰਭੂ ਦੀ ਪ੍ਰਾਪਤੀ ਕੇਵਲ ਗੁਰੂ ਦੇ 'ਦਰਸ਼ਨ' ਨਾਲ ਹੀ ਨਹੀਂ ਹੋ ਜਾਂਦੀ, ਸਗੋਂ ਗੁਰੂ ਦੀ ਸਿਖਿਆ ਉਤੇ ਚੱਲਣ ਨਾਲ ਹੁੰਦੀ ਹੈ। ਸਤਿਗੁਰੂ ਆਪਣੀ ਸਿਖਿਆ ਰੂਪੀ ਸ਼ਬਦ ਰਾਹੀਂ ਖੋਟੇ ਨਿਕੰਮੇ, ਨਿਰਬੁਧ ਬੰਦਿਆਂ ਨੂੰ ਖਰੇ, ਉੱਤਮ ਗੁਣਾਂ ਦੇ ਧਾਰਨੀ ਬਣਾ ਦਿੰਦਾ ਹੈ :

—ਸਤਿਗੁਰੁ ਖੋਟਿਅਹੁ ਖਰੇ ਕਰੇ, ਸਬਦਿ ਸਵਾਰਣਹਾਰੁ॥
*(ਮਾਝ ਕੀ ਵਾਰ, ਮ: ੧-੧੪੩)*

—ਮਤਿ ਵਿਚਿ ਰਤਨ ਜਵਾਹਰ ਮਾਣਿਕ,
ਜੇ ਇਕ ਗੁਰ ਕੀ ਸਿਖ ਸੁਣੀ॥ *(ਜਪੁਜੀ-੨)*

—ਗੁਰ ਸਬਦਿ ਵਿਗਾਸੀ, ਸਹੁ ਰਾਵਾਸੀ, ਫਲੁ ਪਾਇਆ ਗੁਣਕਾਰੀ॥
ਨਾਨਕ ਸਾਚੁ ਮਿਲੈ ਵਡਿਆਈ, ਪਿਰ ਘਰਿ ਸੋਹੈ ਨਾਰੀ॥

*(ਧਨਾਸਰੀ, ਮ: ੧-੬੮੯)*

—ਕੁਦਰਤਿ ਦੇਖਿ ਰਹੇ ਮਨੁ ਮਾਨਿਆ॥
ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ॥
ਨਾਨਕ ਆਤਮ ਰਾਮੁ ਸਬਾਇਆ,
ਗੁਰ ਸਤਿਗੁਰ ਅਲਖੁ ਲਖਾਇਆ॥ *(ਮਾਰੂ, ਮ: ੧-੧੦੪੩)*

—ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥
ਗੁਰ ਕੈ ਸਬਦਿ ਮਨ ਕਉ ਸਮਝਾਵਹਿ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ,
ਇਉ ਆਤਮਰਾਮੈ ਲੀਨਾ ਹੇ॥ *(ਮਾਰੂ ਸੋਲਹੇ, ਮ: ੧-੧੦੨੮)*

ਗੁਰੂ ਦਾ ਸ਼ਬਦ, ਗੁਰੂ ਦੀ ਬਾਣੀ ਅਥਵਾ ਗੁਰੂ ਦਾ ਗਿਆਨ ਹੀ ਪ੍ਰਭੂ ਪ੍ਰਾਪਤੀ ਦਾ ਕੇਵਲ ਇਕ ਮਾਤਰ ਵਸੀਲਾ ਹੈ, ਇਸ ਲਈ ਗੁਰੂ ਦਾ ਸ਼ਬਦ ਹੀ 'ਗੁਰੂ' ਹੁੰਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾਂ ਸੰਸਾਰ ਦੇ ਲੋਕੀ ਓਝੜੇ ਪਏ ਰਹਿੰਦੇ ਹਨ, ਖੁਆਰ ਹੁੰਦੇ ਹਨ, ਪਰ ਸ਼ਬਦ ਦੇ ਲੜ ਲੱਗ ਕੇ ਸੰਸਾਰ ਸਾਗਰ ਤਰ ਜਾਂਦੇ ਹਨ, ਆਪਣਾ ਜੀਵਨ ਸਫਲ ਕਰ ਲੈਂਦੇ ਹਨ। ਗੁਰਵਾਕ ਹੈ :

—ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ॥
ਪੂਰਾ ਬੈਰਾਗੀ ਸਹਜਿ ਸੁਭਾਗੀ, ਸਚੁ ਨਾਨਕ ਮਨੁ ਮਾਨੰ॥

*(ਸੋਰਠਿ, ਮ: ੧-੬੩੫)*

—ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

*(ਰਾਮਕਲੀ, ਮ: ੧, ਸਿਧ ਗੋਸਟਿ-੯੪੩)*

3. ਪ੍ਰਭੂ ਦਾ ਨਿਰਗੁਣ ਤੇ ਸਰਗੁਣ ਸਰੂਪ – ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਪ੍ਰਭੂ ਬਾਰੇ ਦੋ ਵਿਚਾਰ ਪ੍ਰਚਲਤ ਸਨ—ਇਕ ਸੀ ਕਿ ਪ੍ਰਭੂ ਸਰੀਰ ਧਾਰ ਕੇ ਦੇਵਤਿਆਂ ਦੇ ਰੂਪ ਵਿਚ ਇਸ ਸੰਸਾਰ ਵਿਚ ਆਉਂਦਾ ਹੈ। ਇਸੇ ਵਿਚਾਰ ਅਧੀਨ ਹੀ ਵੇਦਾਂ ਵਿਚ ਦੇਵਤਿਆਂ ਦੀ ਉਸਤਤ ਵਿਚ ਮੰਤਰ ਉਚਾਰੇ ਗਏ ਹਨ। ਗੀਤਾ ਵਿਚ ਇਸ ਸਿਧਾਂਤ ਉਤੇ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ। ਇਸ ਦੇ ਉਲਟ ਉਪਨਿਸ਼ਦਾਂ ਵਿਚ ਇਹ ਵਿਚਾਰ ਵੀ ਦਿਤਾ ਗਿਆ ਸੀ ਕਿ ਪ੍ਰਭੂ ਇਸ ਸੰਸਾਰ ਤੋਂ ਦੂਰ ਹੈ ਅਤੇ ਉਸ ਦਾ ਕੋਈ ਸਰੀਰ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੇ ਦੋਹਾਂ ਸਰੂਪਾਂ—ਨਿਰਗੁਣ ਅਤੇ ਸਰਗੁਣ

ਨੂੰ ਮੰਨਿਆ ਹੈ, ਪਰ ਪਹਿਲੋਂ ਪ੍ਰਚਲਿਤ ਅਰਥਾਂ ਵਿਚ ਨਹੀਂ, ਸਗੋਂ ਇਨ੍ਹਾਂ ਨੂੰ ਨਵੇਂ ਅਰਥ ਦਿਤੇ ਹਨ।

ਸਿੱਖ ਸਤਿਗੁਰਾਂ ਨੇ ਇਸ ਗੱਲ ਉਤੇ ਬਹੁਤ ਜ਼ੋਰ ਦਿਤਾ ਹੈ ਕਿ ਪ੍ਰਭੂ ਦਾ ਕੋਈ ਸਰੀਰ ਨਹੀਂ ਹੈ, ਉਸ ਨੂੰ ਜਨਮ ਦੇਣ/ਬਣਾਉਣ ਵਾਲਾ ਹੋਰ ਕੋਈ ਨਹੀਂ ਹੈ, ਅਤੇ ਉਹ ਅਵਤਾਰ ਨਹੀਂ ਧਾਰਦਾ। ਹਿੰਦੂਆਂ ਵਿਚ ਸ੍ਰੀ ਰਾਮ ਤੇ ਕ੍ਰਿਸ਼ਨ ਨੂੰ ਰੱਬ ਦੇ ਅਵਤਾਰ ਵਜੋਂ ਪੂਜਿਆ ਜਾਂਦਾ ਹੈ, ਪਰ ਗੁਰੂ ਨਾਨਕ ਪਾਤਸ਼ਾਹ ਉਨ੍ਹਾਂ 'ਭਗਵਾਨਾਂ' ਨੂੰ ਅਕਾਲਪੁਰਖ ਦੇ ਸਾਹਵੇਂ ਬਹੁਤ ਤੁੱਛ ਜਿਹੇ ਜੀਵਾਂ ਦੇ ਰੂਪ ਵਿਚ ਵੇਖਦੇ ਹਨ :—

ਪਉਣੁ ਉਪਾਇ ਧਰੀ ਸਭ ਧਰਤੀ,<br>
ਜਲ ਅਗਨੀ ਕਾ ਬੰਧੁ ਕੀਆ॥<br>
ਅੰਧੁਲੈ ਦਹਸਿਰਿ ਮੂੰਡੁ ਕਟਾਇਆ,<br>
ਰਾਵਣੁ ਮਾਰਿ ਕਿਆ ਵਡਾ ਭਇਆ॥੧॥<br>
ਕਿਆ ਉਪਮਾ ਤੇਰੀ ਆਖੀ ਜਾਇ॥<br>
ਤੂੰ ਸਰਬੇ ਪੂਰਿ ਰਹਿਆ ਲਿਵ ਲਾਇ॥੧॥ ਰਹਾਉ॥<br>
ਜੀਅ ਉਪਾਇ ਜੁਗਤਿ ਹਥਿ ਕੀਨੀ,<br>
ਕਾਲੀ ਨਥਿ ਕਿਆ ਵਡਾ ਭਇਆ॥<br>
ਕਿਸੁ ਤੂੰ ਪੁਰਖੁ, ਜੋਰੂ ਕਉਣ ਕਹੀਐ,<br>
ਸਰਬ ਨਿਰੰਤਰਿ ਰਵਿ ਰਹਿਆ॥੨॥<br>
ਨਾਲਿ ਕੁਟੰਬੁ ਸਾਥਿ ਵਰਦਾਤਾ,<br>
ਬ੍ਰਹਮਾ ਭਾਲਣ ਸ੍ਰਿਸਟਿ ਗਇਆ॥<br>
ਆਗੈ ਅੰਤੁ ਨ ਪਾਇਓ ਤਾ ਕਾ<br>
ਕੰਸੁ ਛੇਦਿ ਕਿਆ ਵਡਾ ਭਇਆ॥ *(ਆਸਾ, ਮ: ੧-੩੫੦)*

ਸਦੀਵੀ ਹੋਂਦ ਵਾਲੇ ਪ੍ਰਭੂ ਨੂੰ ਹੀ ਸਿਮਰਨਾ ਚਾਹੀਦਾ ਹੈ, ਜਿਹੜੇ ਅਵਤਾਰ ਜੰਮਦੇ-ਮਰਦੇ ਹਨ ਉਹ ਤਾਂ ਆਪ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ, ਹੋਰਨਾਂ ਦੀ ਕੀ ਰਖਿਆ ਕਰਨਗੇ?

—ਨਾਨਕ, ਸਚੁ ਧਿਆਇਨਿ ਸਚੁ॥<br>
ਜੋ ਮਰਿ ਜੰਮੇ ਸੁ ਕਚੁ ਨਿਕਚੁ॥ *(ਆਸਾ ਕੀ ਵਾਰ, ਪੰਨਾ ੪੬੩)*

—ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ, ਕਿਆ ਦੇਹਿ॥<br>
ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ॥<br>
*(ਸੋਰਠਿ, ਮ: ੧-੬੩੭)*

ਪ੍ਰਭੂ ਦੇ ਸਰਗੁਣ ਸਰੂਪ ਨੂੰ ਗੁਰੂ ਜੀ ਨੇ ਬਿਲਕੁਲ ਨਵੇਂ ਅਰਥਾਂ ਵਿਚ ਪ੍ਰਚਾਰਿਆ ਹੈ। ਗੁਰੂ ਜੀ ਅਨੁਸਾਰ ਸਾਰੀ ਸ੍ਰਿਸ਼ਟੀ ਹੀ 'ਨਿਰਗੁਣ ਬ੍ਰਹਮ' ਦਾ ਸਰਗੁਣ ਸਰੂਪ ਹੈ। ਸਭ ਜੀਵ ਜੰਤ ਉਸੇ ਦਾ ਰੂਪ ਹੀ ਤਾਂ ਹਨ। ਧਨਾਸਰੀ ਰਾਗ ਦੇ ਇਕ ਸ਼ਬਦ ਵਿਚ ਪ੍ਰਭੂ ਦੇ ਨਿਰਗੁਣ ਅਤੇ ਸਰਗੁਣ ਸਰੂਪ ਨੂੰ ਬਹੁਤ ਚੰਗੀ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਅਕਾਲ ਪੁਰਖ ਜਨਮ ਨਹੀਂ ਲੈਂਦਾ—ਇਸ ਲਈ ਉਸਦਾ ਸਰੀਰ ਨਹੀਂ ਹੈ—ਮੂੰਹ, ਹੱਥ, ਪੈਰ, ਨੱਕ, ਕੰਨ ਆਦਿ ਨਹੀਂ ਹਨ। ਇਹ ਉਸ ਦਾ ਨਿਰਗੁਣ ਸਰੂਪ ਹੈ। ਪਰ ਸਭ ਜੀਵਾਂ ਵਿਚ ਅਕਾਲ ਪੁਰਖ ਦੀ ਜੋਤਿ (ਆਤਮਾ) ਨਿਵਾਸ ਕਰਦੀ ਹੈ, ਇਸ ਲਈ ਸਭ ਜੀਵਾਂ ਦੇ ਸਰੀਰ, ਮੂਲ ਰੂਪ ਵਿਚ ਪ੍ਰਭੂ ਦੇ ਸਰੀਰ ਹੀ ਹਨ। ਇਹ ਪ੍ਰਭੂ ਦਾ ਸਰਗੁਣ ਸਰੂਪ ਹੈ :

ਸਹਸ ਤਵ ਨੈਨ, ਨਨ ਨੈਨ ਹੈ ਤੋਹਿ ਕਉ,
ਸਹਸ ਮੂਰਤਿ, ਨਨਾ ਏਕ ਤੋਹੀ॥
ਸਹਸ ਪਦ ਬਿਮਲ, ਨਨ ਏਕ ਪਦ,
ਗੰਧ ਬਿਨੁ, ਸਹਸ ਤਵ ਗੰਧ, ਇਵ ਚਲਤ ਮੋਹੀ॥੨॥
ਸਭ ਮਹਿ ਜੋਤਿ, ਜੋਤਿ ਹੈ ਸੋਇ॥
ਤਿਸ ਕੈ ਚਾਨਣਿ, ਸਭ ਮਹਿ ਚਾਨਣੁ ਹੋਇ॥

*(ਧਨਾਸਰੀ, ਮ: ੧-੬੬੩)*

4. ਪ੍ਰਭੂ ਤੋਂ ਵਿੱਥ ਕਿਉਂ ? – ਪਿਛੇ ਇਹ ਦੱਸਿਆ ਜਾ ਚੁਕਾ ਹੈ ਕਿ ਸੱਚਾ ਸੁਖ ਜਾਂ ਸ਼ਾਂਤੀ ਪ੍ਰਭੂ ਨਾਲ ਜੁੜਿਆਂ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਪ੍ਰਭੂ ਨਾਲ ਇਕ-ਮਿਕਤਾ ਪ੍ਰਾਪਤ ਕਰ ਕੇ ਹੀ ਮਨੁੱਖ ਸੁਚੱਜਾ ਅਤੇ ਸਫਲ ਜੀਵਨ ਬਤੀਤ ਕਰ ਸਕਦਾ ਹੈ। ਪਰ ਜਗਤ ਵਿਚ ਇਹ ਗੱਲ ਬੜੇ ਅਚੰਭੇ ਵਾਲੀ ਹੈ ਕਿ ਬਹੁਤੇ ਮਨੁੱਖ ਤੇ ਇਸਤ੍ਰੀਆਂ ਪ੍ਰਭੂ ਨਾਲੋਂ ਟੁੱਟੇ ਹੋਏ ਹਨ ਅਤੇ ਕਈ ਤਾਂ ਪ੍ਰਭੂ ਦੀ ਹੋਂਦ ਤੋਂ ਵੀ ਮੁਨਕਰ ਹੋਏ ਪਏ ਹਨ। ਇਸ ਦਾ ਕਾਰਨ ਮਾਇਆ ਹੈ। ਮਾਇਆ ਪ੍ਰਭੂ ਦੀ ਹੀ ਪੈਦਾ ਕੀਤੀ ਹੋਈ ਸ਼ਕਤੀ ਹੈ, ਜੋ ਸੰਸਾਰ ਦੀ ਖੇਡ ਨੂੰ ਚਲਾਉਣ ਲਈ ਜ਼ਰੂਰੀ ਹੈ। ਮਾਇਆ ਦਾ ਸੁਭਾਅ ਹੈ ਲੋਕਾਂ ਨੂੰ ਪ੍ਰਭੂ ਵੱਲੋਂ ਤੋੜ ਕੇ ਸੰਸਾਰ ਦੇ ਨਾਸ਼ਵੰਤ ਪਦਾਰਥਾਂ ਨਾਲ ਜੋੜਨਾ। ਪ੍ਰਭੂ-ਮੁਖੀ ਮਨੁੱਖ ਸੰਸਾਰ ਦੇ ਪਦਾਰਥਾਂ ਵਿਚ ਰਹਿੰਦਾ ਹੋਇਆ ਵੀ ਇਨ੍ਹਾਂ ਪਦਾਰਥਾਂ ਦੇ ਰਸਾਂ/ਭੋਗਾਂ ਵਿਚ ਖਚਿਤ ਨਹੀਂ ਹੁੰਦਾ, ਜਦੋਂ ਕਿ ਪ੍ਰਭੂ-ਪ੍ਰੇਮ-ਹੀਣਾ ਮਨੁੱਖ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਨੂੰ ਹੀ ਆਪਣਾ ਜੀਵਨ ਉਦੇਸ਼ ਸਮਝਦਾ ਹੈ। ਇਨ੍ਹਾਂ ਦੀ ਪ੍ਰਾਪਤੀ ਤੇ ਸਾਂਭ ਸੰਭਾਲ ਵਿਚ ਲਗਾ ਹੋਇਆ, ਕੇਵਲ ਆਪਣੇ ਸੁਖਾਂ ਲਈ ਸਾਧਨ ਇਕੱਠੇ ਕਰਦਾ ਹੋਇਆ ਝੂਠ, ਫਰੇਬ, ਧੋਖਾ, ਦੂਜੇ ਦਾ ਹੱਕ ਮਾਰਨਾ, ਚੋਰੀ, ਸਮੱਗਲਿੰਗ, ਲੁੱਟ-ਮਾਰ ਕਰਨੀ ਆਦਿਕ ਵਿਕਾਰਾਂ ਵਿਚ ਆਪਣਾ ਜੀਵਨ ਗੁਆ ਲੈਂਦਾ ਹੈ, ਤੇ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ।

ਇਹ ਸਭ ਮਾਇਆ ਦਾ ਪ੍ਰਭਾਵ ਹੈ। ਗੁਰੂ ਨਾਨਕ ਪਾਤਸ਼ਾਹ ਮਾਇਆ ਦੇ ਪ੍ਰਭਾਵ ਨੂੰ ਇੰਝ ਚਿਤਰਦੇ ਹਨ :

—ਮਨੁ ਭੂਲੋ ਮਾਇਆ ਘਰਿ ਜਾਇ॥
ਕਾਮਿ ਬਿਰੂਧਉ ਰਹੈ ਨ ਠਾਇ॥
ਹਰਿ ਭਜੁ ਪ੍ਰਾਣੀ ਰਸਨ ਰਸਾਇ॥੩॥
ਗੈਵਰ, ਹੈਵਰ, ਕੰਚਨ, ਸੁਤ, ਨਾਰੀ॥
ਬਹੁ ਚਿੰਤਾ ਪਿੜ ਚਾਲੈ ਹਾਰੀ॥
ਜੂਐ ਖੇਲਣੁ ਕਾਚੀ ਸਾਰੀ॥੪॥ *(ਗਉੜੀ ਗੁਆਰੇਰੀ, ਮ: ੧-੨੨੨)*

—ਮਾਇਆ ਮਾਇਆ ਕਰਿ ਮੁਏ, ਮਾਇਆ ਕਿਸੈ ਨ ਸਾਥਿ॥
ਹੰਸੁ ਚਲੈ ਉਠਿ ਡੁਮਣੋ, ਮਾਇਆ ਭੂਲੀ ਆਥਿ॥
ਮਨੁ ਝੂਠਾ ਜਮਿ ਜੋਹਿਆ, ਅਵਗੁਣ ਚਲਹਿ ਨਾਲਿ॥
ਮਨ ਮਹਿ ਮਨੁ ਉਲਟੋ ਮਰੈ, ਜੇ ਗੁਣ ਹੋਵਹਿ ਨਾਲਿ॥
ਮੇਰੀ ਮੇਰੀ ਕਰਿ ਮੁਏ, ਵਿਣੁ ਨਾਵੈ ਦੁਖੁ ਭਾਲਿ॥
ਗੜ ਮੰਦਰ ਮਹਲਾ ਕਹਾ, ਜਿਉ ਬਾਜੀ ਦੀਬਾਣੁ॥
ਨਾਨਕ, ਸਚੇ ਨਾਮ ਵਿਣੁ ਝੂਠਾ ਆਵਣਜਾਣੁ॥
ਆਪੇ ਚਤੁਰੁ ਸਰੂਪੁ ਹੈ, ਆਪੇ ਜਾਣੁ ਸੁਜਾਣ॥
*(ਰਾਮਕਲੀ ਦਖਣੀ, ਓਅੰਕਾਰ—੯੩੫-੩੬)*

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਾਇਆ ਦੇ ਪ੍ਰਭਾਵ ਥੱਲੇ ਮਨੁੱਖ ਸੰਸਾਰਕ ਪਦਾਰਥ ਇਕੱਤਰ ਕਰਦਾ ਹੋਇਆ ਅਤੇ ਇਨ੍ਹਾਂ ਪਦਾਰਥਾਂ ਦੇ ਮੋਹ, ਰਸਾਂ-ਕਸਾਂ ਵਿਚ ਗਲਤਾਨ ਹੋਇਆ ਆਪਣਾ ਜੀਵਨ ਨਿਸਫਲ ਗੁਆ ਲੈਂਦਾ ਹੈ :

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ॥
ਹਸਤੀ ਘੋੜੇ ਪਾਖਰੇ, ਲਸਕਰ ਲਖ ਅਪਾਰ॥
ਕਿਸ ਹੀ ਨਾਲਿ ਨ ਚਲਿਆ, ਖਪਿ ਖਪਿ ਮੁਏ ਅਸਾਰ॥੩॥
ਸੁਇਨਾ ਰੁਪਾ ਸੰਚੀਐ, ਮਾਲੁ ਜਾਲੁ ਜੰਜਾਲੁ॥
ਸਭ ਜਗ ਮਹਿ ਦੋਹੀ ਫੇਰੀਐ, ਬਿਨੁ ਨਾਵੈ ਸਿਰਿ ਕਾਲ॥
ਪਿੰਡੁ ਪੜੈ ਜੀਉ ਖੇਲਸੀ, ਬਦਫੈਲੀ ਕਿਆ ਹਾਲੁ॥੪॥
ਪੁਤਾ ਦੇਖਿ ਵਿਗਸੀਐ, ਨਾਰੀ ਸੇਜ ਭਤਾਰ॥
ਚੋਆ ਚੰਦਨੁ ਲਾਈਐ, ਕਾਪੜੁ ਰੂਪੁ ਸੀਗਾਰੁ॥

ਖੇਹੂ ਖੇਹ ਰਲਾਈਐ, ਛੋਡਿ ਚਲੈ ਘਰ ਬਾਰੁ॥੫॥
ਮਹਰ ਮਲੂਕ ਕਹਾਈਐ, ਰਾਜਾ ਰਾਉ ਕਿ ਖਾਨੁ॥
ਚਉਧਰੀ ਰਾਉ ਸਦਾਈਐ, ਜਲਿ ਬਲੀਐ ਅਭਿਮਾਨ॥
ਮਨਮੁਖਿ ਨਾਮੁ ਵਿਸਾਰਿਆ, ਜਿਉ ਡਵਿ ਦਧਾ ਕਾਨੁ॥

*(ਸਿਰੀ ਰਾਗ, ਅਸ਼ਟਪਦੀਆਂ, ਪੰਨਾ ੬੩)*

5. ਮਾਇਆ ਦੇ ਹਥਿਆਰ–ਪੰਜ ਵਿਕਾਰ : ਮਾਇਆ ਦਾ ਅਸਰ ਮਨੁੱਖ ਵਿਚ ਪਾਈਆਂ ਜਾਂਦੀਆਂ ਪੰਜ ਤਰ੍ਹਾਂ ਦੀਆਂ ਬਿਰਤੀਆਂ ਦੇ ਕਾਰਨ ਹੁੰਦਾ ਹੈ। ਧਰਮ ਦੀ ਬੋਲੀ ਵਿਚ ਇਨ੍ਹਾਂ ਨੂੰ ਪੰਜ ਵਿਕਾਰ ਆਖਿਆ ਗਿਆ ਹੈ। ਇਹ ਹਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। 'ਕਾਮ' ਦੀ ਰੁਚੀ ਮਨੁੱਖ ਨੂੰ ਭੈੜੇ ਆਚਰਣ ਵਾਲਾ ਬਣਾਉਂਦੀ ਹੈ। ਕਾਮੀ ਮਨੁੱਖ ਦੂਜਿਆਂ ਦਾ ਰੂਪ ਵੇਖ ਵੇਖ ਕੇ ਖੁਸ਼ ਹੁੰਦਾ ਹੈ। ਦੂਜਿਆਂ ਦੀਆਂ ਧੀਆਂ ਭੈਣਾਂ ਨਾਲ ਜਿਨਸੀ ਸੰਬੰਧ ਬਨਾਉਣ ਲਈ ਤਤਪਰ ਰਹਿੰਦਾ ਹੈ। ਸਿਨਮਿਆਂ, ਡਰਾਮਿਆਂ, ਡਾਂਸਾਂ ਵਿਚ ਦੂਜਿਆਂ ਦਾ ਰੂਪ (ਨਗਨਤਾ) ਵੇਖ ਵੇਖ ਕੇ ਖੁਸ਼ ਹੁੰਦਾ ਹੈ। ਧਨ, ਜਾਇਦਾਦ, ਸੰਸਾਰਕ ਪਦਾਰਥਾਂ ਦੀ ਬਹੁਲਤਾ ਵਾਲੇ ਲੋਕ ਹੰਕਾਰੀ ਹੋ ਜਾਂਦੇ ਹਨ। 'ਹੰਕਾਰ' (ਅਭਿਮਾਨ) ਵਿਚ ਆਕੜੇ ਹੋਏ ਉਹ ਦੂਜਿਆਂ ਨੂੰ ਬਹੁਤ ਤੁਛ ਸਮਝਦੇ ਹਨ। ਅਜਿਹੇ ਲੋਕ ਹੀ ਨਿਰਧਨਾਂ ਨੂੰ ਮਨੁੱਖ ਹੀ ਨਹੀਂ ਸਮਝਦੇ, ਉਨ੍ਹਾਂ ਨਾਲ ਪਸ਼ੂਆਂ ਜਿਹਾ ਵਤੀਰਾ ਕਰਦੇ ਹਨ, ਜ਼ਬਰ-ਜ਼ੁਲਮ ਕਰਦੇ ਹਨ। ਕਈ ਵਾਰ 'ਗੁਣਵਾਨ' ਬੰਦਿਆਂ ਨੂੰ ਆਪਣੇ ਗੁਣਾਂ ਉਤੇ ਹੀ ਹੰਕਾਰ ਹੋ ਜਾਂਦਾ ਹੈ। ਉਹ ਸਾਧਾਰਨ ਮਨੁੱਖਾਂ ਨੂੰ ਆਪਣੇ ਤੋਂ ਨੀਵਾਂ ਸਮਝਣ ਲਗ ਪੈਂਦੇ ਹਨ। ਹੰਕਾਰ ਦੀ ਬਿਰਤੀ ਹੀ 'ਕ੍ਰੋਧ' ਨੂੰ ਜਨਮ ਦਿੰਦੀ ਹੈ। ਹੰਕਾਰੀ ਮਨੁੱਖ ਛੋਟੀ ਛੋਟੀ ਗੱਲ ਤੇ ਗੁੱਸੇ ਵਿਚ ਆ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਔਗੁਣ ਵਿਖਾਈ ਨਹੀਂ ਦਿੰਦੇ, ਦੂਜਿਆਂ ਨੂੰ ਖਾਹ-ਮਖਾਹ ਕੋਸਦੇ ਰਹਿੰਦੇ ਹਨ। ਨਿਰਧਨ, ਕਮਜ਼ੋਰ, ਉਨ੍ਹਾਂ ਤੋਂ ਘੱਟ ਗਿਆਨਵਾਨ ਲੋਕ ਉਨ੍ਹਾਂ ਦੇ ਗੁੱਸੇ ਦਾ ਸ਼ਿਕਾਰ ਹੋਏ ਰਹਿੰਦੇ ਹਨ। 'ਲੋਭ' ਦੀ ਬਿਰਤੀ ਮਨੁੱਖ ਅੰਦਰ ਸੰਸਾਰਕ ਪਦਾਰਥਾਂ ਨੂੰ ਵਧ ਤੋਂ ਵਧ ਇਕੱਤਰ ਕਰਨ ਦੀ ਲਾਲਸਾ ਪੈਦਾ ਕਰਦੀ ਹੈ। ਲੋਭੀ ਮਨੁੱਖ ਪਰਾਈਆਂ ਵਸਤਾਂ ਉਪਰ ਆਪਣੀ ਨਜ਼ਰ ਰਖਦਾ ਹੈ। ਪਰਾਈਆਂ ਵਸਤਾਂ ਨੂੰ ਪ੍ਰਾਪਤ ਕਰਨ ਲਈ ਰਿਸ਼ਵਤ, ਧੋਖਾ, ਹੇਰਾ-ਫੇਰੀ, ਠੱਗੀ, ਲੁੱਟ-ਖਸੁੱਟ ਆਦਿਕ ਬੁਰਾਈਆਂ ਨੂੰ ਅਪਣਾਉਂਦਾ ਹੈ। 'ਮੋਹ' ਦੀ ਭਾਵਨਾ ਮਨੁੱਖ ਵਿਚ ਆਪਣੀ ਪਤਨੀ, ਧੀਆਂ-ਪੁੱਤਰਾਂ, ਦੁਨਿਆਵੀ ਪਦਾਰਥਾਂ ਲਈ ਬੇਲੋੜਾ ਪਿਆਰ ਪੈਦਾ ਕਰਦੀ ਹੈ। ਇੰਨਾਂ ਪਿਆਰ ਕਿ ਇਨ੍ਹਾਂ ਦੀ ਹੋਂਦ ਵਿਚ ਉਹ (ਮਨੁੱਖ) ਬੇਅੰਤ ਖੁਸ਼ੀ ਮਹਿਸੂਸ ਕਰਦਾ ਹੈ; ਪਰ ਜਦੋਂ ਕੋਈ ਪਿਆਰਾ ਚਲ ਵਸੇ ਜਾਂ ਧਨ-ਜਾਇਦਾਦ ਖੁੱਸ ਜਾਵੇ ਤਾਂ ਉਹੀ ਮਨੁੱਖ ਮਾਰਿਆ ਮਾਰਿਆ ਫਿਰਦਾ ਹੈ, ਧੀਰਜ ਗੁਆ ਬੈਠਦਾ ਹੈ, ਮਾਨਸਿਕ ਸੰਤੁਲਨ ਗੁਆ ਬੈਠਦਾ

ਹੈ ਤੇ ਕਈ ਤਰ੍ਹਾਂ ਦੇ ਮਾਨਸਿਕ ਅਤੇ ਸਰੀਰਕ ਰੋਗ ਸਹੇੜ ਲੈਂਦਾ ਹੈ।

ਗੁਰੂ ਨਾਨਕ ਸਾਹਿਬ ਪੰਜ-ਵਿਕਾਰਾਂ ਦੀ ਮਾਰ ਦਾ ਜ਼ਿਕਰ ਕਰਦਿਆਂ ਆਖਦੇ ਹਨ ਕਿ ਇਹ ਮਨੁੱਖ ਪੰਜ-ਵਿਕਾਰਾਂ ਦੇ ਸ਼ਿਕੰਜੇ ਵਿਚ ਆਇਆ ਹੋਇਆ ਦੁਖ ਭੋਗਦਾ ਹੈ। ਇਸ ਦੁਖ ਤੋਂ ਖਲਾਸੀ ਪ੍ਰਭੂ ਦੇ ਨਾਮ ਜਪਣ (ਉਸਦੀ ਸਿਫ਼ਤ-ਸਲਾਹ ਕਰਨ, ਗੁਣ ਗਾਉਣ) ਨਾਲ ਹੀ ਹੋ ਸਕਦੀ ਹੈ :

ਅਵਰਿ ਪੰਚ ਹਮ ਏਕ ਜਨਾ, ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ, ਕਿਸੁ ਆਗੈ ਕਰੀ ਪੁਕਾਰ ਜਨਾ॥੧॥
ਸ੍ਰੀ ਰਾਮ ਨਾਮਾ ਉਚਰੁ ਮਨਾ॥
ਆਗੈ ਜਮ ਦਲੁ ਬਿਖਮੁ ਘਨਾ॥੧॥ ਰਹਾਉ॥

*(ਗਉੜੀ ਚੇਤੀ, ਮ: ੧-੧੫੫)*

ਵਿਕਾਰਾਂ ਦੇ ਸੁਭਾਅ ਬਾਰੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ :—

—ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥

*(ਰਾਮਕਲੀ ਦਖਣੀ, ਓਅੰਕਾਰ—੯੩੨)*

—ਤੂੰ ਸੁਣਿ ਹਰਣਾ ਕਾਲਿਆ, ਕੀ ਵਾੜੀਐ ਰਾਤਾ ਰਾਮ॥
ਬਿਖੁ ਫਲੁ ਮੀਠਾ ਚਾਰਿ ਦਿਨ, ਫਿਰਿ ਹੋਵੈ ਤਾਤਾ ਰਾਮ॥

*(ਆਸਾ, ਮ: ੧-੪੩੮)*

੬. ਪ੍ਰਭੂ ਤੋਂ ਮਿਹਰ ਦੀ ਯਾਚਨਾ—ਮਾਇਆ ਦੇ ਵੱਖ ਵੱਖ ਰੂਪਾਂ ਦੇ ਹਮਲਿਆਂ ਅਤੇ ਵਿਕਾਰਾਂ ਦੀ ਮਾਰ ਤੋਂ ਬਚਣਾ ਇੰਨਾਂ ਆਸਾਨ ਨਹੀਂ ਹੈ। ਮਾਇਆ ਅਤੇ ਵਿਕਾਰਾਂ ਉਤੇ ਮਨੁੱਖ ਤਾਂ ਹੀ ਫ਼ਤਹਿ ਪ੍ਰਾਪਤ ਕਰ ਸਕਦਾ ਹੈ, ਜੇ ਉਹ ਨਿਤ ਵਾਹਿਗੁਰੂ ਜੀ ਪਾਸ ਬੇਨਤੀਆਂ-ਜੋਦੜੀਆਂ ਕਰੇ ਕਿ ਵਾਹਿਗੁਰੂ ਉਸਨੂੰ ਮਾਇਆ ਨਾਲ ਲੜਨ ਦਾ ਬਲ ਬਖ਼ਸ਼ੇ, ਸਮਰੱਥਾ ਬਖ਼ਸ਼ੇ। ਪ੍ਰਭੂ ਅਥਾਹ ਸ਼ਕਤੀ ਦਾ ਮਾਲਕ ਹੈ, ਮਨੁੱਖ ਉਸਤੋਂ ਸ਼ਕਤੀ ਪ੍ਰਾਪਤ ਕਰਕੇ ਹੀ ਮਾਇਆ ਦੇ ਹੱਲਿਆਂ ਨੂੰ ਪਛਾੜ ਸਕਦਾ ਹੈ।

ਪਰ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਧਰਮ ਦੇ ਰਾਹ ਪੁਰ ਚੱਲਕੇ ਜਦੋਂ ਕੁਝ ਲੋਕ ਪ੍ਰਸਿਧੀ ਪ੍ਰਾਪਤ ਕਰ ਲੈਂਦੇ ਹਨ, ਤਾਂ ਉਹ ਇਹ ਸਮਝਣ ਲਗ ਪੈਂਦੇ ਹਨ ਕਿ ਅਧਿਆਤਮਕ ਪ੍ਰਾਪਤੀਆਂ ਉਨ੍ਹਾਂ ਨੇ ਆਪਣੇ ਯਤਨਾਂ ਸਦਕਾ ਕੀਤੀਆਂ ਹਨ ਅਤੇ ਵਿਕਾਰਾਂ ਆਦਿ ਪੁਰ ਵੀ ਉਨ੍ਹਾਂ ਨੇ ਖ਼ੁਦ ਫ਼ਤਹਿ ਪਾਈ ਹੈ। ਮਨੁੱਖਾਂ ਦਾ ਇੰਝ ਸੋਚਣਾ ਉਨ੍ਹਾਂ ਅੰਦਰ 'ਹਉਮੈ' ਪੈਦਾ ਕਰਦਾ ਹੈ। 'ਹਉਮੈ' ਵਿਚ ਮਸਤ ਮਨੁੱਖ ਪ੍ਰਭੂ ਦੀ ਮਿਹਰ (ਨਦਰਿ) ਤੋਂ ਸੱਖਣਾ ਹੋ ਜਾਂਦਾ ਹੈ; ਉਸ ਵਿਚੋਂ ਹੌਲੀ ਹੌਲੀ ਚੰਗੇ ਗੁਣ

ਖਤਮ ਹੋ ਜਾਂਦੇ ਹਨ। ਉਹ ਵੇਖਣ ਨੂੰ (ਭੇਖ ਪਹਿਰਾਵੇ ਤੋਂ) ਤਾਂ ਭਾਵੇਂ ਧਰਮੀ ਨਜ਼ਰ ਆਉਂਦਾ ਹੈ; ਪਰ ਅਸਲ ਵਿਚ ਉਹ ਧਰਮ-ਵਿਹੂਣਾ ਹੀ ਹੁੰਦਾ ਹੈ। ਗੁਰੂ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਅਜਿਹੇ ਬੰਦੇ ਪ੍ਰਭੂ ਨਾਲ ਮਿਲਾਪ ਨਹੀਂ ਹਾਸਲ ਕਰ ਸਕਦੇ :

ਹਉਮੈ ਕਰਤ ਭੇਖੀ ਨਹੀਂ ਜਾਨਿਆ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ॥

*(ਗਉੜੀ, ਮ: ੧-੨੨੬)*

**ਹਉਮੈ ਅਧੀਨ ਰਿਹਾਂ ਮਨੁੱਖ ਦੁਖ ਹੀ ਪਾਉਂਦੇ ਹਨ :**

ਹਉਮੈ ਕਰਤਿਆ ਨਹ ਸੁਖੁ ਹੋਇ॥
ਮਨਮਤਿ ਝੂਠੀ, ਸਚਾ ਸੋਇ॥
ਸਗਲ ਬਿਗੂਤੇ ਭਾਵੈ ਦੋਇ॥
ਸੋ ਕਮਾਵੈ ਧੁਰਿ ਲਿਖਿਆ ਹੋਇ॥੧॥

*(ਗਉੜੀ, ਅਸ਼ਟਪਦੀ-੨੨੨)*

**ਹਉਮੈ ਨੂੰ ਤਿਆਗਣ ਨਾਲ ਹੀ ਪ੍ਰਭੂ-ਪ੍ਰੀਤਮ ਨਾਲ ਮੇਲ ਹੋ ਸਕਦਾ ਹੈ :**

ਹਉਮੈ ਜਾਈ ਤਾ ਕੰਤ ਸਮਾਈ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥

*(ਸੂਹੀ, ਅਸ਼ਟਪਦੀਆਂ, ਮ: ੧-੭੫੦)*

ਪ੍ਰਭੂ ਮਿਹਰ (ਨਦਰਿ) ਕਰੇ ਤਾਂ ਉਹ ਮਨੁੱਖ ਦੀ ਆਤਮਾ ਨੂੰ ਵਿਕਾਰ-ਰਹਿਤ ਕਰਕੇ ਆਪਣੇ (ਪਰਮਾਤਮਾ) ਵਰਗਾ ਬਣਾ ਲੈਂਦਾ ਹੈ; ਤੇ ਆਪਣੇ ਨਾਲ ਮਿਲਾ ਲੈਂਦਾ ਹੈ :

—ਨਦਰਿ ਕਰੇ ਤਾ ਸਿਮਰਿਆ ਜਾਇ॥
ਆਤਮਾ ਦ੍ਰਵੈ ਰਹੈ ਲਿਵ ਲਾਇ॥
ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥ *(ਧਨਾਸਰੀ-੬੬੧)*

—ਸਰਬੰ ਸਾਚਾ ਏਕੁ ਹੈ, ਦੂਜਾ ਨਾਹੀ ਕੋਇ॥
ਤਾ ਕੀ ਸੇਵਾ ਸੋ ਕਰੇ, ਜਾ ਕਉ ਨਦਰਿ ਕਰੇ॥

*(ਧਨਾਸਰੀ, ਮ: ੧-੬੬੦)*

—ਆਪੇ ਭਾਂਡੇ ਸਾਜਿਅਨੁ, ਆਪੇ ਪੂਰਣੁ ਦੇਇ॥
ਇਕਨੀ੍ ਦੁਧੁ ਸਮਾਈਐ, ਇਕਿ ਚੁਲੈ੍ ਰਹਨਿ ਚੜੇ॥
ਇਕਿ ਨਿਹਾਲੀ ਪੈ ਸਵਨਿ੍, ਇਕਿ ਉਪਰਿ ਰਹਨਿ ਖੜੇ॥

ਤਿਨ੍ਾ ਸਵਾਰੇ ਨਾਨਕਾ, ਜਿਨ੍ ਕਉ ਨਦਰਿ ਕਰੇ॥

*(ਆਸਾ ਕੀ ਵਾਰ, ਸਲੋਕ-੪੭੫)*

—ਕਿਆ ਹੰਸੁ ਕਿਆ ਬਗੁਲਾ, ਜਾ ਕਉ ਨਦਰਿ ਕਰੇਇ॥
ਜੋ ਤਿਸੁ ਭਾਵੈ ਨਾਨਕਾ, ਕਾਗਹੁ ਹੰਸੁ ਕਰੇਇ॥

*(ਸਿਰੀ ਰਾਗ, ਮ: ੧-੯੧)*

—ਹੋਰ ਕਚੀ ਮਤੀ ਕਚੁ ਪਿਚੁ, ਅੰਧਿਆ ਅੰਧੁ ਬੀਚਾਰੁ॥
ਨਾਨਕ ਕਰਮੀ ਬੰਦਗੀ, ਨਦਰਿ ਲੰਘਾਏ ਪਾਰਿ॥

*(ਸਾਰੰਗ ਕੀ ਵਾਰ, ਸਲੋਕ ਮ: ੧-੧੨੪੨)*

ਪ੍ਰਭੂ ਦੀ ਮਿਹਰ ਦੇ ਪਾਤਰ ਬਣਕੇ ਮਨੁੱਖ ਬਲਵਾਨ ਆਤਮਾ ਦੇ ਮਾਲਕ ਬਣ ਜਾਂਦੇ ਅਤੇ ਪ੍ਰਭੂ ਵਿਚ ਲਿਵਲੀਨ ਹੋ ਜਾਂਦੇ ਹਨ। ਇਨ੍ਹਾਂ ਮਨੁੱਖਾਂ ਦੀ ਅਵਸਥਾ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ, ਜਪੁਜੀ ਵਿਚ, 'ਕਰਮ ਖੰਡ' ਦੀ ਪਉੜੀ ਵਿਚ ਇੰਝ ਕੀਤਾ ਹੈ :

ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ, ਸਚਾ ਮਨਿ ਸੋਇ॥ *(ਜਪੁਜੀ-੮)*

੭. ਗੁਰੂ ਨਾਨਕ ਦਾ ਭਗਤੀ ਮਾਰਗ : ਉਪਰਲੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਪ੍ਰਾਪਤੀ ਦਾ ਰਾਹ ਗੁਰੂ ਪਾਸੋਂ ਮਾਲੂਮ ਹੁੰਦਾ ਹੈ। ਇਸ ਰਾਹ ਦੇ ਪਾਂਧੀ ਦਾ ਮੁਖ ਕਰਤੱਵ ਆਪਣੇ ਮਨ ਵਿਚ ਸਿਮਰਨ ਰਾਹੀਂ ਪ੍ਰਭੂ ਨਾਲ ਪਿਆਰ ਪੈਦਾ ਕਰਨਾ ਹੈ; ਅਤੇ ਅਜਿਹਾ ਜੀਵਨ ਜੀਊਣਾ ਹੈ, ਜਿਸ ਨਾਲ ਮਨ ਤੇ ਆਤਮਾ ਪਾਪਾਂ ਅਤੇ ਵਿਕਾਰਾਂ ਨੂੰ ਤਿਆਗ ਕੇ (ਪਰਮਾਤਮਾ ਦੀ ਤਰ੍ਹਾਂ) ਨਿਰਮਲ ਹੋ ਜਾਵੇ। ਅਜਿਹੇ ਕੰਮ ਕਰਨੇ ਹਨ ਜਿਨ੍ਹਾਂ ਨਾਲ ਪ੍ਰਭੂ ਪ੍ਰਸੰਨ ਹੁੰਦਾ ਹੋਵੇ। ਇਹ ਸਾਰਾ ਜੀਵਨ ਢੰਗ ਗੁਰ-ਸ਼ਬਦ ਦੀ ਵਿਚਾਰ ਤੋਂ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਪਾਤਿਸ਼ਾਹ ਨੇ ਪ੍ਰਭੂ-ਪ੍ਰਾਪਤੀ ਦੇ ਪੰਧ ਨੂੰ ਪੰਜ ਪੜਾਵਾਂ ਵਿਚ ਵੰਡਿਆ ਹੈ। ਇਹ ਪੰਜ ਪੜਾਅ—ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚ ਖੰਡ, ਅਸਲ ਵਿਚ ਅਜਿਹੀਆਂ ਪੰਜ ਮਾਨਸਿਕ ਅਵਸਥਾਵਾਂ ਹਨ, ਜਿਨ੍ਹਾਂ ਵਿਚੋਂ ਹੋ ਕੇ ਮਨੁੱਖ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ। 'ਧਰਮ ਖੰਡ' ਵਿਚ ਮਨੁੱਖ ਨੂੰ ਆਪਣੇ ਫਰਜ਼ਾਂ ਦੀ ਸੋਝੀ ਪੈਂਦੀ ਹੈ। ਉਸਨੂੰ ਪਤਾ ਲਗਦਾ

ਹੈ ਕਿ ਧਰਤੀ, ਧਰਮ ਦੀ ਕਮਾਈ ਕਰਨ ਦਾ ਅਸਥਾਨ ਹੈ। ਇਥੇ ਕੀਤੇ ਕੰਮਾਂ ਦਾ ਯੋਗ ਫਲ ਮਿਲਦਾ ਹੈ; ਜਿਨ੍ਹਾਂ ਨੇ ਚੰਗੇ ਕੰਮ ਕੀਤੇ ਹੁੰਦੇ ਹਨ, ਉਹ ਪ੍ਰਭੂ ਦੀ ਮਿਹਰ ਦੇ ਪਾਤਰ ਬਣਦੇ ਹਨ। 'ਗਿਆਨ ਖੰਡ' ਵਿਚ ਅਕਾਲ ਪੁਰਖ ਦੀ ਬੇਅੰਤ ਕੁਦਰਤ ਦਾ ਨਜ਼ਾਰਾ ਅੱਖਾਂ ਸਾਹਮਣੇ ਆਉਣ ਲਗ ਪੈਂਦਾ ਹੈ। ਗਿਆਨ ਦੀ ਹਨੇਰੀ ਆਉਂਦੀ ਹੈ, ਜਿਸ ਅੱਗੇ ਸਭ ਭਰਮ ਵਹਿਮ ਦੂਰ ਹੋ ਜਾਂਦੇ ਹਨ। ਇਸ ਤੋਂ ਅੱਗੇ 'ਸਰਮ ਖੰਡ' ਵਿਚ ਮਨੁੱਖ ਨੂੰ ਉਦਮ ਕਰਨ ਲਈ ਪ੍ਰੇਰਨਾ ਦਿਤੀ ਗਈ ਹੈ। ਇਥੇ ਮਨ ਦੀ ਘਾੜਤ ਘੜੀ ਜਾਂਦੀ ਹੈ। ਮਨੁੱਖ ਦੀ ਸੁਰਤ, ਮੱਤ, ਬੁਧੀ ਵਿਚ ਵਿਕਾਸ ਹੁੰਦਾ ਹੈ। ਉਸ ਵਿਚ ਦੈਵੀ ਗੁਣ ਆ ਜਾਂਦੇ ਹਨ। ਪ੍ਰਭੂ ਮਨੁੱਖ ਉਤੇ ਦਇਆ ਕਰਦਾ ਹੈ; ਮਨੁੱਖ 'ਕਰਮ ਖੰਡ' ਵਿਚ ਆ ਜਾਂਦਾ ਹੈ। ਅਕਾਲ ਪੁਰਖ ਉਸਨੂੰ ਬਲਵਾਨ ਬਣਾਉਂਦਾ ਹੈ, ਵਿਕਾਰ ਉਸ ਤੋਂ ਦੂਰ ਭਜਦੇ ਹਨ। ਉਸਦਾ ਮਨ ਹਮੇਸ਼ਾ ਖੇੜੇ ਵਿਚ ਰਹਿੰਦਾ ਹੈ। ਅਕਾਲ ਪੁਰਖ ਦੀ ਮਿਹਰ ਦਾ ਪਾਤਰ ਬਣਕੇ ਮਨੁੱਖ ਉਸ ਨਾਲ ਇਕ ਮਿਕ ਹੋ ਜਾਂਦਾ ਹੈ—ਇਹ 'ਸਚ ਖੰਡ' ਦੀ ਅਵਸਥਾ ਹੈ। ਇਸ ਸਭ ਤੋਂ ਉਚੀ ਅਵੱਸਥਾ ਦਾ ਜ਼ਿਕਰ ਅੱਖਰਾਂ ਰਾਹੀਂ ਨਹੀਂ ਕੀਤਾ ਜਾ ਸਕਦਾ।

੮. ਪੁਰਾਤਨ ਧਾਰਮਕ ਵਿਸ਼ਵਾਸਾਂ ਬਾਰੇ ਸਤਿਗੁਰਾਂ ਦੀ ਰਾਏ—ਸਤਿਗੁਰਾਂ ਦੇ ਸੰਖੇਪ ਜੀਵਨ ਅਤੇ 'ਵਿਚਾਰਧਾਰਾ' ਦੇ ਕੁਝ ਉਤੇ ਦਰਸਾਏ ਪੱਖਾਂ ਦੇ ਅਧਿਐਨ ਮਗਰੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਤਿਗੁਰੂ ਜੀ ਦੇਵੀ-ਦੇਵਤਿਆਂ ਅਤੇ ਕੁਦਰਤ ਦੀਆਂ ਸ਼ਕਤੀਆਂ ਦੀ ਪੂਜਾ ਦੇ ਇਕਦਮ ਖਿਲਾਫ ਸਨ। ਆਪ ਨੇ ਕੇਵਲ ਇਕ ਅਕਾਲ ਪੁਰਖ ਵਿਚ ਯਕੀਨ ਅਤੇ ਸ਼ਰਧਾ ਰੱਖਣ ਤੇ ਉਸ ਦੀ ਪੂਜਾ (ਨਾਮ ਸਿਮਰਨ) ਦਾ ਉਪਦੇਸ਼ ਦਿਤਾ। ਧਾਰਮਕ ਭੇਖਾਂ ਦੀ ਥਾਂ, ਸਦਾਚਾਰੀ-ਜੀਵਨ ਉਤੇ ਬਲ ਦਿਤਾ। ਤੀਰਥਾਂ ਦੀ ਯਾਤਰਾ, ਤੀਰਥ ਇਸ਼ਨਾਨਾਂ, ਸ਼ਰੀਰ ਨੂੰ ਕਸ਼ਟ ਦੇਣ ਵਾਲੇ ਤਪਾਂ, ਯੋਗੀਆਂ ਤੇ ਜੈਨੀਆਂ ਦੀਆਂ ਸਾਧਨਾਵਾਂ, ਅਨੇਕਾਂ ਤਰਾਂ ਦੇ ਪੁੰਨ-ਦਾਨਾਂ, ਜਗਤ ਤੋਂ ਨੱਸਣ, ਜੰਗਲਾਂ ਵਿਚ ਵਾਸਾ ਕਰਨ, ਬ੍ਰਹਮਚਾਰੀ ਰਹਿਣ, ਯੱਗ ਕਰਨ, ਬਲੀਆਂ ਦੇਣ ਆਦਿਕ ਕਥਿਤ ਧਾਰਮਕ ਰਸਮਾਂ-ਰੀਤਾਂ ਤੇ ਕਰਮ-ਕਾਂਡਾਂ ਦਾ ਸਖਤ ਵਿਰੋਧ ਕੀਤਾ। ਹਾਂ, ਆਤਮਾ ਦੀ ਹੋਂਦ, ਆਵਾਗਵਨ, ਪੁਨਰ ਜਨਮ, ਕਰਮ ਸਿਧਾਂਤ ਤੇ ਮੁਕਤੀ ਦੇ ਸਿਧਾਂਤ ਨੂੰ ਜ਼ਰੂਰ ਸਵੀਕਾਰਿਆ ਹੈ; ਪਰ ਉਹ ਵੀ ਆਪਣੇ ਨਵੇਂ ਅਰਥਾਂ ਵਿਚ। ਪਹਿਲੋਂ ਪ੍ਰਚਲਤ ਵਿਚਾਰਾਂ ਅਨੁਸਾਰ ਕਰਮ 'ਨਾਸ' ਨਹੀਂ ਸਨ ਹੋ ਸਕਦੇ ਪਰ ਗੁਰੂ ਜੀ ਨੇ ਕਿਹਾ ਕਿ ਜੇ ਮਨੁੱਖ ਪਾਪਾਂ ਤੋਂ ਤੋਬਾ ਕਰ ਲਵੇ ਤੇ ਗੁਰੂ ਦੇ ਰਸਤੇ ਉਤੇ ਚੱਲ ਪਵੇ ਤਾਂ ਉਸਨੂੰ ਪਹਿਲਾਂ ਕੀਤੇ ਮਾੜੇ ਕੰਮਾਂ ਦੇ ਪ੍ਰਭਾਵ ਤੋਂ ਮੁਕਤੀ ਮਿਲ ਸਕਦੀ ਹੈ। ਪਹਿਲਾਂ ਇਹ ਵਿਚਾਰ ਪ੍ਰਚਲਤ ਸੀ ਕਿ 'ਮੁਕਤੀ' ਕੇਵਲ ਮਰਨ ਮਗਰੋਂ ਹੀ ਪ੍ਰਾਪਤ ਹੋ ਸਕਦੀ ਹੈ, ਸਤਿਗੁਰਾਂ ਨੇ ਜੀਵਨ ਮੁਕਤ ਦਾ ਸਿਧਾਂਤ ਦਿਤਾ। ਇਸੇ ਜੀਵਨ ਵਿਚ ਵਿਕਾਰ-ਰਹਿਤ ਹੋ ਕੇ, ਪ੍ਰਭੂ ਨਾਲ ਇਕਸੁਰ ਹੋ ਜਾਣਾ ਜੀਵਨ ਮੁਕਤੀ ਹੈ। ਆਪ ਨੇ ਸਵਰਗ ਅਤੇ ਨਰਕ ਨੂੰ

ਉਨੀ ਹੀ ਮਹਾਨਤਾ ਨਹੀਂ ਦਿਤੀ। ਆਪ ਨੇ ਲੋਕਾਂ ਨੂੰ ਸਵਰਗਾਂ ਦੇ ਅਖੌਤੀ ਸੁੱਖਾਂ ਅਤੇ ਨਰਕਾਂ ਦੇ ਭਿਅੰਕਰ ਕਸ਼ਟਾਂ ਦੇ ਖਿਆਲ ਵੱਲੋਂ ਮੋੜ ਕੇ, ਪ੍ਰਭੂ ਦੇ 'ਚਰਨ-ਕਮਲਾਂ ਦੀ ਮੌਜ' ਪ੍ਰਭੂ-ਪ੍ਰੀਤ ਦਾ ਸੁਆਦ ਚਖਾਇਆ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦਾ ਧਰਮ ਬਹੁਤ ਸਰਲ ਅਤੇ ਹਰ ਸਮੇਂ, ਹਰ ਥਾਂ ਅਪਨਾਏ ਜਾਣ ਯੋਗ ਧਰਮ ਹੈ। ਨਾਮ ਜਪਣਾ, ਧਰਮ ਦੀ ਕਿਰਤ ਕਰਨੀ, ਵੰਡ ਕੇ ਛਕਣਾ—ਇਸ ਧਰਮ ਦੀ ਵਿਚਾਰਧਾਰਾ ਦੇ ਮੂਲ ਆਧਾਰ ਹਨ।

ਅ) ਸਮਾਜਿਕ ਵਿਚਾਰਧਾਰਾ—ਇਸ ਪੁਸਤਕ ਦੇ ਆਰੰਭ ਵਿਚ 'ਗੁਰੂ ਨਾਨਕ ਆਗਮਨ ਸਮੇਂ ਦੀ ਸਮਾਜਕ ਦਸ਼ਾ' ਬਾਰੇ ਵਿਚਾਰ ਕੀਤੀ ਗਈ ਹੈ। ਉਥੇ ਇਹ ਵੀ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਗੁਰੂ ਸਾਹਿਬ ਕਿਹੋ ਜਿਹੇ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਸਨ। ਇਥੇ ਉਨ੍ਹਾਂ ਸਭ ਵਿਚਾਰਾਂ ਨੂੰ ਦੁਹਰਾਉਣਾ ਠੀਕ ਨਹੀਂ ਰਹੇਗਾ। ਹੇਠਾਂ ਸਤਿਗੁਰਾਂ ਦੀ ਸਮਾਜਿਕ ਵਿਚਾਰਧਾਰਾ ਦੇ ਮੁੱਖ ਅੰਗ ਦਿਤੇ ਜਾਂਦੇ ਹਨ :

(i) ਸਭ ਮਨੁੱਖ ਬਰਾਬਰ ਹਨ—ਸਤਿਗੁਰਾਂ ਨੇ ਇਸ ਗੱਲ ਉਤੇ ਬਹੁਤ ਜ਼ੋਰ ਦਿਤਾ ਹੈ ਕਿ ਸਾਰੇ ਮਨੁੱਖ ਪ੍ਰਭੂ ਦੀ ਸੰਤਾਨ ਹੋਣ ਕਰਕੇ ਆਪਸ ਵਿਚ ਭਰਾ-ਭਰਾ ਹਨ। ਮਨੁਖ ਜਾਤੀ ਨੂੰ ਦੇਸ਼, ਨਸਲ, ਰੰਗ, ਬੋਲੀ, ਉਪਜੀਵਕਾ ਲਈ ਅਪਨਾਏ ਕਿੱਤੇ ਅਨੁਸਾਰ ਵੰਡਿਆ ਨਹੀਂ ਜਾ ਸਕਦਾ। ਇਸੇ ਲਈ ਸਤਿਗੁਰਾਂ ਨੇ ਭਾਰਤੀ ਸਮਾਜ ਦੀ ਬ੍ਰਾਹਮਣੀ "ਵਰਣਵੰਡ" ਨੂੰ ਜ਼ੋਰਦਾਰ ਲਫਜ਼ਾਂ ਵਿਚ ਨਿੰਦਿਆ, ਨੀਚ ਕਹੇ ਜਾਂਦੇ ਸ਼ੂਦਰਾਂ ਨਾਲ ਸਾਂਝ ਪਾਈ, ਵਰਣਾਂ, ਜਾਤਾਂ, ਉਪਜਾਤਾਂ ਵਿਚ ਵੰਡੇ ਹੋਏ ਲੋਕਾਂ ਵਿਚੋਂ ਨਫਰਤ ਖਤਮ ਕਰਨ ਲਈ ਸਤਿਗੁਰਾਂ ਨੇ 'ਲੰਗਰ' ਦੀ ਪ੍ਰਥਾ ਆਰੰਭ ਕੀਤੀ। ਮਗਰਲੇ ਗੁਰੂ-ਸਾਹਿਬਾਨ ਨੇ ਸਰੋਵਰ ਵੀ ਇਸੇ ਲਈ ਬਣਾਏ ਸਨ ਕਿ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਇਕੋ ਹੀ ਤਲਾਅ ਵਿਚੋਂ ਨਹਾਉਣ, ਤਾਂ ਜੋ ਸਮਾਜ ਨੂੰ ਛੂਤ-ਛਾਤ ਅਤੇ ਉਚ-ਨੀਚ ਦੇ ਕੋਹੜਾਂ ਤੋਂ ਮੁਕਤ ਕੀਤਾ ਜਾ ਸਕੇ।

(ii) ਨਿਰਭਉ ਤੇ ਨਿਰਵੈਰਤਾ ਦਾ ਉਪਦੇਸ਼—ਭਾਰਤੀ ਸਮਾਜ ਮੁਗਲਾਂ ਦੀ ਗੁਲਾਮੀ ਕਰਕੇ ਆਪਣੇ ਸਭਿਆਚਾਰ ਤੋਂ ਦੂਰ ਜਾ ਰਿਹਾ ਸੀ। ਆਪਣੇ ਧਰਮ, ਧਰਮ-ਮੰਦਰਾਂ, ਦੇਵੀ-ਦੇਵਤਿਆਂ ਦੀ ਹੋ ਰਹੀ ਦੁਰਗਤ ਨੂੰ ਲਾਚਾਰ ਹੋ ਕੇ ਵੇਖ ਰਿਹਾ ਸੀ, ਪਰ ਜ਼ੁਲਮ, ਜ਼ਬਰ ਦੇ ਵਿਰੁਧ ਬੋਲ ਵੀ ਨਹੀਂ ਸੀ ਸਕਦਾ। ਸਤਿਗੁਰਾਂ ਨੇ 'ਸੂਰਮਿਆਂ' ਨੂੰ ਵੰਗਾਰਿਆ। ਲੋਕਾਂ ਨੂੰ ਨਿਡਰ ਹੋ ਕੇ ਜ਼ੁਲਮਾਂ ਦਾ ਟਾਕਰਾ ਕਰਨ ਦੀ ਪ੍ਰੇਰਨਾ ਦਿਤੀ। ਵੱਖ ਵੱਖ ਫਿਰਕਿਆਂ ਨੂੰ ਆਪਸ ਵਿਚ ਖਹਿ-ਮਰਨੋਂ ਰੋਕਿਆ। ਨਾ ਡਰੋ, ਤੇ ਨਾ ਹੀ ਡਰਾਓ-ਦੇ ਅਸੂਲ ਨੂੰ ਪਰਚਾਰਿਆ।

(iii) ਰਿਸ਼ਵਤ, ਵੱਢੀ ਖੋਰੀ—ਆਪ ਚਾਹੁੰਦੇ ਸਨ ਕਿ ਮਨੁੱਖਾਂ ਦਾ ਆਚਰਣ

'ਸੱਚ' ਉਤੇ ਆਧਾਰਤ ਹੋਵੇ। ਕੋਈ ਕਿਸੇ ਦਾ ਹੱਕ ਨਾ ਮਾਰੇ। ਅਦਾਲਤਾਂ ਇਨਸਾਫ਼ ਕਰਨ। ਜੱਜ ਵੀ ਪੈਸੇ ਲੈ ਕੇ ਆਪਣੇ ਫੈਸਲੇ ਨਾ ਬਦਲਣ ਤੇ ਨਾ ਹੀ ਬੇਦੋਸ਼ੇ ਲੋਕਾਂ ਨੂੰ ਦੋਸ਼ੀ ਠਹਿਰਾਉਣ।

(iv) ਇਸਤਰੀ ਪੁਰਖ ਦੇ ਸੰਬੰਧ—ਇਸਤਰੀ-ਪੁਰਖ, ਜੀਵਨ-ਗੱਡੀ ਦੇ ਦੋ ਪਹੀਏ ਹਨ। ਦੋਹਾਂ ਵਿਚ ਇਕ-ਦੂਜੇ ਲਈ ਦੁਖ ਸਹਿਣ ਤੇ ਕੁਰਬਾਨੀ ਕਰਨ ਦਾ ਮਾਦਾ ਹੋਣਾ ਚਾਹੀਦਾ ਹੈ। ਪੁਰਖ, ਇਸਤਰੀ ਨੂੰ ਕੇਵਲ ਜਿਨਸੀ ਭੁਖ ਮਿਟਾਉਣ ਦਾ ਸਾਧਨ ਹੀ ਨਾ ਸਮਝੇ; ਦੂਜੇ ਪਾਸੇ ਇਸਤਰੀ ਨੂੰ ਵੀ ਕੇਵਲ ਪੁਰਖ ਦੇ ਰੁਪਏ-ਪੈਸੇ ਨਾਲ ਹੀ ਪਿਆਰ ਨਹੀਂ ਹੋਣਾ ਚਾਹੀਦਾ।

(v) ਇਸਤਰੀ ਦੀ ਸਮਾਜ ਵਿਚ ਸਨਮਾਨ ਯੋਗ ਥਾਂ ਹੋਣੀ ਚਾਹੀਦੀ ਹੈ—ਸ਼ਾਸਤ੍ਰਾਂ, ਸਿਮ੍ਰਤੀਆਂ ਅਤੇ ਯੋਗ-ਮਤ ਦੇ ਸਿਖਾਏ ਹੋਏ ਲੋਕ ਇਸਤਰੀ ਤੋਂ ਨਫ਼ਰਤ ਕਰਦੇ ਸਨ। ਅੱਜ ਵੀ ਇਸਤਰੀ ਜੰਞੂ ਸੰਸਕਾਰ ਕਰਵਾਕੇ 'ਹਿੰਦੂ ਧਰਮ' ਵਿਚ ਵਿਧੀ-ਪੂਰਵਕ ਦਾਖਲ ਨਹੀਂ ਹੋ ਸਕਦੀ। ਮੁਸਲਮਾਨ ਔਰਤ ਅਜੇ ਵੀ ਮਸਜਿਦ ਵਿਚ ਉਪਦੇਸ਼ ਨਹੀਂ ਦੇ ਸਕਦੀ। ਅੱਜ ਦਾ ਸਭਿਅਕ ਸਮਾਜ ਵੀ ਇਸਤਰੀ ਨੂੰ ਕਾਮ-ਤ੍ਰਿਪਤੀ ਦਾ ਸਾਧਨ ਸਮਝਦਾ ਹੈ। ਗੁਰੂ ਜੀ ਦਾ ਵਿਚਾਰ ਹੈ ਕਿ ਭਗਤਾਂ, ਸੂਰਮਿਆਂ, ਰਾਜਿਆਂ-ਮਹਾਰਾਜਿਆਂ ਦੀ ਜਨਨੀ ਹੋਣ ਕਰਕੇ ਇਸਤਰੀ ਮਨੁੱਖ ਦੇ ਬਰਾਬਰ ਸਤਿਕਾਰ ਦੀ ਪਾਤਰ ਹੈ। ਇਸਤਰੀ ਨੂੰ ਧਰਮ-ਕਰਮ ਦੀ ਪੂਰਨ ਖੁੱਲ੍ਹ ਹੈ। ਅਜਿਹੇ ਵਿਚਾਰਾਂ ਦਾ ਅਸਰ ਸਦਕਾ ਹੀ ਅੱਜ ਸਿੱਖ ਬੀਬੀਆਂ, ਸਿੱਖ ਮਰਦਾਂ ਦੀ ਤਰ੍ਹਾਂ ਅੰਮ੍ਰਿਤ ਛਕ ਕੇ ਸਿੰਘਣੀਆਂ ਸਜ ਜਾਂਦੀਆਂ ਹਨ। ਜੀਵਨ ਦੇ ਹਰ ਖੇਤਰ ਵਿਚ ਮਰਦ ਨਾਲ ਇਕ ਬਰਾਬਰ ਦੇ ਭਾਈਵਾਲ ਦੀ ਤਰ੍ਹਾਂ ਸਾਥ ਨਿਭਾਉਂਦੀਆਂ ਹਨ। ਗੁਰਦੁਆਰਿਆਂ ਵਿਚ ਧਰਮ ਪਰਚਾਰਕ ਦੇ ਤੌਰ ਤੇ ਸੇਵਾ ਨਿਭਾਉਂਦੀਆਂ ਹਨ।

(vi) ਰੁਪਏ ਪੈਸੇ ਦੀ ਸਾਵੀਂ ਵੰਡ—ਜਿਸ ਸਮਾਜ ਵਿਚ ਰੁਪਏ-ਪੈਸੇ ਦੀ ਠੀਕ ਵੰਡ ਨਹੀਂ ਹੁੰਦੀ ਉਹ ਸਮਾਜ ਹਮੇਸ਼ਾ ਗਰੀਬੀ, ਬੀਮਾਰੀ, ਭੁੱਖ, ਵਹਿਮਾਂ-ਭਰਮਾਂ ਦੀਆਂ ਲਾਹਨਤਾਂ ਨਾਲ ਭਰਿਆ ਰਹਿੰਦਾ ਹੈ; ਜਾਂ ਫਿਰ ਲੜਾਈ-ਝਗੜਿਆਂ ਵਿਚ ਪਿਆ ਰਹਿੰਦਾ ਹੈ। ਸਤਿਗੁਰੂ ਇਕ ਅਜਿਹੇ ਸਮਾਜ ਦੀ ਸਿਰਜਨਾ ਕਰਨਾ ਚਾਹੁੰਦੇ ਹਨ ਜਿਸ ਵਿਚ ਨਾ ਤਾਂ ਕੁਝ ਲੋਕਾਂ ਕੋਲ ਬਹੁਤ ਧਨ ਹੀ ਹੋਵੇ ਅਤੇ ਨਾ ਹੀ ਲੋਕ ਧਨ ਦੀ ਕਮੀ ਕਰਕੇ ਪਸ਼ੂਆਂ ਦੀ ਤਰ੍ਹਾਂ ਜੀਵਨ ਬਿਤਾ ਲੈਣ ਅਤੇ ਸਾਰੀ ਉਮਰ ਰੋਟੀ, ਕਪੜਾ ਅਤੇ ਮਕਾਨ ਦੀ ਪ੍ਰਾਪਤੀ ਦੇ ਚੱਕਰਾਂ ਵਿਚ ਹੀ ਨਸ਼ਟ ਕਰ ਲੈਣ। ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਪੰਜਵੇਂ ਜਾਮੇ ਵਿਚ, ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਆਖਿਆ ਸੀ :—

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥

ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ॥

*(ਮਾਰੂ, ਮਹਲਾ ੫-੧੦੧੯)*

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਉਪਦੇਸ਼ ਦਿਤਾ ਕਿ ਧਨ ਇਕੱਤਰ ਕਰਨ ਵਿਚ ਹੀ ਜੀਵਨ ਨਾ ਗੁਆਉ। ਬਹੁਤ ਧਨ ਤਾਂ ਝੂਠ ਬੋਲ ਕੇ, ਹੇਰਾ ਫੇਰੀਆਂ ਕਰਕੇ ਅਤੇ ਦੂਜਿਆਂ ਦਾ ਹੱਕ ਮਾਰਕੇ ਹੀ ਇਕੱਤਰ ਕੀਤਾ ਜਾ ਸਕਦਾ ਹੈ। ਜਿਸ ਧਨ ਨੂੰ ਇਕੱਤਰ ਕਰਨ ਲਈ ਇੰਨੇ ਪਾਪ ਕਰਨੇ ਪੈਂਦੇ ਹਨ; ਉਹ ਧਨ ਮਰਨ ਸਮੇਂ ਮਨੁੱਖ ਦੇ ਨਾਲ ਨਹੀਂ ਜਾਂਦਾ :

ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ॥

*(ਆਸਾ, ਮ: ੧-੪੧੭)*

ਜਗਤ ਵਿਚ ਬਹੁਤੇ ਲੋਕੀਂ ਲੋਕਾਂ ਦਾ ਹੱਕ ਮਾਰ ਮਾਰ ਕੇ ਅਮੀਰ ਬਣਦੇ ਹਨ। ਪਰ ਦੂਜਿਆਂ ਦਾ ਹੱਕ ਮਾਰਨ ਵਾਲਾ ਮਨੁੱਖ ਧਰਮੀ ਨਹੀਂ ਹੋ ਸਕਦਾ। ਸਤਿਗੁਰਾਂ ਦਾ ਫ਼ੁਰਮਾਨ ਹੈ :

ਹਕੁ ਪਰਾਇਆ ਨਾਨਕਾ, ਉਸੁ ਸੂਅਰੁ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ॥

*(ਸਲੋਕ ਮ: ੧, ਮਾਝ ਕੀ ਵਾਰ, ਪੰਨਾ ੧੪੧)*

ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ, ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ, ਝੂਠੇ ਅਮਲ ਕਰੇਹੁ॥

*(ਮ: ੧, ਮਾਝ ਕੀ ਵਾਰ-੧੪੦)*

ਉਪਰੋਕਤ ਗੁਰਵਾਕਾਂ ਤੋਂ ਸਪੱਸ਼ਟ ਹੈ ਕਿ ਸਮਾਜ ਵਿਚ ਲੁੱਟ-ਖਸੁੱਟ ਨਹੀਂ ਹੋਣੀ ਚਾਹੀਦੀ, ਨਾ ਹੀ ਕਮਜ਼ੋਰ ਲੋਕਾਂ ਦਾ ਹੱਕ ਮਾਰਿਆ ਜਾਣਾ ਚਾਹੀਦਾ ਹੈ। ਖੁਸ਼ੀਆਂ-ਖੇੜੇ ਭਰਿਆ ਉਹੀ ਸਮਾਜ ਹੋ ਸਕਦਾ ਹੈ ਜਿਸ ਵਿਚ ਨਾ ਤਾਂ ਕੁਝ ਲੋਕੀਂ ਬਹੁਤ ਹੀ ਅਮੀਰ ਹੋਣ ਅਤੇ ਨਾ ਹੀ ਉਸ ਵਿਚ ਗੁਰਬਤ (ਨਿਰਧਨਤਾ) ਦਾ ਬੋਲਬਾਲਾ ਹੋਵੇ।

**(vii)** ਸਾਧ-ਸੰਗਤ ਅਤੇ ਸੇਵਾ—ਸਾਧ ਸੰਗਤ ਇਕ ਅਜਿਹੀ ਥਾਂ ਹੈ; ਜਿਥੇ ਧਰਮ ਦੀਆਂ ਸਿਖਿਆਵਾਂ ਨੂੰ ਅਮਲੀ ਰੂਪ ਦੇਣ ਦੀ ਪ੍ਰੇਰਨਾ ਮਿਲਦੀ ਹੈ। ਸਤਿ-ਸੰਗੀਆਂ ਦੇ ਦੁਖ ਸੁਖ ਸਾਂਝੇ ਹੁੰਦੇ ਹਨ; ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਅਤੇ ਧਰਮ ਨੂੰ ਜੁਗਾਂ-ਜੁਗਾਂਤਰਾਂ ਤੀਕ ਜੀਉਂਦਾ ਰੱਖਣ

ਦੀਆਂ ਵਿਉਂਤਾਂ ਬਣਾਈਆਂ ਜਾਂਦੀਆਂ ਹਨ।

ਸਾਧ-ਸੰਗਤ ਵਿਚ ਜਾਣ ਦਾ ਮੁਖ ਪ੍ਰਯੋਜਨ ਤਾਂ ਪ੍ਰਭੂ ਦੀ ਸਿਫ਼ਤ ਸਲਾਹ ਕਰਨਾ ਅਤੇ ਆਪਣੇ ਧਰਮ ਦੇ ਵਿਸ਼ਵਾਸਾਂ ਨਾਲ ਜੁੜੇ ਰਹਿਣਾ ਹੈ। ਇਸ ਦੇ ਨਾਲ ਹੀ ਮਨੁੱਖੀ ਸਮਾਜ ਦੀ ਭਲਾਈ ਦੀ ਪ੍ਰੇਰਨਾ ਵੀ ਸਾਧ-ਸੰਗਤ ਤੋਂ ਹੀ ਮਿਲਦੀ ਹੈ। ਗੁਰੂ ਮਹਾਰਾਜ ਜਿਥੇ ਮਨੁੱਖ ਦੀ ਨਿਜੀ ਮੁਕਤੀ ਦੇ ਚਾਹਵਾਨ ਸਨ; ਉਥੇ ਮਨੁੱਖਾਂ ਨੂੰ ਭਰਾਵਾਂ ਦੀ ਤਰ੍ਹਾਂ ਇਕ ਦੂਜੇ ਦੇ ਦੁਖਾਂ-ਸੁਖਾਂ ਦੇ ਭਾਈਵਾਲ ਹੋਣਾ ਵੀ ਲੋਚਦੇ ਸਨ। ਆਪ ਸੰਗਤਾਂ ਦੇ ਰਾਹੀਂ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ। ਜਿਥੇ ਪਹਿਲਾਂ ਲੋਕੀਂ ਪ੍ਰਭੂ ਪੂਜਾ ਲਈ ਦੁਨੀਆਂ ਤੋਂ ਦੂਰ ਨਸਦੇ ਸਨ; ਜੰਗਲਾਂ ਪਹਾੜਾਂ ਅਤੇ ਨਦੀਆਂ ਦੇ ਕੰਢਿਆਂ ਉਤੇ ਜਾ ਕੇ ਪ੍ਰਭੂ ਵਿਚ ਆਪਣਾ 'ਧਿਆਨ' ਜੋੜਦੇ ਸਨ; ਉਥੇ ਸਤਿਗੁਰਾਂ ਨੇ ਸਤਿ-ਸੰਗਤ ਵਿਚ ਆ ਕੇ ਨਾਮ ਜਪਣ ਦੀ ਪ੍ਰੇਰਨਾ ਦਿਤੀ। ਗੁਰੂ ਨਾਨਕ ਪਾਤਸ਼ਾਹ ਨੇ ਸੰਗਤਾਂ ਦੀ 'ਧਰਮ ਦੀ ਸਿਖਲਾਈ ਦੇਣ ਵਾਲੇ ਕੇਂਦਰਾਂ' ਦੇ ਰੂਪ ਵਿਚ ਉਸਾਰੀ ਕੀਤੀ ਸੀ। ਉਦਾਸੀਆਂ ਸਮੇਂ ਆਪ ਨੇ ਜਿਥੇ ਵੀ ਸੰਗਤਾਂ ਥਾਪੀਆਂ, ਉਥੇ ਨਾਲ ਇਕ ਪਰਚਾਰਕ ਜ਼ਰੂਰ ਨਿਯਤ ਕੀਤਾ, ਜਿਸਦਾ ਕੰਮ ਸੰਗਤਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੇ ਵਿਚਾਰਾਂ ਦੇ ਨਾਲ ਜੋੜੀ ਰੱਖਣਾ ਹੈ।

ਇਨ੍ਹਾਂ ਸੰਗਤਾਂ ਵਿਚ ਹੀ ਮਨੁੱਖ ਅੰਦਰ ਸੇਵਾ ਦੀ ਭਾਵਨਾ ਪੈਦਾ ਕਰਕੇ, ਉਸਨੂੰ ਸੇਵਾ ਦੀ ਅਮਲੀ ਟਰੇਨਿੰਗ ਦਿਤੀ ਜਾਂਦੀ ਸੀ। ਮਨੁੱਖ ਤਨ, ਮਨ, ਧਨ ਨਾਲ ਸੇਵਾ ਕਰਦੇ ਸਨ। ਸੰਗਤਾਂ ਵਿਚ ਹੀ ਇਹ ਉਪਦੇਸ਼ ਮਿਲਦਾ ਸੀ :

—ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ *(ਸਿਰੀ ਰਾਗ, ਅਸਟਪਦੀ-੨੬)*
—ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ *(ਸਾਰੰਗ ਕੀ ਵਾਰ, ਮ: ੧-੧੨੪੫)*

ਸੰਗਤ ਵਿਚ ਸਭ ਵਰਣਾਂ, ਫਿਰਕਿਆਂ, ਧਰਮਾਂ ਦੇ ਲੋਕ ਇਕੱਠੇ ਬਹਿੰਦੇ ਸਨ, ਇਕੱਠੇ ਲੰਗਰ ਛਕਦੇ ਸਨ ਅਤੇ ਸਰੋਵਰਾਂ ਵਿਚ ਇਕੱਠੇ ਹੀ ਇਸ਼ਨਾਨ ਕਰਦੇ ਸਨ। ਇੰਝ ਸੰਗਤਾਂ ਨੇ ਮਨੁੱਖ ਮਨੁੱਖ ਅੰਦਰ ਪਈਆਂ ਤਰੇੜਾਂ ਨੂੰ ਦੂਰ ਕਰਕੇ ਇਕ ਨਰੋਏ ਸਮਾਜ ਦੀ ਸਿਰਜਣਾ ਵਿਚ ਹਿੱਸਾ ਪਾਇਆ।

ਇਨ੍ਹਾਂ ਸੰਗਤਾਂ ਵਿਚ ਹੀ ਧਰਮ ਪੁਰ ਦ੍ਰਿੜ ਰਹਿਣ, ਆਜ਼ਾਦੀ ਨਾਲ ਜੀਉਣ ਅਤੇ ਜ਼ਬਰ ਜ਼ੁਲਮ ਦਾ ਟਾਕਰਾ ਕਰਨ ਦੀ ਸਿਖਿਆ ਮਿਲਦੀ ਸੀ। ਮਨੁੱਖੀ ਭਲਾਈ ਦੀ ਖਾਤਰ ਅਤੇ ਧਰਮ ਲਈ ਹਜ਼ਾਰਾਂ ਹੀ ਬੰਦ ਬੰਦ ਕਟਵਾਉਣ ਵਾਲੇ ਆਰਿਆਂ ਨਾਲ ਸਰੀਰ ਚਿਰਵਾਉਣ ਵਾਲੇ, ਦੇਗਾਂ ਵਿਚ ਉਬਲਣ ਲਈ ਤਿਆਰ ਹੋਣ ਵਾਲੇ, ਖੋਪਰੀਆਂ ਲੁਹਾਉਣ ਵਾਲੇ, ਚਰਖੜੀਆਂ ਤੇ ਚੜ੍ਹ ਕੇ ਤੂੰਬਾ ਤੂੰਬਾ ਹੋ

ਜਾਣ ਵਾਲੇ, ਜੀਉਂਦੇ ਜੀਅ ਅੱਗ ਵਿਚ ਸੜ ਜਾਣ ਵਾਲੇ, ਨੀਹਾਂ ਵਿਚ ਚਿਣੇ ਜਾਣ ਵਾਲੇ ਤੇ ਹੋਰ ਅਨੇਕਾਂ ਤਰ੍ਹਾਂ ਦੇ ਤਸੀਹੇ ਝੱਲ ਕੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਜਵਾਨ-ਮਰਦ ਅਤੇ ਆਪਣੇ ਮਾਸੂਮ ਬੱਚਿਆਂ ਨੂੰ ਸਾਹਵੇਂ ਸ਼ਹੀਦ ਹੁੰਦਾ ਵੇਖਣ ਵਾਲੀਆਂ ਅਤੇ ਆਪਣੇ ਗਲਾਂ ਵਿਚ ਬੱਚਿਆਂ ਦੀਆਂ ਆਂਦਰਾਂ ਦੇ ਹਾਰ ਪਾਏ ਜਾਣ ਤੇ ਹਿਮਾਲਾ ਦੀ ਤਰ੍ਹਾਂ ਅਡੋਲ ਰਹਿਣ ਵਾਲੀਆਂ ਸਿੰਘਣੀਆਂ-ਸਭ ਇਨ੍ਹਾਂ ਸੰਗਤਾਂ ਦੀ ਦੇਣ ਹਨ।

ਸੋ ਸੰਗਤਾਂ ਇਕ ਸੁਚੱਜੇ ਅਤੇ ਜੀਵਨ ਦੀਆਂ ਉਚੀਆਂ ਕੀਮਤਾਂ-ਕਦਰਾਂ ਵਾਲੇ ਸਮਾਜ ਦੀਆਂ ਨਿਰਮਾਤਾ ਹਨ ਅਤੇ ਇਨ੍ਹਾਂ ਉਚੀਆਂ ਕੀਮਤਾਂ ਦੀ ਰਾਖੀ ਕਰਨ ਵਾਲੀਆਂ ਹਨ।

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਤਿਗੁਰਾਂ ਦਾ ਆਸ਼ਾ ਇਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਸੀ, ਜਿਸ ਵਿਚ ਮਨੁੱਖ ਮਨੁੱਖ ਵਿਚ ਵੰਡੀਆਂ ਨਾ ਪਈਆਂ ਹੋਣ ਸਗੋਂ ਸਾਰੇ ਮਨੁੱਖ ਸਕੇ ਭਰਾਵਾਂ ਦੀ ਤਰ੍ਹਾਂ ਇਕ ਦੂਜੇ ਲਈ ਪਿਆਰ ਅਤੇ ਹਮਦਰਦੀ ਦੀ ਭਾਵਨਾ ਰਖਦੇ ਹੋਣ। ਮਨੁੱਖ ਆਪ ਕਿਰਤ ਕਰਨ ਅਤੇ ਆਪਣੇ ਨਾਲ ਦੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ। ਲੋਕ ਉਚੀਆਂ-ਸੁਚੀਆਂ ਜੀਵਨ-ਕਦਰਾਂ ਦੇ ਧਾਰਨੀ ਹੋਣ, ਸੇਵਾ ਭਾਵਨਾ ਵਾਲੇ ਹੋਣ। ਰੁਪਏ ਪੈਸੇ ਦੀ ਲੁੱਟ-ਖਸੁੱਟ ਨਾ ਹੋਵੇ, ਸਗੋਂ ਸਭ ਮਨੁੱਖਾਂ ਦਾ ਮਨੋਰਥ ਸਰਬੱਤ ਦਾ ਭਲਾ ਹੋਵੇ।

ੲ) ਰਾਜਨੀਤਕ ਵਿਚਾਰਧਾਰਾ : ਚੰਗੇ ਰਾਜੇ ਜਾਂ ਸਹੀ ਕਿਸਮ ਦੀ ਰਾਜ-ਪ੍ਰਣਾਲੀ ਉਹੀ ਹੋ ਸਕਦੀ ਹੈ, ਜਿਹੜੀ ਆਪਣੇ ਲੋਕਾਂ (ਜਨਤਾ) ਦੀ ਭਲਾਈ ਅਤੇ ਸੁਖਾਂ ਦਾ ਖਿਆਲ ਰੱਖੇ। ਪਰ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਰਾਜ-ਸ਼ਕਤੀ ਵਿਚ ਮਸਤ ਰਾਜੇ, ਆਪਣੇ ਲਈ, ਆਪਣੇ ਪਰਿਵਾਰ ਲਈ ਜਾਂ ਕੁਝ ਪਿਠੂਆਂ ਦੀ ਭਲਾਈ ਲਈ ਤਾਂ ਬਹੁਤ ਕੁਝ ਕਰਦੇ ਰਹੇ ਹਨ, ਪਰ ਆਪਣੀ ਪਰਜਾ ਦੀ ਭਲਾਈ ਵੱਲ ਉਨ੍ਹਾਂ ਨੇ ਘਟ ਹੀ ਧਿਆਨ ਦਿਤਾ ਹੈ। ਰਾਜੇ ਆਪਣੇ ਲਈ ਸੁਖਾਂ ਅਤੇ ਐਸ਼-ਇਸ਼ਰਤਾਂ ਦੇ ਸਾਧਨ ਇਕੱਤਰ ਕਰਨ ਵਿਚ ਰੁਝੇ ਰਹਿੰਦੇ ਸਨ, ਜਿਸਦੇ ਫਲ-ਸਰੂਪ ਜਨਤਾ ਵਿਚ ਗਰੀਬੀ, ਭੁੱਖ ਅਤੇ ਬੀਮਾਰੀਆਂ ਫੈਲਦੀਆਂ ਰਹੀਆਂ ਹਨ। ਅੱਜ ਦੇ ਸਮੇਂ ਵਿਚ ਵੀ ਜਿਹੜੀ ਪਾਰਟੀ ਦਾ ਰਾਜ ਸਥਾਪਤ ਹੋ ਜਾਂਦਾ ਹੈ ਉਹ ਹਰ ਹੀਲੇ ਲੋਕਾਂ ਉਤੇ ਆਪਣੀ ਰਾਜਸੀ-ਵਿਚਾਰਧਾਰਾ ਠੋਸਣ ਦਾ ਯਤਨ ਕਰਦੀ ਹੈ, ਵਿਰੋਧੀਆਂ ਦੇ ਖਾਤਮੇ ਲਈ ਚਾਲਾਂ ਚਲਦੀ ਹੈ, ਲੋਕਾਂ ਨੂੰ ਉਨ੍ਹਾਂ ਦੀ ਭਲਾਈ ਦੇ ਭਰਮ ਵਿਚ ਪਾ ਕੇ ਆਪਣੇ ਰਾਜ ਦੀਆਂ ਜੜ੍ਹਾਂ ਨੂੰ ਪੱਕਾ ਕਰਦੀ ਹੈ। ਇਹ ਤਾਂ ਹੈ ਆਪਣੇ ਆਪ ਨੂੰ 'ਲੋਕ-ਤੰਤਰੀ' ਸਰਕਾਰਾਂ ਆਖਣ ਵਾਲੀਆਂ ਸਰਕਾਰਾਂ ਦਾ ਹਾਲ। ਜਿਥੇ ਡਿਕਟੇਟਰ (ਤਾਨਾਸ਼ਾਹ) ਰਾਜ ਕਰ ਰਹੇ ਹਨ, ਜਾਂ ਕਮਿਊਨਿਸਟ ਸਰਕਾਰਾਂ ਹਨ, ਉਥੇ ਵਿਰੋਧੀ ਪਾਰਟੀ ਤਾਂ ਹੁੰਦੀ ਹੀ

ਨਹੀਂ, ਅਜਿਹੀਆਂ ਸਰਕਾਰਾਂ ਰਾਜ-ਪ੍ਰਾਪਤ ਕਰਦਿਆਂ ਸਾਰ ਹੀ ਵਿਰੋਧੀਆਂ ਦਾ ਸਫਾਇਆ ਕਰ ਦਿੰਦੀਆਂ ਹਨ। ਲੋਕਾਂ ਅੰਦਰ ਡਰ-ਸਹਿਮ ਪੈਦਾ ਕਰਕੇ ਰਾਜ ਕਰਦੀਆਂ ਹਨ। ਜੇ ਕੋਈ ਬੁਧੀਜੀਵੀ ਲੋਕਾਂ ਨੂੰ ਜਾਗਿਰਤ ਕਰਨ ਦੀ ਕੋਸ਼ਿਸ਼ ਕਰੇ, ਤਾਂ ਉਸਨੂੰ ਜਾਂ ਤਾਂ ਜੇਲ੍ਹਾਂ ਵਿਚ ਸੁਟ ਦਿਤਾ ਜਾਂਦਾ ਹੈ, ਜਾਂ ਫਿਰ ਦੇਸ਼ ਵਿਚੋਂ ਹੀ ਬਾਹਰ ਕੱਢ ਦਿਤਾ ਜਾਂਦਾ ਹੈ। ਡਿਕਟੇਟਰ ਜਾਂ ਸਰਕਾਰ ਚਲਾਉਣ ਵਾਲੀ ਪਾਰਟੀ ਦੇ ਕੁਝ ਬੰਦੇ ਸੰਸਾਰਕ ਸੁਖਾਂ ਦੇ ਅਸੀਮ ਸਾਧਨਾਂ ਦੇ ਮਾਲਕ ਬਣ ਜਾਂਦੇ ਹਨ; ਤੇ ਪਰਜਾ ਭੁੱਖ, ਗਰੀਬੀ ਅਤੇ ਡਰ ਦੇ ਮਾਰੂ ਪਹੀਆਂ ਥੱਲੇ ਕੁਚਲੀ ਜਾਂਦੀ ਹੈ। ਜੇ ਕਿਸੇ ਦੇਸ਼ ਵਿਚ ਲੋਕਾਂ ਲਈ ਕੁੱਲੀ, ਗੁੱਲੀ ਅਤੇ ਜੁੱਲੀ ਦਾ ਪ੍ਰਬੰਧ ਕੀਤਾ ਵੀ ਜਾਂਦਾ ਹੈ, ਤਾਂ ਲੋਕਾਂ ਨੂੰ ਕੰਮ-ਚਲਾ ਰਹੀ ਪਾਰਟੀ ਬਾਰੇ ਆਪਣੇ ਨਿਜੀ ਖਿਆਲ ਨਹੀਂ ਪ੍ਰਗਟ ਕਰਨ ਦਿਤੇ ਜਾਂਦੇ। ਲੋਕਾਂ ਦੀਆਂ ਧਾਰਮਿਕ ਅਤੇ ਸਭਿਆਚਾਰਕ ਸਰਗਰਮੀਆਂ ਉਤੇ ਵੀ ਪਾਬੰਦੀਆਂ ਲਾਈਆਂ ਜਾਂਦੀਆਂ ਹਨ। ਲੋਕ, ਕਿਸਾਨ ਦੇ ਡੰਗਰਾਂ ਦੀ ਤਰ੍ਹਾਂ ਬਣ ਕੇ ਰਹਿ ਜਾਂਦੇ ਹਨ; ਜਿਨ੍ਹਾਂ ਦਾ ਕੰਮ ਮਾਲਕ ਦੇ ਖੇਤਾਂ ਵਿਚ ਹਲ ਚਲਾਉਣਾ ਹੁੰਦਾ ਹੈ; ਮਾਲਕ ਦੀ ਹਰ ਇੱਛਾ ਦਾ ਪਾਲਨ ਕਰਨਾ ਹੁੰਦਾ ਹੈ ਜ਼ਬਾਨ ਤਾਂ ਉਹ ਖੋਲ੍ਹ ਨਹੀਂ ਸਕਦੇ, ਜੇ ਜਰਾ ਮਨ ਆਈ ਕਰਨ ਤਾਂ ਪੈਣਾਂ (ਚਾਬਕਾਂ) ਦੀ ਮਾਰ ਸਹਾਰਦੇ ਹਨ। ਹਾਂ, ਉਨ੍ਹਾਂ ਨੂੰ ਖਾਣ ਪੀਣ ਦਾ ਸਾਮਾਨ (ਉਹ ਭੀ ਜੋ ਮਾਲਕ ਠੀਕ ਸਮਝੇ) ਅਤੇ ਸਿਰ ਲੁਕਾਉਣ ਜੋਗੀ ਥਾਂ ਜ਼ਰੂਰ ਮਿਲ ਜਾਂਦੀ ਹੈ।

ਅਚੰਭੇ ਦੀ ਗੱਲ ਇਹ ਹੈ ਕਿ ਹਰ ਤਰ੍ਹਾਂ ਦੀਆਂ ਰਾਜ ਸਰਕਾਰਾਂ—ਲੋਕਤੰਤਰੀ, ਤਾਨਾਸ਼ਾਹੀ ਅਤੇ ਸਮਾਜਵਾਦੀ—ਆਪਣਾ ਮਨੋਰਥ ਜਨਤਾ ਦੀ ਭਲਾਈ ਹੀ ਦਸਦੀਆਂ ਹਨ।

ਗੁਰੂ ਨਾਨਕ ਪਾਤਸ਼ਾਹ ਹਰ ਉਸ ਰਾਜੇ ਅਤੇ ਰਾਜ-ਪ੍ਰਬੰਧ ਦੇ ਵਿਰੁਧ ਸਨ ਜੋ ਲੋੜ ਤੋਂ ਵਧ ਟੈਕਸ ਲਗਾ ਕੇ ਜਾਂ ਕਈ ਹੋਰ ਤਰੀਕਿਆਂ ਨਾਲ ਜਨਤਾ ਤੋਂ ਧਨ-ਪਦਾਰਥ ਲੁਟਦੇ ਸਨ ਅਤੇ ਉਨ੍ਹਾਂ ਉਤੇ ਜ਼ੋਰ ਧੱਕੇ ਨਾਲ ਆਪਣੇ ਧਾਰਮਿਕ ਵਿਚਾਰ ਠੋਸਦੇ ਸਨ, ਮਨੁੱਖ ਦੀ ਸੁਤੰਤਰਤਾ ਦਾ ਗਲਾ ਘੁਟਦੇ ਸਨ। ਜੇ ਧਨ-ਪਦਾਰਥ ਲੁੱਟਣ ਲਈ ਬਾਹਰੋਂ ਬਾਬਰ ਆਇਆ ਤਾਂ ਉਸਨੂੰ "ਪਾਪ ਦੀ ਜੰਞ" ਲੈ ਕੇ ਆਉਣ ਵਾਲਾ ਤੇ 'ਜ਼ੋਰ ਨਾਲ ਦਾਨ' ਮੰਗਣ ਵਾਲਾ (ਲੁੱਟ-ਮਾਰ ਕਰਨ ਵਾਲਾ) ਆਖਿਆ। ਇਥੋਂ ਦੇ ਐਸ਼-ਪ੍ਰਸਤ ਰਾਜਿਆਂ ਨੂੰ ਬੜੇ ਸਪੱਸ਼ਟ ਲਫ਼ਜ਼ਾਂ ਵਿਚ, ਰੰਗ-ਤਮਾਸ਼ਿਆਂ ਵਿਚ ਗਲਤਾਨ ਹੋਏ ਪਏ, ਜਨਤਾ ਖ਼ੂਨ ਚੂਸਣ ਵਾਲੇ ਬਘਿਆੜ, ਕੁਤੇ, ਕਸਾਈ... ਆਦਿਕ ਸਖ਼ਤ ਸ਼ਬਦਾਂ ਨਾਲ ਸੰਬੋਧਨ ਕੀਤਾ। ਗੁਰੂ ਨਾਨਕ ਪਾਤਸ਼ਾਹ ਰਾਜਿਆਂ ਅਤੇ ਰਾਜ-ਸਰਕਾਰਾਂ ਦਾ ਸਭ ਤੋਂ ਵੱਡਾ ਗੁਣ ਨਿਆਂਕਾਰੀ ਹੋਣਾ ਮੰਨਦੇ ਹਨ। ਆਪ ਫ਼ੁਰਮਾਉਂਦੇ ਹਨ :

ਨਾਨਕ ਚੁਲੀਆ ਸੁਚੀਆ, ਜੇ ਭਰਿ ਜਾਣੈ ਕੋਇ॥

ਸੁਰਤੇ ਚੁਲੀ ਗਿਆਨ ਕੀ, ਜੋਗੀ ਕਾ ਜਤੁ ਹੋਇ॥
ਬ੍ਰਹਮਣ ਚੁਲੀ ਸੰਤੋਖ ਕੀ, ਗਿਰਹੀ ਕਾ ਸਤੁ ਦਾਨੁ॥
ਰਾਜੇ ਚੁਲੀ ਨਿਆਵ ਕੀ, ਪੜਿਆ ਸਚੁ ਧਿਆਨੁ॥

*(ਸਾਰੰਗ, ਮ: ੧-੧੨੪੦)*

ਗੁਰੂ ਜੀ ਕਹਿੰਦੇ ਹਨ ਕਿ ਰਾਜ-ਗੱਦੀ ਉਤੇ ਬੈਠਣ ਦਾ ਉਸੇ ਨੂੰ ਅਧਿਕਾਰ ਹੈ ਜਿਹੜਾ ਇਸਦੇ ਯੋਗ ਹੋਵੇ, ਭਾਵ ਨਿਆਂਕਾਰੀ ਅਤੇ ਲੋਕ ਹਿਤਾਂ ਵਾਲਾ ਰਾਜ ਚਲਾ ਸਕਦਾ ਹੋਵੇ :—

ਤਖਤਿ ਬਹੈ ਤਖਤੈ ਕੀ ਲਾਇਕ॥ *(ਮਾਰੂ ਸੋਲਹੇ, ਮ: ੧-੧੦੩੯)*

ਰਾਜੇ ਲਈ ਗੁਣਵਾਨ ਹੋਣਾ ਅਤੇ ਪ੍ਰਭੂ ਭੈ ਵਿਚ ਰਹਿਣਾ ਜ਼ਰੂਰੀ ਹੈ। ਪ੍ਰਭੂ ਦੇ ਭੈ ਵਿਚ ਰਹਿਣ ਵਾਲਾ ਰਾਜਾ ਹੀ ਪ੍ਰਭੂ ਦੀ ਖਲਕਤ ਦੀ ਸਚੇ ਦਿਲ ਨਾਲ ਸੇਵਾ ਕਰ ਸਕਦਾ ਹੈ।

ਰਾਜਾ ਤਖਤਿ ਟਿਕੈ ਗੁਣੀ, ਭੈ ਪੰਚਾਇਣ ਰਤੁ॥

*(ਮਾਰੂ, ਮ: ੧-੯੯੨)*

ਇਹ ਹਨ ਗੁਰੂ ਨਾਨਕ ਪਾਤਸ਼ਾਹ ਦੇ ਰਾਜ-ਪ੍ਰਬੰਧ ਬਾਰੇ ਕੁਝ ਵਿਚਾਰ। ਆਪ ਜੀ ਅਨੁਸਾਰ ਉਹੀ ਨਿਆਂ-ਪ੍ਰਣਾਲੀ ਠੀਕ ਹੈ ਜੋ ਲੋਕ-ਹਿਤਕਾਰੀ, ਨਿਆਂਕਾਰੀ ਹੋਵੇ ਅਤੇ ਜਿਸਨੂੰ ਚਲਾਉਣ ਵਾਲੇ ਉਤਮ, ਸਿਆਣੇ ਅਤੇ ਪ੍ਰਭੂ ਦੇ ਡਰ ਵਿਚ ਰਹਿਣ ਵਾਲੇ ਲੋਕ ਹੋਣ।

# ਨਾਨਕ ਨਿਰਮਲ ਪੰਥ ਚਲਾਇਆ

ਪਿਛਲੇ ਅਧਿਆਵਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜਿਹੜੀ ਵਿਚਾਰਧਾਰਾ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਦਿਤੀ ਉਸਦਾ ਮਨੋਰਥ ਮਨੁੱਖ ਨੂੰ ਇਕ ਸੁਚੱਜੀ ਜੀਵਨ ਜਾਚ ਸਿਖਾਉਣਾ ਸੀ। ਸਤਿਗੁਰਾਂ ਨੇ ਧਰਮ ਨੂੰ ਬੇਲੋੜੇ ਕਰਮ-ਕਾਂਡਾਂ ਦੀ ਕੈਦ ਤੋਂ ਮੁਕਤ ਕਰਕੇ, ਦਰਸ਼ਨ (ਫਲਸਫ਼ੇ) ਦੀਆਂ ਗੁੰਝਲਾਂ ਵਿਚੋਂ ਕੱਢ ਕੇ, ਸਿਧਾ ਸਪੱਸ਼ਟ ਜੀਵਨ ਮਾਰਗ ਬਣਾ ਦਿਤਾ। ਆਪਣੀ ਮੌਲਿਕ ਅਤੇ ਅਦੁਤੀ ਵਿਚਾਰਧਾਰਾ ਦੇ ਪਰਚਾਰ ਲਈ ਸਤਿਗੁਰਾਂ ਨੇ ਲੰਮੇ-ਲੰਮੇ ਪਰਚਾਰ-ਸਫਰ ਕੀਤੇ। ਲੋਕਾਂ ਦੀ ਬੋਲੀ ਵਿਚ ਆਪਣੇ ਧਰਮ-ਸਿਧਾਂਤਾਂ ਨੂੰ ਪਰਚਾਰਿਆ। ਇਨ੍ਹਾਂ ਸਿਧਾਂਤਾਂ ਦੇ ਅਸਰ ਨੂੰ ਚਿਰ ਸਥਾਈ ਬਣਾਉਣ ਲਈ ਸੰਗਤਾਂ ਕਾਇਮ ਕੀਤੀਆਂ ਅਤੇ ਪ੍ਰਚਾਰਕ ਥਾਪੇ। ਸਤਿਗੁਰਾਂ ਦੇ ਇਨ੍ਹਾਂ ਯਤਨਾਂ ਦੇ ਸਦਕਾ ਇਕ ਨਵਾਂ ਧਰਮ ਹੋਂਦ ਵਿਚ ਆ ਗਿਆ। ਉਨ੍ਹਾਂ ਦੀ ਵਿਚਾਰਧਾਰਾ ਦਾ ਸਿੱਕਾ ਜਗਤ ਨੇ ਮੰਨ ਲਿਆ। ਇਸੇ ਲਈ ਤਾਂ ਭਾਈ ਗੁਰਦਾਸ ਜੀ ਆਖਦੇ ਹਨ :

ਮਾਰਿਆ ਸਿਕਾ ਜਗਤ ਵਿਚਿ,
ਨਾਨਕ ਨਿਰਮਲ ਪੰਥੁ ਚਲਾਇਆ॥ *(ਵਾਰ ੧, ਪਉੜੀ ੪੫)*

ਭਾਈ ਗੁਰਦਾਸ ਜੀ ਨੇ ਇਸ ਨਿਰਮਲ ਪੰਥ ਨੂੰ 'ਗੁਰਮੁਖ ਪੰਥ' ਅਤੇ 'ਗੁਰਮਤਿ ਗਾਡੀ ਰਾਹ' ਵੀ ਆਖਿਆ ਹੈ। ਭਾਈ ਗੁਰਦਾਸ ਜੀ ਦੀ ਗਵਾਹੀ ਤੋਂ ਹੀ ਇਹ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਆਪਣੇ ਧਰਮ ਦੀ ਦੀਖਿਆ ਦੇਣ ਸਮੇਂ ਲੋਕਾਂ ਨੂੰ 'ਚਰਨਾਮ੍ਰਿਤ' ਦਿਆ ਕਰਦੇ ਸਨ :

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ॥
ਚਰਣ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾਂ ਪੀਲਾਇਆ॥
*(ਵਾਰ ੧, ਪਉੜੀ ੨੩)*

ਸਤਿਗੁਰਾਂ ਦੇ ਜੀਵਨ-ਕਾਲ ਵਿਚ ਹੀ ਸਿੱਖੀ ਭਾਰਤ ਦੇ ਕੋਨੇ ਕੋਨੇ ਵਿਚ ਅਤੇ ਉਨ੍ਹਾਂ ਸਭ ਇਲਾਕਿਆਂ ਵਿਚ ਫੈਲ ਗਈ ਸੀ, ਜਿਥੇ ਸਤਿਗੁਰੂ ਜੀ ਪਰਚਾਰ ਕਰਨ ਗਏ ਸਨ। ਇਸ ਬਾਰੇ ਮਿਰਜ਼ਾ ਗੁਲਾਮ ਅਹਿਮਦ ਕਾਦੀਆਂ ਲਿਖਦੇ ਹਨ :

'ਗੁਰੂ ਨਾਨਕ ਵਾਸਤਵ ਵਿਚ ਹੋ ਚੁਕੇ ਪੈਗੰਬਰਾਂ ਨਾਲੋਂ ਕਈ ਗੱਲਾਂ ਵਿਚ ਬਹੁਤ ਵੱਡੇ ਸਨ, ਜਿਵੇਂ ਕਿ ਉਸ ਸਮੇਂ ਜਦ ਕਿ ਆਵਾਜਾਈ ਦੇ ਸਾਧਨ—ਰੇਲ, ਹਵਾਈ ਜਹਾਜ਼ ਆਦਿਕ ਨਹੀਂ ਸਨ, ਪ੍ਰੈਸ ਅਤੇ ਪਲੈਟਫਾਰਮ ਰਾਹੀਂ ਪਰਚਾਰ ਕਰਨ ਦੇ ਤਰੀਕੇ ਈਜ਼ਾਦ ਨਹੀਂ ਸਨ ਹੋਏ ਅਤੇ ਰੇਡੀਓ, ਲਾਊਡਸਪੀਕਰ ਆਦਿਕ

ਅਜੋਕੀਆਂ ਕਾਢਾਂ ਨਹੀਂ ਸਨ ਨਿਕਲੀਆਂ, ਗੁਰੂ ਨਾਨਕ ਸਾਹਿਬ ਨੇ ਸਾਰੇ ਹਿੰਦ ਦਾ ਹੀ ਨਹੀਂ, ਏਸ਼ੀਆ, ਯੋਰਪ ਅਤੇ ਅਫ਼ਰੀਕਾ ਦੇ ਵਿਸ਼ੇਸ਼ ਇਲਾਕਿਆਂ ਵਿਚ ਪਰਚਾਰ ਕਰਕੇ ਲਗਪਗ ਤਿੰਨ ਕਰੋੜ ਸ਼ਰਧਾਲੂਆਂ ਨੂੰ ਗੁਰਦੀਖਿਆ ਦੇ ਕੇ ਸਤਿ-ਧਰਮ ਦੇ ਮਾਰਗ ਉਤੇ ਲਿਆਂਦਾ।'

ਉਦੋਂ ਤੋਂ ਲੈ ਕੇ ਅੱਜ ਤਕ ਇਹ ਧਰਮ ਸਾਧਾਰਨ ਮਨੁੱਖਾਂ ਤੋਂ ਲੈ ਕੇ ਵੱਡੇ ਵੱਡੇ ਬੁਧੀਵਾਨਾਂ ਅਤੇ ਵਿਚਾਰਕਾਂ (ਦਾਰਸ਼ਨਿਕਾਂ) ਦਾ ਧਿਆਨ ਆਪਣੇ ਵੱਲ ਖਿਚਦਾ ਰਿਹਾ ਹੈ। ਜਿਉਂ ਜਿਉਂ ਸਮਾਂ ਬੀਤ ਰਿਹਾ ਹੈ, ਇਹ ਧਰਮ ਲੋਕਾਂ ਵਿਚ ਹੋਰ ਹਰਮਨ ਪਿਆਰਾ ਹੋ ਰਿਹਾ ਹੈ। ਸੰਸਾਰ ਦੇ ਪ੍ਰਸਿਧ ਵੀਚਾਰਵਾਨ ਇਸਨੂੰ ਜਗਤ-ਧਰਮ ਮੰਨ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਮਨੁਖਤਾ ਦੀ ਅਗਵਾਈ ਕਰਨ ਵਾਲੇ ਤਿੰਨ-ਚਾਰ ਧਰਮਾਂ ਵਿਚ ਗਿਣ ਰਹੇ ਹਨ।

ਸੀ.ਐਚ. ਪੇਨ ਇਸ ਧਰਮ ਨੂੰ ਜਨ-ਸਾਧਾਰਨ ਦਾ ਧਰਮ ਆਖਦਾ ਹੈ :

"ਅਮਲੀ ਧਰਮ ਗੁਰੂ ਨਾਨਕ ਦੇਵ ਜੀ ਨੇ ਦਰਸਾਇਆ। ਉਨ੍ਹਾਂ ਨੇ ਮੁਸਲਮਾਨਾਂ, ਹਿੰਦੂਆਂ, ਕਿਸਾਨਾਂ, ਦੁਕਾਨਦਾਰਾਂ, ਸਿਪਾਹੀਆਂ, ਗ੍ਰਿਹਸਤੀਆਂ ਨੂੰ ਉਨ੍ਹਾਂ (ਲੋਕਾਂ) ਦੇ ਆਪਣੇ ਕੰਮ-ਕਾਰ ਕਰਦਿਆਂ ਹੋਇਆਂ ਕਾਮਯਾਬੀ ਪ੍ਰਾਪਤ ਕਰਨ ਦਾ ਰਸਤਾ ਦਸਿਆ। ਗੁਰੂ ਨਾਨਕ ਫੋਕੀਆਂ ਫਿਲਾਸਫ਼ੀਆਂ, ਰਸਮਾਂ, ਰਿਵਾਜ਼ਾਂ, ਜਾਤਾਂ ਤੋਂ ਉੱਚਾ ਉਠੇ ਤੇ ਲੋਕਾਂ ਨੂੰ ਉਠਾਇਆ।"

ਅਤੇ :

"ਗੁਰੂ ਨਾਨਕ ਨੇ ਉਹ ਗੱਲ ਸਮਝ ਲਈ ਸੀ ਜਿਹੜੀ ਦੂਜੇ ਸੁਧਾਰਕਾਂ ਨੇ ਨਹੀਂ ਸਮਝੀ ਸੀ। ਧਰਮ ਉਹ ਹੀ ਜਿੰਦਾ ਰਹਿ ਸਕਦਾ ਹੈ, ਜਿਹੜਾ ਵਰਤੋਂ ਸਿਖਾਲੇ, ਜਿਹੜਾ ਇਹ ਨਾ ਸਿਖਾਏ ਕਿ ਦੁਨੀਆਂ ਤੋਂ ਕਿਵੇਂ ਨੱਸਣਾ ਹੈ, ਬਲਕਿ ਸਿਖਾਏ ਕਿ ਦੁਨੀਆਂ ਵਿਚ ਚੰਗੀ ਤਰ੍ਹਾਂ ਕਿਵੇਂ ਰਹਿਣਾ ਹੈ, ਜਿਹੜਾ ਕੇਵਲ ਇਹ ਹੀ ਨਾ ਸਿਖਾਏ ਕਿ ਬਦੀਆਂ ਤੋਂ ਬਚਣਾ ਕਿਵੇਂ ਹੈ, ਸਗੋਂ ਇਹ ਸਿਖਾਏ ਕਿ ਬਦੀਆਂ ਦਾ ਟਾਕਰਾ ਕਰਕੇ ਕਾਮਯਾਬ ਕਿਵੇਂ ਹੋਣਾ ਹੈ।"

*(ਸ਼ਾਰਟ ਹਿਸਟਰੀ ਆਫ਼ ਦੀ ਸਿਖਜ਼, ਪੰਨਾ ੩੧)*

ਡੰਕਨ ਗ੍ਰੀਨਲਿਜ਼ ਗੁਰੂ ਨਾਨਕ ਦੇ ਧਰਮ ਨੂੰ ਸੁਚੱਜੀ ਜੀਵਨ ਜਾਚ ਦਾ ਨਾਮ ਦਿੰਦਾ ਹੈ:

"ਅਸੀਂ ਗੁਰੂ ਨਾਨਕ ਸਾਹਿਬ ਦੇ ਦੇਣਦਾਰ ਹਾਂ, ਜਿਨ੍ਹਾਂ ਨੇ ਲੋਕਾਂ ਨੂੰ ਦੱਸਿਆ ਕਿ ਸਿੱਖ-ਧਰਮ ਇਕ ਸੁਚੱਜੀ ਜੀਵਨ ਜਾਚ ਹੈ ਅਤੇ ਆਦਰਸ਼ਕ ਭਾਈਚਾਰੇ ਦਾ ਨਾਂ ਹੈ, ਜਿਸ ਉਤੇ ਪ੍ਰਭੂ ਭਗਤੀ ਦੀ ਸੱਚੀ ਸਦੀਵੀ ਪਾਣ ਚੜ੍ਹੀ ਹੋਈ ਹੈ ਅਤੇ ਗੁਰੂ ਸਾਹਿਬ ਨੇ ਆਪ ਇਹ ਜੀਵਨ ਜੀਉ ਕੇ ਦੱਸਿਆ।" (ਦੀ ਗੋਸਪਲ ਆਫ਼ ਗੁਰੂ ਗਰੰਥ ਸਾਹਿਬ)

ਸੰਸਾਰ ਦੇ ਪੰਜ ਸੌ ਵੱਖ ਵੱਖ ਧਰਮਾਂ ਦਾ ਅਧਿਐਨ ਕਰਨ ਵਾਲਾ ਅਮਰੀਕਾ ਦਾ ਵਿਦਵਾਨ ਐਚ.ਐਲ.ਬ੍ਰਾਡਸ਼ਾ ਸਿੱਖ ਧਰਮ ਨੂੰ ਅੱਜ ਦੇ ਮਨੁੱਖ ਦਾ ਧਰਮ ਅਤੇ ਉਸਦੀਆਂ ਸਭ ਉਲਝਣਾਂ ਦਾ ਵਾਹਿਦ ਹੱਲ ਦਸਦਾ ਹੈ। ਡਾ: ਬ੍ਰਾਡਸ਼ਾ ਨੇ ਆਪਣਾ ਇਕ ਲੰਮਾ ਸਾਰਾ ਲੇਖ 'ਸਿੱਖ ਰੀਵਿਊ' ਕਲਕੱਤਾ ਵਿਚ ਛਪਵਾਇਆ ਸੀ, ਤੇ ਮਗਰੋਂ ਇਹ ਹੋਰ ਕਈ ਪਰਚਿਆਂ ਵਿਚ ਛਪ ਚੁਕਾ ਹੈ। ਆਪ ਲਿਖਦੇ ਹਨ :

"ਸਿੱਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਜਗਤ-ਧਰਮ ਹੈ ਅਤੇ ਮਨੁਖ ਮਾਤ੍ਰ ਨੂੰ ਸਮਾਨ ਸੰਦੇਸ਼ ਦਿੰਦਾ ਹੈ। ਇਸ ਗੱਲ ਦੀ ਗੁਰਬਾਣੀ ਵਿਚ ਰੱਜ ਕੇ ਵਿਆਖਿਆ ਕੀਤੀ ਗਈ ਹੈ। ਸਿੱਖਾਂ ਨੂੰ ਇਉਂ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਸਿੱਖੀ ਇਕ ਹੋਰ ਚੰਗਾ ਧਰਮ ਹੈ। ਸਗੋਂ ਇਸਦੇ ਉਲਟ ਇੰਝ ਸੋਚਣਾ ਚਾਹੀਦਾ ਹੈ ਕਿ ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ। ਇਹ ਪੂਰਨ ਤੌਰ ਤੇ ਪੁਰਾਣੇ ਮੱਤਾਂ ਦੀ ਥਾਂ ਮੱਲਦਾ ਹੈ। ਇਹ ਗੱਲ ਸਿੱਧ ਕਰਨ ਲਈ ਪੁਸਤਕਾਂ ਲਿਖਣ ਦੀ ਸਖਤ ਲੋੜ ਹੈ। ਦੂਜੇ ਮਤ ਸਚਾਈ ਰੱਖਦੇ ਹਨ, ਪ੍ਰੰਤੂ ਸਿੱਖ ਮੱਤ ਵਿਚ ਭਰਪੂਰ ਸਚਾਈ ਹੈ।...

ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਸਮੱਸਿਆਵਾਂ ਅਤੇ ਪ੍ਰਸ਼ਨਾਂ ਦਾ ਇਕੋ-ਇਕ ਉਤਰ ਹੈ।"

ਵਿਦਵਾਨ ਲੋਕ ਇਸ ਗੱਲ ਨੂੰ ਵੀ ਮੰਨਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਦੇ ਵਿਚਾਰਾਂ ਨੇ ਇੱਕ ਨਵੀਂ ਕੌਮ ਨੂੰ ਜਨਮ ਦਿਤਾ। ਕਨਿੰਘਮ ਆਪਣੀ ਪੁਸਤਕ 'ਏ ਹਿਸਟਰੀ ਆਫ਼ ਦੀ ਸਿਖਜ਼' ਵਿਚ ਲਿਖਦਾ ਹੈ :-

"ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਗਲਤੀਆਂ ਤੋਂ ਬਚਾ ਲਿਆ ਜਿਨ੍ਹਾਂ ਦਾ ਭਾਰਤਵਾਸੀ ਸਦੀਆਂ ਤੋਂ ਸ਼ਿਕਾਰ ਹੁੰਦੇ ਆ ਰਹੇ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇਕ ਅਕਾਲ ਪੁਰਖ ਦੀ ਉਪਾਸ਼ਨਾ ਤੇ ਪਵਿਤਰ ਆਚਰਨ ਦੀ ਸਿਖਿਆ ਦਿਤੀ, ਤੇ ਇੰਝ ਉਹ ਸਰਲ, ਸਪੱਸ਼ਟ, ਸੁਤੰਤਰ, ਸਮਦ੍ਰਿਸ਼ਟੀ ਵਾਲਾ ਅਤੇ ਰੀਤਾਂ ਰਸਮਾਂ ਤੋਂ ਆਜ਼ਾਦ ਆਪਣੇ ਸ਼ਰਧਾਲੂਆਂ ਦਾ ਸੁਹਣਾ ਪੰਥ ਸਾਜ ਗਏ।"

ਨੋਬਲ ਇਨਾਮ ਜੇਤੂ ਅਤੇ ਸੰਸਾਰ ਪ੍ਰਸਿਧੀ ਦੀ ਮਾਲਕ ਸਾਹਿਤਕਾਰ ਮਿਸ ਪਰਲ ਐਸ.ਬੱਕ ਲਿਖਦੀ ਹੈ :

"ਪੰਜਾਬ ਵਿਚ ਗੁਰੂ ਨਾਨਕ ਨੇ ਦਸ ਜਾਮਿਆਂ ਰਾਹੀਂ ਸਖਤ ਮਿਹਨਤ ਨਾਲ ਬਹਾਦਰ ਤੇ ਸ੍ਵੈਮਾਨਤਾ ਵਾਲੀ ਕੌਮ ਦੀ ਸਿਰਜਨਾ ਕੀਤੀ ਅਤੇ ਮਨੁੱਖਾਂ ਤੇ ਇਸਤ੍ਰੀਆਂ ਨੂੰ ਇਹ ਦੱਸਿਆ ਕਿ ਰੱਬ ਨੂੰ ਇਕ ਯਾਰੜੇ ਵਾਂਗ ਕਿਵੇਂ ਪਿਆਰ ਕਰਨਾ ਹੈ। ਕਿਵੇਂ ਉਚੇ ਉਠਣਾ ਹੈ, ਸਵੈਮਾਨ ਕਾਇਮ ਕਰਨਾ ਹੈ। ਜ਼ਮੀਨ ਉਤੇ ਡਿਗਕੇ ਜਾਂ ਧਰਤੀ ਦਾ ਭਾਰ ਬਣਕੇ ਨਹੀਂ ਰਹਿਣਾ। ਇਹ ਰੂਹ ਸੀ ਜੋ ਉਨ੍ਹਾਂ ਨੇ

ਸਿੱਖਾਂ ਵਿਚ ਭਰੀ ਤੇ ਇਸ ਸਦਕਾ ਸਾਰੇ ਉਤਰੀ ਭਾਰਤ ਦੇ ਸਮਾਜ ਦਾ ਨਕਸ਼ਾ ਹੀ ਬਦਲ ਗਿਆ।"

ਡਾ: ਰਾਧਾ ਕ੍ਰਿਸ਼ਨਨ ਨੇ ਵੀ ਆਪਣੇ ਇਕ ਭਾਸ਼ਨ ਵਿਚ ਆਖਿਆ ਸੀ :

"ਗੁਰੂ ਨਾਨਕ ਨੇ ਇਕ ਅਜਿਹੀ ਕੌਮ ਬਣਾਉਣ ਦਾ ਯਤਨ ਕੀਤਾ, ਜਿਸ ਵਿਚਲੇ ਮਰਦ-ਇਸਤਰੀਆਂ ਵਿਚ ਸਵੈਮਾਨ ਤੇ ਅਣਖ ਹੋਵੇ, ਪਰਮਾਤਮਾ ਤੇ ਉਸਦੇ ਭਗਤਾਂ ਲਈ ਸ਼ਰਧਾ ਹੋਵੇ ਅਤੇ ਉਨ੍ਹਾਂ ਵਿਚ ਸਾਂਝੀਵਾਲਤਾ ਤੇ ਭਰੱਪਣ ਦੀ ਭਾਵਨਾ ਹੋਵੇ।"

ਸੋ, ਗੁਰੂ ਨਾਨਕ ਪਾਤਸ਼ਾਹ ਨੇ ਇਕ ਨਵੀਂ ਕੌਮ ਦੇ ਬੀਜ ਬੀਜੇ ਅਤੇ ਦਸਮ ਪਾਤਸ਼ਾਹ ਨੇ ਇਸ ਕੌਮ ਨੂੰ ਸੰਪੂਰਨਤਾ ਬਖਸ਼ੀ। ਇਸ ਸੰਬੰਧ ਵਿਚ ਕਨਿੰਘਮ ਲਿਖਦਾ ਹੈ :

"ਇਹ ਗੁਰੂ ਨਾਨਕ ਦੇ ਹੀ ਹਿੱਸੇ ਆਇਆ ਸੀ ਕਿ ਉਹ ਐਸੇ ਮੁਖ ਅਸੂਲ ਅਪਨਾਉਣ ਜਿਨ੍ਹਾਂ ਰਾਹੀਂ ਨੀਵੇਂ-ਉਚੇ ਅਤੇ ਜਾਤ-ਪਾਤ ਦੇ ਵਿਖੇਵਿਆਂ ਦਾ ਖਾਤਮਾ ਹੋ ਜਾਏ। ਉਨ੍ਹਾਂ ਮੁੱਖ ਅਸੂਲਾਂ ਉਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੀ ਕੌਮ ਤਿਆਰ ਕੀਤੀ ਜੋ ਨੀਵੇਂ-ਉਚੇ ਦਾ ਭੇਦ ਮਿਟਾ ਕੇ ਸਭ ਨੂੰ ਇੱਕ ਪੱਧਰ, ਭਾਵੇਂ ਉਹ ਧਾਰਮਿਕ ਸੀ ਜਾਂ ਰਾਜਨੀਤਕ, ਉਤੇ ਲੈ ਆਈ।"

ਡਾ: ਗੋਕਲ ਚੰਦ ਨਾਰੰਗ ਨੇ ਬਹੁਤ ਖੂਬ ਲਿਖਿਆ ਹੈ : ਖਾਲਸਾ ਪੰਥ ਉਸ ਉੱਨਤੀ ਦਾ ਨਤੀਜਾ ਸੀ, ਜੋ ਮੁੱਢ ਤੋਂ ਹੁੰਦੀ ਆਈ ਸੀ। ਜਿਸ ਫ਼ਸਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਫਲ ਦਿਤਾ ਉਸਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਅਤੇ ਅੱਠ ਗੁਰੂਆਂ ਨੇ ਉਸਨੂੰ ਸਿੰਜਿਆ ਸੀ। ਜਿਸ ਤੇਗ ਨੇ ਖ਼ਾਲਸੇ ਦੀ ਸ਼ਾਨ ਫੈਲਾਈ ਸੀ, ਇਹ ਠੀਕ ਹੈ ਕਿ ਉਸਨੂੰ ਤਿਆਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ, ਪਰ ਫੌਲਾਦ (ਜਿਸ ਤੋਂ ਉਹ ਤੇਗ ਤਿਆਰ ਹੋਈ) ਗੁਰੂ ਨਾਨਕ ਦੇਵ ਜੀ ਕਮਾ ਕੇ ਦੇ ਗਏ ਸਨ।'

ਲਾਲਾ ਦੌਲਤ ਰਾਇ ਆਰੀਆ ਨੇ ਵੀ ਕੁਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਹਨ। ਆਪ ਆਪਣੀ ਪੁਸਤਕ ਸਵਾਨੇ ਉਮਰੀ ਗੁਰੂ ਗੋਬਿੰਦ ਸਿੰਘ ਦੇ ਪੰਨਾ ੩੮ ਉਤੇ ਲਿਖਦੇ ਹਨ :—

"ਜਿਸ ਦਰਖਤ ਕੋ ਗੁਰੂ ਨਾਨਕ ਦੇਵ ਜੀ ਨੇ ਲਗਾਯਾ ਥਾ। ਜਿਸ ਦਰਖਤ ਕੋ ਗੁਰੂ ਅਰਜੁਨ ਦੇਵ ਜੀ ਔਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਖ਼ੂਨ ਕਾ ਪਾਣੀ ਔਰ ਹੱਡੀਓਂ ਕਾ ਖਾਦ ਦੇ ਕਰ ਜ਼ਮੀਨ ਸੇ ਉਠਾਇਆ ਥਾ, ਜਿਸਕੋ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਖ਼ੂਨ ਸੇ ਸੀਂਚ ਕਰ ਜ਼ਰਾ ਬੜਾਇਆ ਥਾ, ਉਸ ਕੋ ਗੁਰੂ ਗੋਬਿੰਦ ਸਿੰਘ ਜੀ ਨੇ ਅਪਨੇ ਚਾਰ ਬੇਟੋਂ...ਔਰ ਹਜ਼ਾਰੋਂ ਅਕੀਦਤਮੰਦ ਸਿੰਘੋ ਕੇ ਖ਼ੂਨ ਕੇ ਲਬਾਲਬ ਹੁਜਰੋਂ ਸੇ ਐਸਾ ਬਲਵਾਨ ਚੜ੍ਹਾਇਆ, ਕਿ ਆਖਰ ਵੋਹ ਫਲ

ਲਾਇਆ। ਵੋਹ ਫਲ ਕਿਆ ਥੇ ? ਕੌਮੀਅਤ, ਅਖਵਤ, ਵਾਅਦਤ ਔਰ ਮੁਹੱਬਤ; ਯਾਨੀ ਐਸਾ ਫਲ ਜਿਸਕਾ ਪੋਸਤ ਵਾਹਦਤਿ ਇਲਾਹੀ, ਜਿਸਕੇ ਰੇਸ਼ੇ ਮੁਹੱਬਤ, ਜਿਸਕੇ ਪਰਦੇ ਹੁਬੁਲਵਤਨੀ, ਜਿਸਕੀ ਗਿਟਕ ਅਖਵਤ ਔਰ ਜਿਸਕਾ ਸ਼ੀਰੀਂ ਰਸ ਕੌਮੀਅਤ ਥੀ।"

ਡਾਕਟਰ ਗੋਕਲ ਚੰਦ ਨਾਰੰਗ ਅਤੇ ਲਾਲਾ ਦੌਲਤ ਰਾਇ ਜੀ ਆਰੀਆ ਦੇ ਉਪ੍ਰੋਕਤ ਵਿਚਾਰਾਂ ਨੂੰ ਜੇ ਇਤਿਹਾਸਕ ਤੱਥਾਂ ਨਾਲ ਮੇਲ ਕੇ ਵੇਖੀਏ ਤਾਂ ਇਹ ਸੌ ਪ੍ਰਤੀਸ਼ਤ ਠੀਕ ਨਜ਼ਰ ਆਉਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਜਿਸ 'ਨਿਰਮਲ ਪੰਥ' ਦੀ ਨੀਂਹ ਰੱਖੀ ਸੀ, ਉਸਨੂੰ ਹੋਰ ਮਜ਼ਬੂਤ ਬਣਾਉਣ ਲਈ, ਉਨ੍ਹਾਂ ਤੋਂ ਮਗਰਲੇ ਸਭ ਗੁਰੂ ਸਾਹਿਬਾਨ ਵਿਸ਼ੇਸ਼ ਤੌਰ ਤੇ ਯਤਨਸ਼ੀਲ ਰਹੇ ਹਨ। ਗੁਰੂ ਅੰਗਦ ਸਾਹਿਬ ਨੇ ਲੰਗਰ ਦੀ ਮਰਯਾਦਾ ਨੂੰ ਹੋਰ ਮਜ਼ਬੂਤ ਕੀਤਾ। ਆਪ ਨੇ ਪੰਜਾਬੀ ਬੋਲੀ ਦਾ ਪਰਚਾਰ ਕੀਤਾ; ਗੁਰਮੁਖੀ ਲਿਪੀ ਦੀ ਸੁਧਾਈ ਕੀਤੀ ਅਤੇ ਬੱਚਿਆਂ ਲਈ ਕਾਇਦੇ ਲਿਖਵਾਏ। ਸਿੱਖਾਂ ਨੂੰ ਜਿਸਮਾਨੀ ਤੌਰ ਤੇ ਤੰਦਰੁਸਤ ਅਤੇ ਬਲਵਾਨ ਬਣਾਉਣ ਲਈ ਮੱਲ-ਅਖਾੜੇ ਕਾਇਮ ਕੀਤੇ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮਤਿ ਦੇ ਪਰਚਾਰ ਲਈ ਸਾਰੇ ਦੇਸ਼ ਵਿਚ 'ਮੰਜੀਆਂ' ਅਤੇ 'ਪੀਹੜੇ' ਸਥਾਪਿਤ ਕੀਤੇ ਜੋ ਪਰਚਾਰ ਦੇ ਕੇਂਦਰ ਸਨ। ਗੁਰੂ ਰਾਮਦਾਸ ਪਾਤਸ਼ਾਹ ਨੇ ਮਸੰਦ-ਪ੍ਰਥਾ ਚਾਲੂ ਕੀਤੀ। ਮਸੰਦਾਂ ਦਾ ਕੰਮ ਵੱਖ ਵੱਖ ਇਲਾਕਿਆਂ ਦੀਆਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜੀ ਰੱਖਣਾ ਸੀ। ਉਹ ਜਿਥੇ ਧਰਮ ਪਰਚਾਰ ਕਰਦੇ ਸਨ ਅਤੇ ਕਾਰ-ਭੇਟਾ ਉਗਰਾਹੁੰਦੇ ਸਨ, ਉਥੇ ਇਲਾਕੇ ਦੀਆਂ ਸੰਗਤਾਂ ਦੀ ਰੀਪੋਰਟ (ਸਿੱਖੀ ਦਾ ਪਰਚਾਰ ਕਿਵੇਂ ਹੋ ਰਿਹਾ ਹੈ, ਕਿੰਨਾ ਵਾਧਾ ਹੋ ਰਿਹਾ ਹੈ, ਕਿਹੜੇ ਕਿਹੜੇ ਗੁਰਸਿੱਖ ਵਿਸੇਸ਼ ਤੌਰ ਤੇ ਕੌਮੀ ਸੇਵਾ ਵਿਚ ਲਗੇ ਹੋਏ ਹਨ-ਆਦਿ ਦਾ ਵੇਰਵਾ) ਗੁਰੂ ਦਰਬਾਰ ਵਿਚ ਪੇਸ਼ ਕਰਦੇ ਸਨ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖਾਂ ਨੂੰ ਜੁਗੋ ਜੁਗ ਅਟੱਲ ਸ਼ਬਦ-ਗੁਰੂ ਦੀ ਦੇਣ ਦਿਤੀ, ਸਿੱਖਾਂ ਨੂੰ ਅਨਮੱਤੀਆਂ ਦੇ ਪ੍ਰਭਾਵਾਂ ਅਤੇ ਕ੍ਰੋਪੀ ਤੋਂ ਬਚਾਉਣ ਲਈ ਸਿੱਖ-ਪ੍ਰਭਾਵੀ ਨਗਰ ਵਸਾਏ, ਕੇਂਦਰੀ ਧਰਮ ਮੰਦਰ 'ਸ੍ਰੀ ਹਰਿਮੰਦਰ ਸਾਹਿਬ' ਦੀ ਉਸਾਰੀ ਕੀਤੀ, ਅੰਮ੍ਰਿਤਸਰ ਨੂੰ ਇਕ ਵਿਉਪਾਰਕ ਨਗਰ ਦੇ ਰੂਪ ਵਿਚ ਵਿਕਸਤ ਕਰਕੇ ਸਿੱਖਾਂ ਦੀ ਆਰਥਕ-ਦਸ਼ਾ ਨੂੰ ਮਜ਼ਬੂਤ ਕੀਤਾ, ਇਸੇ ਮਨੋਰਥ ਲਈ ਹੀ 'ਦਸਵੰਧ' ਦੀ ਪ੍ਰਥਾ ਆਰੰਭ ਕੀਤੀ। ਇਸ ਧਰਮ ਦੇ ਉਚੇ ਸੁਚੇ ਸਿਧਾਂਤਾਂ ਦੀ ਰਖਿਆ ਲਈ ਅਨੇਕਾਂ ਤਸੀਹੇ ਸਹਾਰ ਕੇ ਸ਼ਹੀਦੀ ਦੇ ਦਿਤੀ। ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਤਲਵਾਰ ਫੜਾਈ, ਭਗਤੀ ਅਤੇ ਸ਼ਕਤੀ ਦਾ ਮੇਲ ਕੀਤਾ। ਆਪ ਨੇ 'ਹਰਿਮੰਦਰ' ਦੇ ਨੇੜੇ 'ਅਕਾਲ-ਤਖਤ' ਦੀ ਰਚਨਾ ਕਰਕੇ ਧਰਮ ਅਤੇ ਰਾਜਨੀਤੀ ਨੂੰ ਅਮਲੀ ਤੌਰ ਤੇ ਆਪਸ ਵਿਚ ਜੋੜ ਦਿਤਾ। ਅਕਾਲ-ਤਖਤ ਉਦੋਂ ਤੋਂ ਲੈ ਕੇ

ਅੱਜ ਤਕ ਸਿੱਖਾਂ ਦੇ ਹਰ ਤਰ੍ਹਾਂ ਦੇ ਮਸਲੇ—ਧਾਰਮਕ, ਸਮਾਜਕ ਤੇ ਰਾਜਨੀਤਕ—ਸੁਲਝਾਂਦਾ ਰਿਹਾ ਹੈ, ਤੇ ਸਿੱਖਾਂ ਨੂੰ ਅਗਵਾਈ ਦਿੰਦਾ ਆ ਰਿਹਾ ਹੈ। ਆਪ ਸਿੱਖੀ ਪਰਚਾਰ ਲਈ ਦੇਸ਼ ਦੇ ਕੁਝ ਭਾਗਾਂ ਵਿਚ ਵੀ ਆ ਗਏ। ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ-ਕ੍ਰਿਸ਼ਨ ਸਾਹਿਬ ਨੇ ਵੀ ਆਪਣੇ ਸਮੇਂ ਗੁਰਮਤਿ ਦੀ ਖ਼ੁਸ਼ਬੋ ਨੂੰ ਫੈਲਾਇਆ। ਨਾਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿੱਖਾਂ ਨੂੰ ਅਣਖ ਨਾਲ ਜੀਉਣ ਅਤੇ ਮਰਨ ਦੀ ਜਾਚ ਸਿਖਾਈ। ਆਪ ਨੇ ਧਾਰਮਕ ਸੁਤੰਤਰਤਾ ਦੀ ਖਾਤਰ ਆਪਣੀ ਕੁਰਬਾਨੀ ਦੇ ਦਿਤੀ। ਇਸ ਤੋਂ ਪਹਿਲਾਂ ਆਪ ਸਿੱਖੀ ਦੇ ਪਰਚਾਰ ਲਈ ਸਾਰੇ ਦੇਸ਼ ਵਿਚ ਘੁੰਮੇ ਸਨ।

ਇੰਝ ਸਤਿਗੁਰਾਂ ਦੇ ਮਹਾਨ ਯਤਨਾਂ ਅਤੇ ਘਾਲਨਾਵਾਂ ਸਦਕਾ ਸਿੱਖ ਇਕ ਮਜ਼ਬੂਤ ਸਮਾਜ ਦੇ ਰੂਪ ਵਿਚ ਸੰਗਠਿਤ ਹੋ ਗਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੩੦ ਮਾਰਚ, ੧੬੯੯ ਨੂੰ, ਵਿਸਾਖੀ ਵਾਲੇ ਦਿਨ, ਉਨ੍ਹਾਂ ਦੀ ਪ੍ਰੀਖਿਆ ਲੈ ਕੇ ਉਨ੍ਹਾਂ ਨੂੰ ਵਿਧੀ-ਪੂਰਵਕ ਇਕ ਕੌਮ ਦਾ ਰੂਪ ਦੇ ਦਿਤਾ। ਇੰਝ ਗੁਰੂ ਨਾਨਕ ਸਾਹਿਬ ਦਾ 'ਨਿਰਮਲ ਪੰਥ' ਹੀ 'ਖਾਲਸਾ ਪੰਥ' ਦੇ ਨਾਮ ਨਾਲ ਜਾਣਿਆ ਜਾਣ ਲਗ ਪਿਆ। ਇਹ ਹੀ ਗੁਰੂ ਨਾਨਕ ਪਾਤਸ਼ਾਹ ਦਾ ਉਦੇਸ਼ ਸੀ।